# ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ

ੴ

SIKHBOOKCLUB



ਭਾਈ ਪਿੰਦਰਪਾਲ ਸਿੰਘ ਜੀ
‘ਕਥਾਵਾਚਕ’
ਦੇ ਚੋਣਵੇਂ ਲੈਕਚਰ

੧ਓ ਸਤਿਗੁਰ ਪ੍ਰਸਾਦਿ ॥

# ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ

ਭਾਈ ਪਿੰਦਰਪਾਲ ਸਿੰਘ ਜੀ 'ਕਥਾਵਾਚਕ'

ਦੇ

SIKHBOOKCLUB.COM

ਚੋਣਵੇਂ ਲੈਕਚਰ

ਸੰਪਾਦਕ–

ਭਾਈ ਪਰਮਜੀਤ ਸਿੰਘ ਖਾਲਸਾ

ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ)

ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

ISBN : 978-93-80323-78-7

ਪਹਿਲੀ ਐਡੀਸ਼ਨ— 2010

ਭੇਟਾ : 100-00

SIKHBOOKCLUB.COM

ਪ੍ਰਕਾਸ਼ਕ:-

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ : 91-183-2542346, 2547974

ਫੈਕਸ : 91-183-5017488

E.Mail : csjssales@hotmail.com

csjspurchase@yahoo.com

csjsexports@vsnl.com

Web site : www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774*

# ਤਤਕਰਾ


| | |
|---|---|
| ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ | 7 |
| ਪਤੀ ਪਤਨੀ ਦੇ ਫ਼ਰਜ਼ | 17 |
| ਇੱਕ ਦਾ ਮਹੱਤਵ | 27 |
| ਖੀਸਾ ਮੇਰਾ ਹੱਥ ਤੇਰਾ | 36 |
| ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ | 53 |
| ਨਿਗੁਣਿਆ ਨੋ ਆਪੇ ਬਖਸਿ ਲਏ | 61 |
| ਮਹਾ ਮਾਰਗੁ ਪੰਥੁ ਬਿਖੜਾ | 71 |
| ਗੁਰ ਅਰਜੁਨ ਗੁਣ ਸਹਜਿ ਬਿਚਾਰੰ | 81 |
| ਸੋ ਕਿਉ ਵਿਸਰੈ ਮੇਰੀ ਮਾਇ | 99 |
| ਸੂਰਬੀਰ ਬਚਨ ਕੇ ਬਲੀ | 109 |


SIKHBOOKCLUB.COM

☆☆☆

☞ ਗਿਆਨੀ ਜੀ ਦੀਆਂ ਛਪੀਆਂ ਹੋਰ ਪੁਸਤਕਾਂ :-

★ਅਰਦਾਸ (ਭਾਗ ਪਹਿਲਾ)
★ਜੰਮਿਆ ਪੂਤੁ ਭਗਤੁ ਗੋਵਿੰਦ ਕਾ
★ਗੁਰਮੁਖਿ ਲਾਹਾ ਲੈ ਗਏ
★ਗੁਰਮੁਖਾ ਕੇ ਮੁਖ ਉਜਲੇ
★ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
★ਸਤਿਗੁਰ ਕੀ ਸੇਵਾ ਊਤਮ ਹੈ
★ਗੁਰੁ ਪਰਮੇਸੁਰੁ ਪੂਜੀਐ
★ਬਿਨੁ ਸਬਦੈ ਮੁਕਤਿ ਨ ਹੋਈ
★ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ
★ਜਿਨ ਕਉ ਮਸਤਕਿ ਲਿਖਿਆ
★ਗੁਨ ਗੋਬਿੰਦ ਗਾਇਓ ਨਹੀ
★ਜੀਵਨ ਕਥਾ ਅਤੇ ਸ਼ਹਾਦਤ ਗੁਰੂ ਤੇਗ ਬਹਾਦਰ ਜੀ
★ਦੇਹੁ ਸਜਣ ਅਸੀਸੜੀਆ (ਕੀਰਤਨ ਸੋਹਿਲਾ)

★ਅਰਦਾਸ (ਭਾਗ ਦੂਜਾ)
★ਮਨਮੁਖ ਦੀ ਬਿਰਤੀ
★ਦਰਸ਼ਨਾ ਦੀ ਜੁਗਤਿ
★ਮਾਣਸੁ ਜਨਮੁ ਅਮੋਲੁ ਹੈ
★ਮਾਇਆ ਮੋਹੁ ਦੁਖੁ ਸਾਗਰੁ ਹੈ
★ਮਹਿਮਾ ਸਾਧੂ ਸੰਗ ਕੀ
★ਕੋਈ ਆਣਿ ਮਿਲਾਵੈ
★ਹਰਿ ਮੰਦਰੁ ਹਰਿ ਸਾਜਿਆ
★ਜਿਥੈ ਬਾਬਾ ਪੈਰੁ ਧਰਿ
★ਨਦਰਿ ਕਰੇ ਸਚੁ ਪਾਈਐ
★ਉਸਤਤਿ ਕਰਿ ਕਰਿ ਜੀਵਾ

SIKHBOOKCLUB.COM

# ਦੋ ਸ਼ਬਦ

ਧੰਨ ਗੁਰੂ ਅਰਜਨ ਸਾਹਿਬ ਨੇ ਫੁਰਮਾਂਦੇ ਹਨ ਕਿ ਮਨ ਨੂੰ ਸੁੱਖ ਦੇਣ ਵਾਲੀ, ਮਨ ਨੂੰ ਸ਼ਾਂਤੀ ਦੇਣ ਵਾਲੀ ਉਹ ਕੀ ਚੀਜ਼ ਹੈ ? ਉਹ ਹੈ ਪਰੀਪੂਰਨ ਪ੍ਰਮਾਤਮਾ ਦਾ ਨਾਮ। ਇਹ ਨਾਮ ਅੰਦਰ ਦਾ ਸੁੱਖ ਹੈ। ਇਸ ਨਾਮ ਦਾ ਟਿਕਾਣਾ ਕਿਸ ਜਗ੍ਹਾ 'ਤੇ ਹੈ ? ਹਰ ਇਨਸਾਨ ਚਾਹੁੰਦਾ ਹੈ ਕਿ ਮੇਰੇ ਕੋਲ ਸੁੱਖ ਹੋਵੇ। ਕੋਈ ਇਨਸਾਨ ਅਜਿਹਾ ਨਹੀਂ ਹੈ ਜਿਸ ਨੇ ਕਦੀ ਪ੍ਰਾਰਥਨਾ ਕੀਤੀ ਹੋਵੇ ਕਿ ਹੇ ਪ੍ਰਮਾਤਮਾ ! ਮੈਨੂੰ ਦੁੱਖ ਮਿਲੇ। ਇਨਸਾਨ ਉਸ ਸੁੱਖ ਦੀ ਭਾਲ ਵਿਚ ਅਨੇਕਾਂ ਤਰ੍ਹਾਂ ਦੇ ਬਾਹਰਮੁੱਖੀ ਯਤਨ ਕਰਦਾ ਹੈ। ਇਨਸਾਨ ਸੋਚਦਾ ਹੈ ਕਿ ਮੇਰੇ ਅੰਦਰ ਨੂੰ ਸੁੱਖ ਮਿਲੇ। ਜਿੰਨੇ ਵੀ ਉਹ ਯਤਨ ਕਰਦਾ ਹੈ, ਉਸ ਦੇ ਵਿਚੋਂ ਸਾਧਨ, ਸਹੂਲਤ ਮਿਲ ਸਕਦੀ ਹੈ, ਪਰ ਗੁਰਮੁਖੋ ! ਸਹੂਲਤਾਂ ਵਿਚੋਂ ਆਤਮਕ ਸੁੱਖ ਨਹੀਂ ਮਿਲ ਸਕਦਾ। ਇਨਸਾਨ ਦੇ ਅੰਦਰ ਦੀ ਲਾਲਸਾ ਹੈ ਕਿ ਅੱਜ ਰੋਜ਼ੀ ਕਰਕੇ ਮੈਂ ਤੰਗ ਹਾਂ। ਧਨ, ਦੌਲਤ ਨਹੀਂ। ਜੇਕਰ ਮੈਂ ਬਹੁਤ ਸਾਰੀ ਦੌਲਤ ਇਕੱਠੀ ਕਰ ਲਵਾਂ ਤਾਂ ਮੇਰੇ ਕੋਲ ਪਰਮ ਸੁੱਖ ਹੋਵੇਗਾ।

SIKHBOOKCLUB.COM

ਸੁਖਮਨੀ ਸਾਹਿਬ ਵਿਚ ਕਿਹੜੀ ਚੀਜ਼ ਹੈ ਜਿਹੜੀ ਨਹੀਂ ਦਿੱਤੀ। ਟਿੱਕ ਕੇ ਪਾਠ ਕਰੋ ਤਾਂ ਸਵਾ ਘੰਟਾ ਲੱਗਦਾ ਹੈ। ਪਿਆਰਿਉ ! ਕਦੀ ਗਿਣਤੀ ਕਰਕੇ ਦੇਖੀਏ ਤਾਂ ਕਿੰਨਾ ਸਮਾਂ ਇਨਸਾਨ 24 ਘੰਟਿਆਂ ਵਿਚ ਵਿਅਰਥ ਗਵਾਉਂਦਾ ਹੈ। ਸਵਾ ਘੰਟਾ ਘੱਟੋ ਘੱਟ ਕੱਢ ਲਵੇ। ਜੇ ਅਸੀਂ ਦੋ ਅਸਟਪਦੀਆਂ ਰੋਜ਼ ਕਰ ਲਈਏ, ਛੇ ਅਸਟਪਦੀਆਂ ਕਰ ਲਈਏ, ਅੱਠ ਅਸਟਪਦੀਆਂ ਕਰ ਲਈਏ, ਘੱਟੋ ਘੱਟ ਗੁਰੂ ਅਰਜਨ ਦੇਵ ਜੀ ਨਾਲ ਰੋਜ਼ ਅਸੀਂ ਨਿਰੰਤਰ ਗੱਲ ਕਰੀਏ ਤਾਂ ਗੁਰਮੁਖੋ ! ਗੁਰੂ ਅਰਜਨ ਦੇਵ ਜੀ ਦੇ ਅੰਦਰ ਦਾ ਪਿਆਰ ਸਾਡੇ ਧੁਰ ਅੰਤਰ ਆਤਮੇ ਜ਼ਰੂਰ ਵੱਸੇਗਾ।

ਮੈਂ ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਭਾਈ ਪਿੰਦਰਪਾਲ ਸਿੰਘ ਆਪਣੀ ਨਿਜੀ ਰਫਤਾਰ ਉੱਪਰ ਆਪਣਾ ਲੈਕਚਰ ਬੋਲਦੇ ਹਨ, ਇਸ ਲਈ ਉਨ੍ਹਾਂ ਦੀ ਆਵਾਜ਼ ਨੂੰ ਕਲਮਬੰਦ ਕਰਨ ਲਈ ਕਈ ਪ੍ਰਕਾਰ ਦੀਆਂ ਕਠਿਨਾਈਆਂ ਪੇਸ਼ ਆਉਂਦੀਆਂ ਹਨ। ਹੋ ਸਕਦਾ ਹੈ ਮੇਰੇ ਪਾਸੋਂ ਕਈ ਲਗਾਂ ਮਾਤਰਾਂ ਰਹਿ ਗਈਆਂ ਹੋਣ, ਅਜਿਹੀ ਮੇਰੀ ਕਮਜ਼ੋਰੀ ਨੂੰ ਪਾਠਕ ਜਨ ਆਪ ਸੁਧਾਰਨ ਦੀ ਕੋਸ਼ਿਸ਼ ਕਰਨ। ਮੇਰੇ ਇਸ ਖਰੜੇ ਨੂੰ ਵਿਦਵਾਨ ਕਥਾਕਾਰ ਭਾਈ ਪਿੰਦਰਪਾਲ ਸਿੰਘ ਜੀ ਨੇ ਆਪ ਵੀ ਪੜ੍ਹਿਆ ਹੈ। ਇਸ ਲਈ ਮੈਨੂੰ ਉਮੀਦ ਹੈ ਕਿ ਮੇਰੀਆਂ ਤਰੁੱਟੀਆਂ ਨੂੰ ਉਨ੍ਹਾਂ ਦੂਰ ਕਰ ਦਿੱਤਾ ਹੋਵੇਗਾ।

—ਭਾਈ ਪਰਮਜੀਤ ਸਿੰਘ ਖਾਲਸਾ

# ਆਮੁਖ

ਭਾਈ ਪਰਮਜੀਤ ਸਿੰਘ ਖਾਲਸਾ ਨੇ ਮੇਰੇ ਕੁਝ ਲੈਕਚਰਾਂ ਨੂੰ ਟੇਪਾਂ ਤੋਂ ਕਲਮਬੰਦ ਕੀਤਾ ਹੈ, ਇਸ ਲਈ ਮੈਂ ਉਨ੍ਹਾਂ ਦਾ ਬਹੁਤ ਅਭਾਰੀ ਹਾਂ। ਇਕ ਟੇਪ ਤੋਂ ਲੈਕਚਰ ਜਿਉਂ ਦਾ ਤਿਉਂ ਲਿਖ ਲੈਣਾ ਕੋਈ ਸੌਖੀ ਗੱਲ ਨਹੀਂ ਹੈ, ਪਰ ਮੈਂ ਉਨ੍ਹਾਂ ਦੇ ਖਰੜੇ ਨੂੰ ਪੜ੍ਹ ਕੇ ਵੇਖਿਆ ਹੈ ਕਿ ਉਹ ਇਸ ਕਾਰਜ ਵਿਚ ਪੂਰੇ ਸਫਲ ਰਹੇ ਹਨ। ਇਸ ਵਿਚ ਸਭ ਤੋਂ ਵੱਡਾ ਤੱਥ ਇਹ ਹੈ ਕਿ ਭਾਈ ਪਰਮਜੀਤ ਸਿੰਘ ਖਾਲਸਾ ਆਪ ਵੀ ਗੁਰਬਾਣੀ ਦੇ ਰੰਗ ਵਿਚ ਰੰਗੇ ਹੋਏ ਹਨ। ਇਸ ਲਈ ਮੇਰੇ ਲੈਕਚਰਾਂ ਨੂੰ ਕਲਮਬੰਦ ਕਰਨ ਵਿਚ ਉਨ੍ਹਾਂ ਨੂੰ ਬਹੁਤੀ ਕਠਿਨਾਈ ਨਹੀਂ ਆਈ ਹੋਵੇਗੀ। ਮੈਂ ਉਨ੍ਹਾਂ ਦੇ ਖਰੜੇ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ ਤੇ ਉਸ ਵਿਚੋਂ ਬਹੁਤ ਘੱਟ ਗ਼ਲਤੀਆਂ ਮਿਲੀਆਂ ਹਨ। ਜਿਹੜਾ ਮਨੁੱਖ ਵੀ ਤਨੋਂ ਮਨੋਂ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਜਾਂਦਾ ਹੈ, ਉਸ ਦੇ ਅੰਦਰ ਦੀ ਹਉਮੈ ਦੂਰ ਹੋ ਜਾਂਦੀ ਹੈ ਤੇ ਉਹ ਗੁਰਬਾਣੀ ਦੇ ਰੰਗ ਵਿਚ ਰੰਗਿਆ ਅਭੁੱਲ ਹੁੰਦਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਦੇ ਵਿਚ ਜਿੱਥੇ ਜਗਿਆਸੂ ਆਪਣੇ ਗੁਰੂ ਤੋਂ ਬਾਰ-ਬਾਰ ਕੁਰਬਾਨ ਜਾਂਦਾ ਹੈ, ਓਥੇ ਸਤਿਗੁਰੂ ਆਪਣੇ ਸਿੱਖ ਤੋਂ ਬਾਰ-ਬਾਰ ਬਲਿਹਾਰਨੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹਜ਼ੂਰ ਗੁਰੂ ਅਰਜਨ ਦੇਵ ਜੀ ਦਾ ਇਕ ਅੰਮ੍ਰਿਤ ਬਚਨ ਹੈ ਕਿ ਆਮ ਤੌਰ ਤੇ ਅਸੀਂ ਰੂਹਾਨੀਅਤ ਦੇ ਮਾਰਗ ਤੇ ਚੱਲਣ ਵਾਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਮਤਿ ਵਿਚੋਂ ਚਾਰ-ਪੰਜ ਸ਼ਬਦਾਂ ਨਾਲ ਸੰਬੋਧਨ ਕਰਦੇ ਹਾਂ। ਕਿਸੇ ਲਈ ਇਹ ਸ਼ਬਦ ਵਰਤਦੇ ਹਾਂ ਕਿ ਇਹ ਮਹਾਨ ਸੰਤ ਹੈ। ਕਿਸੇ ਲਈ ਸ਼ਬਦ ਵਰਤਦੇ ਹਾਂ ਕਿ ਇਹ ਅਸਲ ਵਿਚ ਰੱਬ ਦਾ ਪਿਆਰਾ ਭਗਤ ਹੈ। ਕਿਸੇ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਬਦ ਪੜ੍ਹਦੇ ਹਾਂ ਕਿ ਇਹ ਪੂਰਨ ਸਾਧ ਹੈ। ਕਿਸੇ ਲਈ ਪੜ੍ਹਦੇ ਹਾਂ ਕਿ ਇਹ ਤਾਂ ਗੁਰਮੁਖ ਹੈ। ਪੰਜਵਾਂ ਸ਼ਬਦ ਅਸੀਂ ਪੜ੍ਹਦੇ ਹਾਂ ਕਿ ਇਹ ਇਕ ਮਹਾਨ ਗੁਰੂ ਦਾ ਸਿੱਖ ਹੈ। ਭਾਈ ਪਰਮਜੀਤ ਸਿੰਘ ਖਾਲਸਾ ਜੀ ਜਿਨ੍ਹਾਂ ਨੇ ਏਨੀ ਲਗਨ ਅਤੇ ਪਿਆਰ ਨਾਲ ਮੇਰੇ ਲੈਕਚਰਾਂ ਨੂੰ ਕਲਮਬੰਦ ਕੀਤਾ ਹੈ, ਉਨ੍ਹਾਂ ਵਾਸਤੇ ਵੀ ਮੇਰਾ ਇਕੋ ਇਕ ਸ਼ਬਦ ਹੈ ਕਿ ਭਾਈ ਪਰਮਜੀਤ ਸਿੰਘ ਜੀ ਖਾਲਸਾ ਇਕ ਮਹਾਨ ਗੁਰੂ ਦਾ ਸਿੱਖ ਹੈ।

— ਭਾਈ ਪਿੰਦਰਪਾਲ ਸਿੰਘ

# ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਅਰਜਨ ਦੇਵ ਜੀ ਮਹਾਰਾਜ ਗੁਣੀ ਨਿਧਾਨ ਸਤਿਗੁਰੂ ਹਜ਼ੂਰ ਦੇ ਜਿੰਨੇ ਵੀ ਗੁਣਾਂ ਨੂੰ ਅਸੀਂ ਬਿਆਨ ਕਰਨ ਦਾ ਯਤਨ ਕਰੀਏ, ਤਾਂ ਹੋ ਸਕਦਾ ਹੈ ਕਿ ਅਸੀਂ ਮੁਕੰਮਲ ਤੌਰ 'ਤੇ ਗੁਰੂ ਸਾਹਿਬ ਦੇ ਗੁਣ ਬਿਆਨ ਨਾ ਕਰ ਸਕੀਏ। ਭੱਟ ਸਾਹਿਬਾਨ ਜੀ ਨੇ ਧੰਨ ਗੁਰੂ ਅਰਜਨ ਦੇਵ ਜੀ ਦੇ ਆਪਣੇ ਨੇਤਰਾਂ ਨਾਲ ਦਰਸ਼ਨ ਕੀਤੇ ਹਨ। ਪੰਚਮ ਗੁਰਦੇਵ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਉਹਨਾਂ ਬਾਣੀ ਸੁਣੀ ਹੈ ਤੇ ਜੋ ਕੁਝ ਉਹਨਾਂ ਨੇ ਅਨੁਭਵ ਕੀਤਾ ਹੈ ਜਾਂ ਉਹਨਾਂ ਦੇ ਅੰਦਰ ਹਜ਼ੂਰ ਦੀ ਕ੍ਰਿਪਾ ਵਰਤੀ ਹੈ, ਭੱਟ ਸਾਹਿਬਾਨ ਜੀ ਨੇ ਆਪਣੀ ਰਸਨਾ ਤੋਂ ਧੰਨ ਗੁਰੂ ਅਰਜਨ ਦੇਵ ਜੀ ਦੀ ਸਿਫ਼ਤ ਵਿਚ ਸਵੱਯੇ ਉਚਾਰਨ ਕੀਤੇ।

ਉਹਨਾਂ ਦੀ ਰਸਨਾ ਤੋਂ ਇਕ ਬਚਨ ਹੈ ਕਿ ਧੰਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਦੀ ਰਸਨਾ ਤੋਂ ਸ਼ਬਦ ਦਾ ਪ੍ਰਕਾਸ਼ ਹੋਇਆ। ਭੱਟ ਸਾਹਿਬਾਨ ਜੀ ਬਚਨ ਕਰਦੇ ਹਨ–

*ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ॥*

(ਅੰਗ ੧੪੦੭)

ਗੁਰੂ ਅਰਜਨ ਦੇਵ ਜੀ ਦੇ ਅੰਤਰ-ਆਤਮੇ ਗੁਰੂ ਦੇ ਸ਼ਬਦ ਦਾ ਪ੍ਰਕਾਸ਼ ਹੋਇਆ। ਬਾਣੀ ਉਹਨਾਂ ਦੇ ਹਿਰਦੇ ਰਾਹੀਂ ਪ੍ਰਗਟ ਹੋਈ ਤੇ ਆਪਣੀ ਰਸਨਾ ਉੱਤੇ ਉਹਨਾਂ ਨੇ ਪ੍ਰਮਾਤਮਾ ਦੇ ਨਾਮ ਨੂੰ ਟਿਕਾਅ ਲਿਆ।

ਜਿਸ ਰਸਨਾ 'ਤੇ ਪ੍ਰਮਾਤਮਾ ਦਾ ਨਾਮ ਟਿੱਕਿਆ ਹੈ, ਜਿਸ ਹਿਰਦੇ ਵਿਚ ਪ੍ਰਮਾਤਮਾ ਦੇ ਸ਼ਬਦ ਦਾ ਪ੍ਰਕਾਸ਼ ਹੈ, ਉਸ ਦੇ ਤਨ ਨੂੰ ਜਿੰਨਾ ਮਰਜ਼ੀ ਵਕਤ ਦੀ ਹਕੂਮਤ ਦੁੱਖ ਦੇਵੇ, ਪਰ ਗੁਰੂ ਅਰਜਨ ਦੇਵ ਜੀ ਦੇ ਅੰਤਰ ਆਤਮੇ ਨੂੰ ਕੋਈ ਵੀ ਡੁਲਾ ਨਹੀਂ ਸਕਿਆ। ਧੰਨ ਗੁਰੂ ਅਰਜਨ ਦੇਵ ਜੀ ਨੇ ਜੋ ਕੁਝ ਆਪਣੀ ਰਸਨਾ ਤੋਂ ਕਿਹਾ, ਉਹ ਕੇਵਲ ਕਹਿਣ ਮਾਤਰ ਹੀ ਨਹੀਂ ਸੀ, ਹਜ਼ੂਰ ਨੇ ਆਪਣੇ ਜੀਵਨ ਵਿਚ ਉਸ ਨੂੰ ਕਮਾ ਕੇ ਵੀ ਸਾਡੇ ਸਾਹਮਣੇ ਰੱਖਿਆ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ 30 ਰਾਗਾਂ ਵਿਚ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਜੀ ਦੀ ਅੰਮ੍ਰਿਤ ਬਾਣੀ, ਅੰਮ੍ਰਿਤ ਬੋਲ, ਅੰਮ੍ਰਿਤ ਬਚਨ ਦਰਜ ਕੀਤੇ ਗਏ। ਹਜ਼ੂਰ ਦੀ ਅੰਮ੍ਰਿਤ ਬਾਣੀ ਜਿਸ ਨੂੰ ਅਸੀਂ ਸੁਖਮਨੀ ਸਾਹਿਬ ਕਹਿੰਦੇ ਹਾਂ, ਮੈਂ ਇਸ ਦੀ ਵਿਚਾਰ ਆਪ ਜੀ ਨਾਲ ਕਰਨੀ ਹੈ। ਇਸ ਬਾਣੀ ਦੇ 24 ਸਲੋਕ ਹਨ, 24 ਅਸਟਪਦੀਆਂ ਹਨ ਤੇ ਦੋ ਰਹਾਉ ਦੀਆਂ ਤੁਕਾਂ ਹਨ। ਹਰ ਇਕ ਅਸਟਪਦੀ ਦੇ ਅੰਦਰ 8-8 ਪਦੇ ਹਨ। ਇਕ-ਇਕ ਪਦੇ ਦੇ ਵਿਚ 10-10 ਤੁੱਕਾਂ ਗੁਰੂ ਅਰਜਨ ਦੇਵ ਜੀ ਨੇ ਅੰਕਿਤ ਕੀਤੀਆਂ। ਉਹ ਪਵਿੱਤਰ ਬਚਨ ਹਨ-

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥*
*ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥*

(ਸੁਖਮਨੀ ਸਾਹਿਬ)

ਅਰਥ ਹੈ ਕਿ ਮਨ ਨੂੰ ਸੁੱਖ ਦੇਣ ਵਾਲੀ, ਮਨ ਨੂੰ ਸ਼ਾਂਤੀ ਦੇਣ ਵਾਲੀ ਉਹ ਕੀ ਚੀਜ਼ ਹੈ ? ਉਹ ਹੈ ਪਰੀਪੂਰਨ ਪ੍ਰਮਾਤਮਾ ਦਾ ਨਾਮ। ਇਹ ਨਾਮ ਅੰਦਰ ਦਾ ਸੁੱਖ ਹੈ। ਇਸ ਨਾਮ ਦਾ ਟਿਕਾਣਾ ਕਿਸ ਜਗ੍ਹਾ 'ਤੇ ਹੈ ? ਧੰਨ ਗੁਰੂ ਅਰਜਨ ਸਾਹਿਬ ਨੇ ਫੁਰਮਾਇਆ-

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥*
*ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥*

SIKHBOOKCLUB.COM

ਹਰ ਇਨਸਾਨ ਚਾਹੁੰਦਾ ਹੈ ਕਿ ਮੇਰੇ ਕੋਲ ਸੁੱਖ ਹੋਵੇ। ਕੋਈ ਇਨਸਾਨ ਅਜਿਹਾ ਨਹੀਂ ਹੈ ਜਿਸ ਨੇ ਕਦੀ ਪ੍ਰਾਰਥਨਾ ਕੀਤੀ ਹੋਵੇ ਕਿ ਹੇ ਪ੍ਰਮਾਤਮਾ ! ਮੈਨੂੰ ਦੁੱਖ ਮਿਲੇ। ਇਨਸਾਨ ਉਸ ਸੁੱਖ ਦੀ ਭਾਲ ਵਿਚ ਅਨੇਕਾਂ ਤਰ੍ਹਾਂ ਦੇ ਬਾਹਰਮੁੱਖੀ ਯਤਨ ਕਰਦਾ ਹੈ। ਇਨਸਾਨ ਸੋਚਦਾ ਹੈ ਕਿ ਮੇਰੇ ਅੰਦਰ ਨੂੰ ਸੁੱਖ ਮਿਲੇ। ਜਿੰਨੇ ਵੀ ਉਹ ਯਤਨ ਕਰਦਾ ਹੈ, ਉਸ ਦੇ ਵਿਚੋਂ ਸਾਧਨ, ਸਹੂਲਤ ਮਿਲ ਸਕਦੀ ਹੈ, ਪਰ ਗੁਰਮੁਖੋ ! ਸਹੂਲਤਾਂ ਵਿਚੋਂ ਆਤਮਕ ਸੁੱਖ ਨਹੀਂ ਮਿਲ ਸਕਦਾ। ਇਨਸਾਨ ਦੇ ਅੰਦਰ ਦੀ ਲਾਲਸਾ ਹੈ ਕਿ ਅੱਜ ਰੋਜ਼ੀ ਕਰਕੇ ਮੈਂ ਤੰਗ ਹਾਂ। ਧਨ, ਦੌਲਤ ਨਹੀਂ। ਜੇਕਰ ਮੈਂ ਬਹੁਤ ਸਾਰੀ ਦੌਲਤ ਇਕੱਠੀ ਕਰ ਲਵਾਂ ਤਾਂ ਮੇਰੇ ਕੋਲ ਪਰਮ ਸੁੱਖ ਹੋਵੇਗਾ।

ਗੁਰੂ ਅਰਜਨ ਸਾਹਿਬ ਫੁਰਮਾਂਦੇ ਹਨ ਕਿ ਜੇਕਰ ਐ ਇਨਸਾਨ ! ਤੇਰਾ ਇਕ ਨਹੀਂ, ਦੋ ਨਹੀਂ, ਕਿੰਨੇ ਮੁਲਕਾਂ ਵਿਚ ਆਪਣਾ ਕਾਰੋਬਾਰ ਹੋਵੇ। ਤੇਰੇ ਕੋਲ ਧਨ ਦੀ ਇੰਨੀ ਬਹੁਤਾਤ ਹੋਵੇ ਕਿ ਜੋ ਕੁਝ ਤੂੰ ਇਕੱਤਰ ਕੀਤਾ ਹੈ, ਤੈਨੂੰ ਆਪ ਵੀ ਗਿਣਤੀ ਮਿਣਤੀ ਦਾ ਪਤਾ ਨਾ ਹੋਵੇ, ਇੰਨਾ ਧਨ ਤੇਰੇ ਕੋਲ ਹੋਵੇ। ਪਰ ਯਾਦ ਰੱਖੀਂ, ਕਿ ਧਨ ਦੇ ਨਾਲ ਇਮਾਰਤ ਤਾਂ ਚੰਗੀ ਬਣ ਸਕਦੀ ਹੈ, ਪਰ ਧਨ ਦੇ ਨਾਲ ਪ੍ਰਮਾਤਮਾ ਦੇ ਘਰ ਵਿਚ ਥਾਂ ਨਹੀਂ ਬਣ ਸਕੇਗੀ। ਧਨ ਦੇ ਨਾਲ ਤੂੰ ਸੋਹਣਾ ਪਲੰਘ ਖ਼ਰੀਦ ਸਕਦਾ ਹੈਂ, ਪਰ ਧਨ ਦੇ ਨਾਲ ਤੈਨੂੰ ਆਪਣੇ ਅੰਦਰ ਦੀ ਨੀਂਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਧਨ ਦੇ ਨਾਲ ਆਦਮੀ ਕੀਮਤੀ ਚਸ਼ਮੇ ਖ਼ਰੀਦ

ਸਕਦਾ ਹੈ, ਫ਼ਰੇਮ ਵੀ ਸੋਨੇ ਦਾ ਬਣ ਸਕਦਾ ਹੈ, ਪਰ ਧਨ ਦੇ ਨਾਲ ਅੱਖਾਂ ਦੀ ਜੋਤ ਦੀ ਪ੍ਰਾਪਤੀ ਨਹੀਂ ਹੋ ਸਕਦੀ। ਧਨ ਦੇ ਨਾਲ ਇਸ ਚਮੜੀ ਨੂੰ ਢੱਕਣ ਲਈ ਕੀਮਤੀ ਤੋਂ ਕੀਮਤੀ ਬਸਤਰ ਖ਼ਰੀਦਿਆ ਜਾ ਸਕਦਾ ਹੈ, ਪਰ ਧਨ ਦੇ ਨਾਲ ਚਮੜੀ ਦੇ ਅੰਦਰ ਦਾ ਸੁੱਖ ਨਹੀਂ ਮਿਲ ਸਕਦਾ। ਧਨ ਦੇ ਨਾਲ ਅਸੀਂ ਅਧਿਆਤਮਕ ਜੀਵਨ ਨਾਲ ਸੰਬੰਧਿਤ ਕਿਤਾਬ ਖ਼ਰੀਦ ਸਕਦੇ ਹਾਂ, ਪਰ ਓਨੀ ਦੇਰ ਤੱਕ ਗ੍ਰੰਥ ਤੇ ਕਿਤਾਬਾਂ ਖ਼ਰੀਦਣ ਨਾਲ ਸ਼ਾਂਤੀ ਨਹੀਂ ਮਿਲਦੀ, ਜਿੰਨੀ ਦੇਰ ਤੱਕ ਇਨਸਾਨ ਉਹਨਾਂ ਨੂੰ ਆਪਣੀ ਜ਼ਿੰਦਗੀ ਵਿਚ ਕਮਾਉਂਦਾ ਨਹੀਂ।

ਗੁਰੂ ਅਰਜਨ ਸਾਹਿਬ ਜੀ ਨੇ ਬਚਨ ਕੀਤੇ ਕਿ ਬਹੁਤ ਧਨ ਤਾਂ ਇਕੱਠਾ ਹੋ ਗਿਆ ਹੈ ਪਰ ਕੀ ਉਸ ਦੇ ਵਿਚ ਸੁੱਖ ਮਿਲ ਗਿਆ ? ਕੀ ਉਸ ਦੇ ਵਿਚੋਂ ਸ਼ਾਂਤੀ ਮਿਲੀ ? ਕਦੀ ਨਹੀਂ। ਕਈ ਵਾਰੀ ਜਦੋਂ ਇਨਸਾਨ ਕੋਲ ਧਨ ਆਉਂਦਾ ਹੈ ਤੇ ਘਰ ਵਿਚ ਪ੍ਰੇਸ਼ਾਨੀ ਹੋਵੇ, ਪਰਿਵਾਰ ਵਿਚ ਪ੍ਰੇਸ਼ਾਨੀ ਹੋਵੇ, ਅੰਦਰ ਚਿੰਤਾ ਨੇ ਖਾਧਾ ਹੋਵੇ ਤਾਂ ਇਨਸਾਨ ਚਾਹੁੰਦਾ ਹੈ ਕਿ ਕੁਝ ਦਿਨ ਮੈਂ ਆਪਣੇ ਪਰਿਵਾਰ ਤੋਂ, ਆਪਣੇ ਘਰ ਤੋਂ ਥੋੜ੍ਹਾ ਜਿਹਾ ਦੂਰ ਚਲਾ ਜਾਵਾਂ ਤਾਂ ਸ਼ਾਇਦ ਘਰ ਦੀ ਦੂਰੀ ਦੇ ਨਾਲ ਮੇਰੇ ਅੰਦਰ ਨੂੰ ਸੁੱਖ ਮਿਲ ਸਕੇ। ਧੰਨ ਗੁਰੂ ਅਰਜਨ ਸਾਹਿਬ ਨੇ ਫ਼ੁਰਮਾਇਆ ਹੈ ਕਿ ਆਪਣੇ ਘਰ ਨੂੰ ਤਿਆਗ ਕੇ ਇਕ ਇਨਸਾਨ ਭਾਵੇਂ ਕਿਸੇ ਵੀ ਪ੍ਰਦੇਸ਼ ਵਿਚ ਚਲਾ ਜਾਵੇ ਅਤੇ ਉਸ ਪ੍ਰਦੇਸ਼ ਵਿਚ ਜਾ ਕੇ ਸੋਚੇ ਕਿ ਮੇਰੇ ਅੰਦਰ ਦਾ ਸਕੂਨ ਮੈਨੂੰ ਮਿਲੇਗਾ ਤਾਂ ਪਿਆਰਿਓ ! ਪਰਿਵਾਰ ਛੱਡਿਆ ਜਾ ਸਕਦਾ ਹੈ, ਸਮਾਜ ਛੱਡਿਆ ਜਾ ਸਕਦਾ ਹੈ ਪਰ ਜਿਹੜਾ ਅੰਦਰ ਚਿੰਤਾ ਤੇ ਦੁੱਖ ਦਾ ਬੀਜ ਹੈ, ਉਹ ਸੱਤ ਸਮੁੰਦਰ ਪਾਰ ਜਾ ਕੇ ਵੀ ਇਨਸਾਨ ਨੂੰ ਟਿੱਕਣ ਨਹੀਂ ਦਿੰਦਾ। ਫਿਰ ਕਈ ਵਾਰੀ ਇਨਸਾਨ ਕੀ ਕਰਦਾ ਹੈ ਕਿ ਧਨ ਵਿਚੋਂ ਸੁੱਖ ਨਾ ਮਿਲੇ, ਪ੍ਰਦੇਸ਼ ਵਿਚੋਂ ਸੁੱਖ ਨਾ ਮਿਲੇ ਤਾਂ ਆਪਣੇ ਮਨ ਨੂੰ ਦੂਜੇ ਪਾਸੇ ਲਾਉਣ ਦਾ ਯਤਨ ਕਰਦਾ ਹੈ।

ਅੱਜ ਕੱਲ ਇਨਸਾਨ ਕੋਲ ਆਪਣੇ ਮਨ ਨੂੰ ਬਹਿਲਾਉਣ ਦੇ ਅਨੇਕਾਂ ਸਾਧਨ ਹਨ। ਕੋਈ ਟੀ.ਵੀ. ਦੇਖ ਰਿਹਾ ਹੈ, ਕੋਈ ਹੋਰ ਚੀਜ਼ ਦੇਖ ਰਿਹਾ ਹੈ। ਚਾਹੁੰਦਾ ਸਿਰਫ਼ ਇਹ ਹੈ ਕਿ ਜਿਹੜੀ ਇਹ ਚਿੰਤਾ ਹੈ, ਕਿਸੇ ਤਰੀਕੇ ਨਾਲ ਮੇਰੇ ਮਨ ਵਿਚੋਂ ਭੁੱਲ ਜਾਏ। ਧੰਨ ਗੁਰੂ ਅਰਜਨ ਸਾਹਿਬ ਨੇ ਕਿਹਾ ਹੈ, ਭਾਈ !–

*ਸੁਖੁ ਨਾਹੀ ਬਹੁਤੈ ਧਨਿ ਖਾਟੇ॥*

ਬਹੁਤ ਸਾਰਾ ਧਨ ਖੱਟ ਲਈਏ ਤਾਂ ਕੀ ਇਨਸਾਨ ਦਾ ਅੰਦਰ ਸੁੱਖੀ ਹੋ ਸਕਦਾ ਹੈ ?–

*ਸੁਖੁ ਨਾਹੀ ਪੇਖੇ ਨਿਰਤਿ ਨਾਟੇ॥*

ਜੇਕਰ ਇਨਸਾਨ ਨਾਟਕ-ਚੇਟਕ ਮਨੋਰੰਜਨ ਦੇ ਸਾਧਨ ਨੂੰ ਦੇਖੀ ਜਾਏ ਤਾਂ ਕੀ ਇਨਸਾਨ ਉਸ ਦੇ ਵਿਚ ਸੁੱਖੀ ਹੈ ?–

*ਸੁਖੁ ਨਾਹੀ ਬਹੁ ਦੇਸ ਕਮਾਏ॥*

(ਅੰਗ ੧੧੪੭)

ਗੁਰੂ ਅਰਜਨ ਦੇਵ ਜੀ ! ਆਪ ਤੱਤੀ ਤਵੀ 'ਤੇ ਬੈਠ ਕੇ ਵੀ ਸੁੱਖੀ ਹੋ, ਪਰ ਸਾਡੇ ਕੋਲ ਸਭ ਕੁਝ ਪ੍ਰਾਪਤ ਹੈ, ਤਾਂ ਵੀ ਅਸੀਂ ਅੰਦਰੋਂ ਦੁੱਖੀ ਹਾਂ। ਉਹ ਸੁੱਖ ਕਿਥੋਂ ਮਿਲਿਆ ?-

*ਸਰਬ ਸੁਖਾ ਹਰਿ ਹਰਿ ਗੁਣ ਗਾਏ॥ ੧॥*
*ਸੂਖ ਸਹਜ ਆਨੰਦ ਲਹਹੁ॥*
*ਸਾਧਸੰਗਤਿ ਪਾਈਐ ਵਡਭਾਗੀ*
*ਗੁਰਮੁਖਿ ਹਰਿ ਹਰਿ ਨਾਮੁ ਕਹਹੁ॥ ੧॥ ਰਹਾਉ॥*

(ਅੰਗ ੧੧੮੭)

ਜੇਕਰ ਹਰੀ ਪ੍ਰਭੂ ਨੂੰ ਪੁਕਾਰੇਂਗਾ ਤਾਂ ਤੇਰੇ ਅੰਦਰ ਨੂੰ ਸੁੱਖ ਮਿਲੇਗਾ।

ਇਨਸਾਨ ਦੇ ਅੰਦਰ ਤਿੰਨ ਤਰ੍ਹਾਂ ਦੀ ਭੁੱਖ ਬੜੀ ਪ੍ਰਬਲ ਹੈ। ਇਨਸਾਨ ਦੇ ਅੰਦਰ ਦੀ ਪਹਿਲੀ ਇੱਛਾ ਹੈ ਕਿ ਇਸ ਸੰਸਾਰ ਨੂੰ ਕਦੀ ਨਾ ਛੱਡਾਂ। ਮੈਨੂੰ ਮੌਤ ਨਾ ਆਵੇ। ਵੱਧ ਤੋਂ ਵੱਧ ਮੈਨੂੰ ਸੁਆਸ ਮਿਲਣ। ਜ਼ਿੰਦਗੀ ਦੇ ਨਾਲ ਇਨਸਾਨ ਦੀ ਦੂਜੀ ਭੁੱਖ ਇਹ ਹੈ ਕਿ ਇਸ ਸੰਸਾਰ ਵਿਚ ਜਿਉਂਦਿਆਂ ਹੋਇਆਂ ਮੇਰੇ ਕੋਲ ਪਦਵੀ, ਮੇਰੇ ਕੋਲ ਐਸ਼ਵਰਜ ਹੋਵੇ ਤੇ ਲੋਕ ਮੇਰੀ ਸਿਫ਼ਤ ਕਰਨ। ਹਰ ਬੰਦੇ ਦਾ ਆਪੋ ਆਪਣਾ ਦਾਇਰਾ ਹੈ ਤੇ ਹਰ ਦਾਇਰੇ ਵਿਚ ਰਹਿਣ ਵਾਲਾ ਬੰਦਾ ਇਸ ਭੁੱਖ ਨੂੰ ਲੈ ਕੇ ਤੁਰਿਆ ਹੈ ਕਿ ਜਿਹੜੇ ਚੌਗਿਰਦੇ ਦੇ ਲੋਕ ਹਨ, ਜੇਕਰ ਪੰਜ-ਛੇ ਸੱਜਣ ਵੀ ਨੇੜੇ ਹਨ ਤਾਂ ਇਹਨਾਂ ਵਿਚੋਂ ਘੱਟੋ ਘੱਟ ਤਿੰਨ-ਚਾਰ ਤਾਂ ਮੇਰੀ ਸਿਫ਼ਤ ਜ਼ਰੂਰ ਕਰਨ। ਮਹਾਰਾਜ ਕਹਿੰਦੇ ਹਨ ਕਿ ਆਪਣੀ ਸਿਫ਼ਤ, ਉਮਰ ਦੀ ਬਹੁਤਾਤ ਤੇ ਤੀਸਰਾ ਮੇਰੇ ਕੋਲ ਸੁੱਖ ਹੋਵੇ। ਕੀ ਇਨਸਾਨ ਨੂੰ ਜੇ ਇਹ ਤਿੰਨ ਵਸਤੂਆਂ ਦੀ ਪ੍ਰਾਪਤੀ ਹੋ ਜਾਏ, ਇਸ ਦੀਆਂ ਮਨ ਦੀਆਂ ਇੱਛਾਵਾਂ ਪੂਰੀਆਂ ਹੋ ਵੀ ਜਾਣ ਤਾਂ ਕੀ ਇਸ ਦੇ ਪੂਰੇ ਹੋਣ ਨਾਲ ਇਸ ਨੂੰ ਸਕੂਨ ਮਿਲ ਸਕਦਾ ਹੈ ? ਨਹੀਂ।

ਧੰਨ ਗੁਰੂ ਅਰਜਨ ਦੇਵ ਜੀ ਦੇ ਬਚਨ ਦੀ ਵਿਆਖਿਆ ਨਾਲ ਗੁਰੂ ਨਾਨਕ ਸਾਹਿਬ ਜੀ ਦੀ ਇਹ ਪਉੜੀ ਹੈ। ਅੱਜ ਇਨਸਾਨ ਦੇ ਸੁਆਸ ਦਾ ਕੋਈ ਭਰੋਸਾ ਨਹੀਂ। ਜਿਹੜਾ ਸੁਆਸ ਬਾਹਰ ਆਇਆ ਹੈ, ਪਤਾ ਨਹੀਂ ਇਸ ਨੇ ਵਾਪਿਸ ਸਰੀਰ ਵਿਚ ਜਾਣਾ ਹੈ ਕਿ ਨਹੀਂ। ਸਭ ਤੋਂ ਵੱਧ ਇਨਸਾਨ ਦੇ ਸਰੀਰ ਵਿਚ ਇਸ ਦੇ ਸੁਆਸ ਸ਼ੱਕੀ ਹਨ। ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਅੰਦਰ ਦਾ ਸੁੱਖ, ਅੰਦਰ ਦੀ ਸ਼ਾਂਤੀ, ਅੰਦਰ ਦਾ ਟਿਕਾਅ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਨਾਮ ਵਿਚ ਹੀ ਹੈ। ਕਿਉਂਕਿ ਪ੍ਰਮਾਤਮਾ ਆਪ ਸੁੱਖ ਨਿਧਾਨ ਹਨ ਅਤੇ ਜਦੋਂ ਸੁੱਖਾਂ ਦਾ ਕੋਈ ਚਿੰਤਨ ਕਰਦਾ ਹੈ ਤਾਂ ਕੁਦਰਤੀ ਤੌਰ 'ਤੇ ਜਿਸ ਦਾ ਚਿੰਤਨ ਕਰਦਾ ਹੈ, ਉਸ ਦੇ ਸੁੱਖ ਮਨ ਉੱਤੇ ਆਪਣਾ ਪ੍ਰਭਾਵ ਪਾਉਂਦੇ ਹਨ।

ਇਹ ਸਰਬ ਵਿਆਪਕ ਸੱਚਾਈ ਹੈ ਕਿ ਜਿਸ ਚੀਜ਼ ਨੂੰ ਅਸੀਂ ਚੇਤੇ ਕਰਾਂਗੇ, ਉਹ ਭਾਵੇਂ ਸਾਡੇ ਸਰੀਰਕ ਤੌਰ 'ਤੇ ਦੂਰੀ 'ਤੇ ਹੋਵੇਗਾ, ਪਰ ਉਸ ਵਸਤੂ ਦਾ ਗੁਣ ਜਾਂ ਔਗੁਣ ਸਾਡੇ ਅੰਦਰ

ਜ਼ਰੂਰ ਅਸਰ ਕਰੇਗਾ। ਉਦਾਹਰਨ ਦੇ ਤੌਰ 'ਤੇ ਇਕ ਇਨਸਾਨ ਹਜ਼ਾਰਾਂ ਮੀਲ ਦੇ ਫ਼ਾਸਲੇ 'ਤੇ ਬੈਠਾ ਹੈ ਤੇ ਆਪਣੇ ਵਿਰੋਧੀ ਨੂੰ ਚੇਤੇ ਕਰ ਰਿਹਾ ਹੈ। ਇੰਨੀ ਦੂਰ ਬੈਠਾ ਹੋਇਆ ਇਨਸਾਨ ਹਾਲਾਂ ਉਸ ਦੇ ਚਿਹਰੇ ਨੂੰ ਦੇਖ ਨਹੀਂ ਰਿਹਾ, ਸਿਰਫ਼ ਉਸ ਦਾ ਚਿੰਤਨ ਕਰਦਾ ਹੈ ਤੇ ਉਸ ਨੂੰ ਯਾਦ ਕਰਦਿਆਂ ਕਰਦਿਆਂ ਇਨਸਾਨ ਦਾ ਅੰਦਰ ਆਪਣੇ ਆਪ ਕ੍ਰੋਧਿਤ ਹੋਣ ਲੱਗ ਪੈਂਦਾ ਹੈ। ਜਿਸ ਦੇ ਨਾਲ ਈਰਖਾ ਹੈ, ਉਸ ਦੀ ਯਾਦ ਵੀ ਅੰਦਰ ਨੂੰ ਦੁੱਖ ਦਿੰਦੀ ਹੈ।

ਧਨ ਦੀ ਯਾਦ ਲੋਭ ਨੂੰ ਪ੍ਰਬਲ ਕਰ ਰਹੀ ਹੈ। ਪਰਿਵਾਰ ਤੇ ਸੰਤਾਨ ਦੀ ਯਾਦ ਮੋਹ ਨੂੰ ਪ੍ਰਬਲ ਕਰ ਰਹੀ ਹੈ। ਦੁਸ਼ਮਨ ਦੀ ਯਾਦ ਕ੍ਰੋਧ ਨੂੰ ਪ੍ਰਬਲ ਕਰ ਰਹੀ ਹੈ ਤੇ ਜੇ ਇਨਸਾਨ ਪ੍ਰਮਾਤਮਾ ਨੂੰ ਦਿਨ ਰਾਤ ਯਾਦ ਕਰੇਗਾ ਤਾਂ ਪ੍ਰਮਾਤਮਾ ਦੀ ਯਾਦ ਇਸ ਦੇ ਅੰਦਰ ਪ੍ਰਮਾਤਮਾ ਦੇ ਗੁਣ ਕਿਉਂ ਨਹੀਂ ਪ੍ਰਵੇਸ਼ ਕਰਨ ਦੇਵੇਗੀ। ਫ਼ਰਕ ਇੰਨਾ ਹੈ ਕਿ ਜਿੰਨੀ ਇਕਾਗਰਤਾ ਦੇ ਨਾਲ ਤੂੰ ਦੁਸ਼ਮਣ ਨੂੰ ਚੇਤੇ ਕਰਦਾ ਹੈਂ, ਇੰਨੀ ਇਕਾਗਰਤਾ ਦੇ ਨਾਲ ਕਿਤੇ ਸਮਰੱਥ ਗੁਰੂ ਨੂੰ ਚੇਤੇ ਕਰ। ਜਿੰਨੀ ਇਕਾਗਰਤਾ ਦੇ ਨਾਲ ਤੂੰ ਵਾਸ਼ਨਾ ਨੂੰ ਚੇਤੇ ਕਰਦਾ ਹੈਂ, ਇੰਨੀ ਇਕਾਗਰਤਾ ਦੇ ਨਾਲ ਤੂੰ ਪਰੀਪੂਰਨ ਪ੍ਰਮਾਤਮਾ ਦੇ ਨਾਮ ਨੂੰ ਚੇਤੇ ਕਰ ਤਾਂ ਪ੍ਰਮਾਤਮਾ ਦੇ ਗੁਣ ਸੁੱਤੇ ਸਿਧ ਤੇਰੇ ਅੰਦਰ ਪ੍ਰਵੇਸ਼ ਕਰੀ ਜਾਣਗੇ।

ਗੁਰੂ ਅਰਜਨ ਸਾਹਿਬ ਜੀ ਦੀਆਂ ਦੋ ਪਉੜੀਆਂ ਹਨ। ਇਸ ਦੇ ਵਿਚ ਆਪ ਦੇਖੋਗੇ ਕਿ ਇਕ ਵਿਚ ਤਾਂ ਦੁਨੀਆਂ ਦਾ ਹਰ ਸੁੱਖ ਹੈ ਤੇ ਦੂਜੇ ਵਿਚ ਦੁਨੀਆਂ ਦੀ ਅੱਤ ਦੀ ਗ਼ਰੀਬੀ ਹੈ। ਪਰ ਜਿਸ ਕੋਲ ਅੱਤ ਦੀ ਕੰਗਾਲਤਾ ਹੈ, ਉਸ ਨੂੰ ਗੁਰੂ ਧਰਤੀ ਦਾ ਸਮਰਾਟ ਮੰਨ ਰਹੇ ਹਨ ਤੇ ਜਿਸ ਕੋਲ ਦੁਨੀਆਂ ਦਾ ਹਰ ਸੁੱਖ ਹੈ, ਪਰ ਅੰਦਰ ਦਾ ਨਾਮ ਨਹੀਂ, ਉਸ ਨੂੰ ਧੰਨ ਗੁਰੂ ਅਰਜਨ ਦੇਵ ਜੀ ਗੰਦਗੀ ਦਾ ਕੀੜਾ ਮੰਨ ਰਹੇ ਹਨ। ਅੰਮ੍ਰਿਤ ਬਾਣੀ ਵਿਚੋਂ ਇਹ ਬਚਨ ਹੈ।

ਇਹ ਕਿਹਾ ਜਾਂਦਾ ਹੈ ਕਿ ਇਹ ਸ਼ਬਦ ਉਸ ਗੁਰਸਿੱਖ ਨੂੰ ਸੰਬੋਧਨ ਕਰਕੇ ਉਚਾਰਨ ਕੀਤਾ ਹੈ ਜਿਸ ਦੇ ਕੋਲ ਦੁਨੀਆਂ ਦਾ ਕੋਈ ਸੁੱਖ ਨਹੀਂ ਹੈ। ਇਕ ਨਿੱਕੀ ਜਿਹੀ ਝੌਂਪੜੀ ਹੈ। ਉਸ ਦੇ ਤਨ ਦੇ ਕੱਪੜੇ ਕੋਈ ਕੀਮਤੀ ਨਹੀਂ। ਉਸ ਦੇ ਘਰ ਸੁੱਕੀ ਰੋਟੀ ਸੀ। ਉਸ ਕੋਲ ਪਾਉਣ ਲਈ ਕੀਮਤੀ ਗਹਿਣੇ ਨਹੀਂ ਸਨ। ਸਿਰਫ਼ ਉਸ ਦੇ ਕੋਲ ਜੋ ਕੁਝ ਸੀ ਤਾਂ ਕੱਖਾਂ ਦੀ ਕੁੱਲੀ ਵਿਚ ਬੈਠ ਕੇ ਵੀ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਸ਼ਬਦ ਤੇ ਗੁਰੂ ਅਰਜਨ ਦੇਵ ਜੀ ਦਾ ਪਿਆਰ ਸੀ। ਜਿੱਥੇ ਹੁਣ ਤਰਨਤਾਰਨ ਸਾਹਿਬ ਹੈ, ਇਸ ਦੇ ਨਜ਼ਦੀਕ ਇਕ ਪਿੰਡ ਸੀ। ਉਸ ਦਾ ਨਾਮ ਸੀ ਖਾਨਪੁਰ। ਉਥੇ ਉਜਾੜਾ ਨਹੀਂ ਸੀ ਪਿਆ।

ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਸਾਹਿਬ ਦੀ ਧਰਤੀ ਤੋਂ ਇਕ ਸ਼ਾਮ ਚੱਲੇ ਅਤੇ ਇਸ ਪਿੰਡ ਦੇ ਨਜ਼ਦੀਕ ਆਏ। ਸਿਆਲ ਦੇ ਦਿਨ ਸਨ ਤੇ ਥੋੜੀ-ਥੋੜੀ ਬੂੰਦਾ-ਬਾਂਦੀ ਹੋ ਰਹੀ ਹੈ। ਸੱਚੇ ਪਾਤਿਸ਼ਾਹ ਇਕ ਬ੍ਰਿਛ ਦੇ ਥੱਲੇ ਬੈਠ ਗਏ। ਸੰਘਣੇ ਪੱਤੇ ਸਨ ਤੇ ਬੱਦਲਾਂ ਦੀਆਂ ਬੂੰਦਾਂ ਰੁੱਖ ਥੱਲੇ ਬੈਠੇ ਹੋਏ ਜ਼ਮੀਨ ਉੱਪਰ ਨਹੀਂ ਪੈ ਰਹੀਆਂ। ਭਾਈ ਬਿਧੀ ਚੰਦ ਤੇ ਹੋਰ ਗੁਰੂ ਦੇ ਸਿੱਖ ਨਾਲ ਹਨ। ਕਹਿਣ ਲੱਗੇ, ਮਹਾਰਾਜ ! ਇਕ ਕ੍ਰਿਪਾ ਕਰੋ। ਪਿੰਡ ਵਿਚ ਕਿਸੇ ਨੇ ਜੀਅ

ਆਇਆਂ ਨਹੀਂ ਕਿਹਾ, ਕਿਉਂਕਿ ਸਾਰਾ ਪਿੰਡ ਕਬਰਾਂ ਦਾ ਪੁਜਾਰੀ ਸੀ। ਮਹਾਰਾਜ ! ਕੀ ਆਪ ਰਾਤ ਇਥੇ ਰੁੱਖ ਦੇ ਥੱਲੇ ਟਿਕੋਗੇ ? ਹਜ਼ੂਰ ਨੇ ਕਿਹਾ ਕਿ ਜਿਥੇ ਮੇਰਾ ਮਾਲਕ ਰੱਖੇਗਾ, ਉਸ ਦੇ ਰਹਿਣ ਵਿਚ ਹੀ ਸੁੱਖ ਹੈ।

ਇੰਨੀ ਦੇਰ ਨੂੰ ਇਕ ਇਨਸਾਨ ਤੁਰਿਆ ਆ ਰਿਹਾ ਹੈ। ਉਸ ਦੇ ਸਿਰ ਉੱਪਰ ਲੱਕੜਾਂ ਦੀ ਗੱਠ ਹੈ। ਉਸ ਨੇ ਦੇਖਿਆ ਹੈ ਕਿ ਹਨੇਰਾ ਪੈ ਰਿਹਾ ਹੈ, ਸ਼ਾਮ ਦਾ ਸਮਾਂ ਹੈ ਅਤੇ ਦੂਰੋਂ ਦੇਖਦਾ ਹੈ ਕਿ ਦਰੱਖ਼ਤ ਥੱਲੇ ਕੁਝ ਸਰੀਰ ਬੈਠੇ ਹਨ। ਮਨ ਵਿਚ ਆਇਆ ਕਿ ਮਨਾਂ ! ਪਤਾ ਨਹੀਂ ਕੋਈ ਲੋੜਵੰਦ ਹੋਣ, ਰੈਣ-ਬਸੇਰੇ ਲਈ ਆਏ ਹੋਣ। ਨਜ਼ਦੀਕ ਹੋ ਕੇ ਦੇਖ ਤਾਂ ਸਹੀ ਕਿ ਇਹ ਲੋਕ ਕੌਣ ਹਨ। ਨਜ਼ਦੀਕ ਗਿਆ ਤਾਂ ਦੇਖਿਆ ਕਿ ਧੰਨ ਗੁਰੂ ਅਰਜਨ ਸਾਹਿਬ ਬੈਠੇ ਹਨ। ਸਿੱਖ ਕੋਲ ਹਨ। ਲੱਕੜਾਂ ਦੀ ਗੱਠ ਜ਼ਮੀਨ ਉੱਤੇ ਸੁੱਟ ਕੇ ਕਹਿਣ ਲੱਗਾ, ਸੱਚੇ ਪਾਤਿਸ਼ਾਹ ! ਤੁਸੀਂ ਕ੍ਰਿਪਾਲੂ ਦਾਤਾ ਆਪ ਇਥੇ ? ਮਹਾਰਾਜ ਮੁਸਕਰਾ ਪਏ। ਉਸ ਸਿੱਖ ਦਾ ਨਾਮ ਇਤਿਹਾਸ ਨੇ ਦਿੱਤਾ ਹੈ ਭਾਈ ਹੇਮਾ ਜੀ। ਕਹਿਣ ਲੱਗੇ, ਭਾਈ ਹੇਮਾ, ਤੁਸੀਂ ਯਾਦ ਕੀਤਾ ਤੇ ਅਸੀਂ ਦੁਪਹਿਰ ਤੋਂ ਬਾਅਦ ਚੱਲ ਪਏ। ਉਸ ਨੇ ਬੇਨਤੀ ਕੀਤੀ, ਮਹਾਰਾਜ ! ਮੈਂ ਕਈ ਦਿਨਾਂ ਤੋਂ ਅਰਦਾਸਾਂ ਕਰ ਰਿਹਾ ਸੀ ਕਿ ਕ੍ਰਿਪਾ ਕਰੋ ਅਤੇ ਆਪਣੇ ਮੁਬਾਰਕ ਚਰਨ ਮੇਰੀ ਝੌਂਪੜੀ ਵਿਚ ਪਾਉ। ਉਠੋ, ਰਾਤ ਮੇਰੀ ਝੌਂਪੜੀ ਵਿਚ ਬਤੀਤ ਕਰੋ।

ਗੁਰੂ ਅਰਜਨ ਦੇਵ ਜੀ ਸਿੱਖਾਂ ਨੂੰ ਲੈ ਕੇ ਇਸ ਦੀ ਝੌਂਪੜੀ ਵਿਚ ਜਾ ਪਹੁੰਚੇ। ਇਸ ਕੋਲ ਜਿਹੜਾ ਮੰਜਾ ਸੀ, ਉਸ ਉੱਤੇ ਧੰਨ ਗੁਰੂ ਅਰਜਨ ਸਾਹਿਬ ਲਈ ਆਸਣ ਲਾ ਦਿੱਤਾ। ਗੁਰੂ ਅਰਜਨ ਦੇਵ ਜੀ ਤੇ ਸਿੱਖਾਂ ਨੂੰ ਭੋਜਨ ਛਕਾਇਆ। ਸਿੱਖਾਂ ਦਾ ਵਿਸਰਾਮ ਥੱਲੇ ਕਰ ਦਿੱਤਾ। ਹਜ਼ੂਰ ਦਾ ਮੰਜੇ 'ਤੇ ਆਸਣ ਲਾਇਆ।

ਭਾਈ ਵੀਰ ਸਿੰਘ ਲਿਖਦੇ ਹਨ ਕਿ ਦੇਰ ਰਾਤ ਗਈ ਨੂੰ ਭਾਈ ਹੇਮਾ ਉੱਠਿਆ। ਧੰਨ ਗੁਰੂ ਅਰਜਨ ਦੇਵ ਜੀ ਦੇ ਚਰਨ ਫੜ ਕੇ ਸੇਵਾ ਕਰਨ ਲੱਗਾ। ਮਹਾਰਾਜ ਉੱਠ ਕੇ ਬੈਠ ਗਏ। ਇਸ ਨੇ ਆਪਣੇ ਨੇਤਰਾਂ ਨਾਲ ਹਜ਼ੂਰ ਦੇ ਮੁਬਾਰਕ ਚਰਨ ਸ਼ੁਕਰਾਨੇ ਦੇ ਅੱਥਰੂਆਂ ਨਾਲ ਧੋ ਦਿੱਤੇ। ਕਹਿਣ ਲੱਗਾ, ਮਹਾਰਾਜ ! ਤੁਸਾਂ ਕਿੰਨੀ ਕ੍ਰਿਪਾ ਕੀਤੀ ਹੈ। ਇਸ ਪਿੰਡ ਵਿਚ ਮੈਨੂੰ ਕੋਈ ਵੀ ਪਿਆਰ ਨਹੀਂ ਕਰਦਾ, ਕਿਉਂਕਿ ਮੈਂ ਤੁਹਾਡਾ ਸਿੱਖ ਹਾਂ। ਮੇਰੇ ਕੋਲ ਧਨ ਵੀ ਨਹੀਂ, ਮੇਰੇ ਕੋਲ ਬਸਤਰ ਵੀ ਨਹੀਂ। ਕੋਈ ਵੀ ਮੈਨੂੰ ਪਸੰਦ ਨਹੀਂ ਕਰਦਾ। ਧੰਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਅਸੀਂ ਤਾਂ ਤੈਨੂੰ ਪਸੰਦ ਕਰਦੇ ਹਾਂ। ਤੂੰ ਆਵਾਜ਼ ਮਾਰੀ ਤੇ ਅਸੀਂ ਤੇਰੇ ਕੋਲ ਆ ਪਹੁੰਚੇ। ਇਸ ਨੇ ਬੇਨਤੀ ਕੀਤੀ ਕਿ ਮਹਾਰਾਜ ! ਜੇਕਰ ਇੰਨੀ ਕ੍ਰਿਪਾ ਕੀਤੀ ਜੇ ਤਾਂ ਇਸ ਜ਼ਿੰਦਗੀ ਨੂੰ ਸਫਲਾ ਕਰਨ ਲਈ ਵੀ ਦਾਤ ਦੇ ਦਿਉ। ਹਜ਼ੂਰ ਨੇ ਕਿਹਾ, ਗੁਰਸਿੱਖਾ ! ਉਹ ਝੌਂਪੜੀ ਭਾਗਾਂ ਵਾਲੀ ਹੋ ਜਾਂਦੀ ਹੈ, ਜਿਥੇ ਪ੍ਰਮਾਤਮਾ ਦੇ ਗੁਣ ਗਾਏ ਜਾਂਦੇ ਹਨ। ਜਿਸ ਝੌਂਪੜੀ ਵਿਚ ਪ੍ਰਮਾਤਮਾ ਨੂੰ ਕੋਈ ਗਾਉਂਦਾ ਹੈ, ਮਹਿਲਾਂ ਵਾਲੇ ਉਸ ਝੌਂਪੜੀ ਦੀ ਖ਼ਾਕ ਲੈਣ ਲਈ ਝੌਂਪੜੀ ਦੇ ਸਾਹਮਣੇ ਆ ਕੇ ਖੜੇ ਹੋ ਜਾਂਦੇ ਹਨ।

*ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥*
*ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥੧॥ਰਹਾਉ॥*

(ਅੰਗ ੭੪੫)

ਉਹ ਮਹਿਲ ਕਿਸੇ ਕੰਮ ਨਹੀਂ, ਜਿਥੇ ਪ੍ਰਮਾਤਮਾ ਦੀ ਯਾਦ ਨਹੀਂ। ਮਹਾਰਾਜ ਫ਼ੁਰਮਾਉਂਦੇ ਹਨ ਕਿ ਇਹ ਨਾ ਸਮਝੀਂ ਕਿ ਬਾਹਰ ਦੀ ਸਹੂਲਤ ਨਾਲ ਇਨਸਾਨ ਅੰਦਰੋਂ ਵੀ ਸੁੱਖੀ ਹੈ। ਤੇਰੇ ਕੋਲ ਬਸਤਰ ਨਹੀਂ, ਤੇਰੇ ਕੋਲ ਧਨ ਨਹੀਂ, ਤੇਰੇ ਕੋਲ ਭੋਜਨ ਨਹੀਂ, ਪਰ ਤੇਰੇ ਸੀਨੇ ਵਿਚ ਗੁਰੂ ਨਾਨਕ ਦਾ ਪਿਆਰ, ਪ੍ਰਮਾਤਮਾ ਦਾ ਨਾਮ ਰਚਿਆ ਹੈ। ਸੱਚ ਜਾਣੀਂ, ਲੋਕਾਂ ਦੀ ਨਜ਼ਰ ਵਿਚ ਤੂੰ ਕੰਗਾਲ ਤੇ ਗ਼ਰੀਬ ਹੋਵੇਂਗਾ, ਪਰ ਸਾਡੀ ਨਜ਼ਰ ਵਿਚ ਤੂੰ ਸਾਰੀ ਧਰਤੀ ਦਾ ਸਮਰਾਟ ਹੈਂ। ਇਹ ਬਚਨ ਹੈ ਗੁਰੂ ਗ੍ਰੰਥ ਸਾਹਿਬ ਵਿਚ–

*ਬਸਤ੍ਰਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥*

(ਅੰਗ ੭੦੭)

ਅਜਿਹੇ ਗੁਰਮੁਖ ਦੇ ਚਰਨ ਦੀ ਧੂੜ ਮਸਤਕ 'ਤੇ ਲਾਈ ਜਾਏ ਤਾਂ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ।

ਗੁਰਮੁਖੋ ! ਇਕ ਨਾਮ ਜੇਕਰ ਅੰਦਰ ਚਲਾ ਗਿਆ ਤਾਂ ਦੁਨੀਆਂ ਦੇ ਕੋਈ ਹਾਲਾਤ ਸਾਨੂੰ ਪ੍ਰਭਾਵਿਤ ਨਹੀਂ ਕਰ ਸਕਦੇ। ਜੇ ਅੰਦਰ ਨਾਮ ਨਹੀਂ ਤਾਂ ਦੁਨੀਆਂ ਦੀ ਨਿੱਕੀ ਤੋਂ ਨਿੱਕੀ ਘਟਨਾ ਵੀ ਸਾਡੇ ਅੰਦਰ ਨੂੰ ਪ੍ਰਭਾਵਿਤ ਕਰੇਗੀ। ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਜਿਸ ਕੋਲ ਨਾਮ ਹੈ, ਉਸ ਨਾਮ ਵਿਚ ਪਰਮ ਸੁੱਖ ਹੈ। ਸੁਖਮਨੀ ਸਾਹਿਬ ਦੀ ਬਾਣੀ ਇਸੇ ਗੱਲ ਦੀ ਗਵਾਹੀ ਦੇ ਰਹੀ ਹੈ। ਸਤਿਗੁਰੂ ਕਹਿੰਦੇ ਹਨ–

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*

ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਮੈਂ ਉਸ ਪ੍ਰਮਾਤਮਾ ਨੂੰ ਸਿਮਰਦਾ ਹਾਂ ਤੇ ਸਿਮਰ ਸਿਮਰ ਕੇ ਉਸ ਪ੍ਰਮਾਤਮਾ ਦੇ ਨਾਮ ਵਿਚੋਂ ਆਤਮਕ ਸੁੱਖ ਮਿਲ ਰਿਹਾ ਹੈ।

*ਕਲਿ ਕਲੇਸ ਤਨ ਮਾਹਿ ਮਿਟਾਵਉ॥*

ਜਦੋਂ ਵੀ ਕੋਈ ਪ੍ਰਮਾਤਮਾ ਦਾ ਸਿਮਰਨ ਕਰਦਾ ਹੈ ਤਾਂ ਸਿਮਰਨ ਉਸ ਦੇ ਅੰਦਰ ਦੇ ਸਾਰੇ ਦੁੱਖਾਂ ਕਲੇਸ਼ਾਂ ਨੂੰ ਖ਼ਤਮ ਕਰਕੇ ਸੁੱਖ ਦੀ ਦਾਤ ਬਣਾ ਦਿੰਦੇ ਹਨ।

SIKHBOOKCLUB.COM

*ਸਿਮਰਉ ਜਾਸੁ ਬਿਸੁੰਭਰ ਏਕੈ॥*
*ਨਾਮੁ ਜਪਤ ਅਗਨਤ ਅਨੇਕੈ॥*
*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ॥*
*ਕੀਨੇ ਰਾਮ ਨਾਮ ਇਕ ਆਖ੍ਯਰ॥*
*ਕਿਨਕਾ ਏਕ ਜਿਸੁ ਜੀਅ ਬਸਾਵੈ॥*
*ਤਾ ਕੀ ਮਹਿਮਾ ਗਨੀ ਨ ਆਵੈ॥*

(ਸੁਖਮਨੀ ਸਾਹਿਬ)

**ਇਕ ਸਿੰਧੀ ਵਿਦਵਾਨ ਨੂੰ ਕਿਸੇ ਨੇ ਪੁੱਛਿਆ ਸੀ ਕਿ ਜੇਕਰ ਕਿਸੇ ਨੇ ਸਰਬ ਸਾਂਝਾ ਧਾਰਮਿਕ ਸਿਲੇਬਸ ਕਿਸੇ ਸਕੂਲ ਵਿਚ ਚਲਾਉਣਾ ਹੋਵੇ, ਜਿਹੜਾ ਸਭ ਨੂੰ ਪ੍ਰਵਾਨ ਹੋਵੇ। ਅੰਦਰ ਦਾ ਸਕੂਨ ਵੀ ਦੇਵੇ, ਜੀਵਨ ਜਾਚ ਦੀ ਗੱਲ ਦੱਸੇ ਤਾਂ ਉਹ ਕਿਹੋ ਜਿਹਾ ਸਿਲੇਬਸ ਚਾਹੀਦਾ ਹੈ ? ਕਹਿੰਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੀ ਸੁਖਮਨੀ ਹੀ ਹੈ। ਇਸ ਤੋਂ ਉੱਪਰ ਕੋਈ ਵੀ ਰਚਨਾ ਨਹੀਂ। ਜਿਸ ਦੇ ਅੰਦਰ ਸੁਖਮਨੀ ਸਾਹਿਬ ਜੀ ਦਾ ਨਿਵਾਸ ਹੋ ਗਿਆ, ਗੁਰੂ ਅਰਜਨ ਸਾਹਿਬ ਜੀ ਦੇ ਬੋਲ ਵੱਸ ਗਏ, ਉਸ ਇਨਸਾਨ ਦੇ ਉੱਪਰ ਬਾਹਰ ਦੇ ਹਾਲਾਤ ਕੁਝ ਵੀ ਅਸਰ ਨਹੀਂ ਕਰ ਸਕਦੇ।**

SIKHBOOKCLUB.COM

**ਸੁਖਮਨੀ ਸਾਹਿਬ ਜੀ ਦੀ ਬਾਣੀ ਵਿਚ ਧੰਨ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਸ਼ੁਕਰ ਦੀ ਜਾਚ ਸਿਖਾਈ। ਸੁਖਮਨੀ ਸਾਹਿਬ ਜੀ ਦੀ ਬਾਣੀ ਵਿਚ ਉਹਨਾਂ ਲੋਕਾਂ ਨੂੰ ਸੁਚੇਤ ਕੀਤਾ, ਜਿਹੜੇ ਲੋਕ ਪ੍ਰਮਾਤਮਾ ਦੀ ਦਾਤ ਲੈ ਕੇ ਸ਼ੁਕਰ ਨਹੀਂ ਕਰਦੇ। ਸੁਖਮਨੀ ਸਾਹਿਬ ਵਿਚ ਅਸੀਂ ਜਿਹੜੇ ਸ਼ੁਕਰ ਕਰਦੇ ਹਨ, ਉਹਨਾਂ ਦੇ ਮੁਤੱਲਕ ਪੜ੍ਹਦੇ ਹਾਂ-**

*ਜਿਸ ਕੀ ਬਸਤੁ ਤਿਸੁ ਆਗੈ ਰਾਖੈ॥*
*ਪ੍ਰਭ ਕੀ ਆਗਿਆ ਮਾਨੈ ਮਾਥੈ॥*
*ਉਸ ਤੇ ਚਉਗੁਨ ਕਰੈ ਨਿਹਾਲੁ॥*
*ਨਾਨਕ ਸਾਹਿਬੁ ਸਦਾ ਦਇਆਲੁ॥*

**ਜਿਹੜੇ ਨਿਸ਼ੁਕਰੇ ਹਨ, ਉਹਨਾਂ ਨੂੰ ਸੁਖਮਨੀ ਸਾਹਿਬ ਵਿਚ ਮਹਾਰਾਜ ਨੇ ਕਿਹਾ ਹੈ-**

*ਦਸ ਬਸਤੂ ਲੇ ਪਾਛੈ ਪਾਵੈ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥*

**ਦੱਸ ਚੀਜ਼ਾਂ ਪ੍ਰਮਾਤਮਾ ਨੇ ਦੇ ਦਿੱਤੀਆਂ ਪਰ ਇਕ ਵਸਤੂ ਨਹੀਂ ਮਿਲੀ ਤਾਂ ਪ੍ਰਮਾਤਮਾ ਦੇ ਨਾਲ ਝਗੜਾ ਕਰਨ ਲੱਗਾ।**

ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥
ਤਉ ਮੂੜਾ ਕਹੁ ਕਹਾ ਕਰੇਇ॥

(ਸੁਖਮਨੀ ਸਾਹਿਬ)

ਸੁਖਮਨੀ ਸਾਹਿਬ ਵਿਚ ਕਿਹੜੀ ਚੀਜ਼ ਹੈ ਜਿਹੜੀ ਨਹੀਂ ਦਿੱਤੀ। ਟਿੱਕ ਕੇ ਪਾਠ ਕਰੋ ਤਾਂ ਸਵਾ ਘੰਟਾ ਲੱਗਦਾ ਹੈ।

ਪਿਆਰਿਓ ! ਕਦੀ ਗਿਣਤੀ ਕਰਕੇ ਦੇਖੀਏ ਤਾਂ ਕਿੰਨਾ ਸਮਾਂ ਇਨਸਾਨ 24 ਘੰਟਿਆਂ ਵਿਚ ਵਿਅਰਥ ਗਵਾਉਂਦਾ ਹੈ। ਸਵਾ ਘੰਟਾ ਘੱਟੋ ਘੱਟ ਕੱਢ ਲਵੇ। ਜੇ ਅਸੀਂ ਦੋ ਅਸਟਪਦੀਆਂ ਰੋਜ਼ ਕਰ ਲਈਏ, ਛੇ ਅਸਟਪਦੀਆਂ ਕਰ ਲਈਏ, ਅੱਠ ਅਸਟਪਦੀਆਂ ਕਰ ਲਈਏ, ਘੱਟੋ ਘੱਟ ਗੁਰੂ ਅਰਜਨ ਦੇਵ ਜੀ ਨਾਲ ਰੋਜ਼ ਅਸੀਂ ਨਿਰੰਤਰ ਗੱਲ ਕਰੀਏ ਤਾਂ ਗੁਰਮੁਖੋ ! ਗੁਰੂ ਅਰਜਨ ਦੇਵ ਜੀ ਦੇ ਅੰਦਰ ਦਾ ਪਿਆਰ ਸਾਡੇ ਧੁਰ ਅੰਤਰ ਆਤਮੇ ਜ਼ਰੂਰ ਵੱਸੇਗਾ।

ਅੱਜ ਇਨਸਾਨ ਆਮ ਤੌਰ 'ਤੇ ਇਸ ਕਰਕੇ ਨਿਤਨੇਮ ਨਹੀਂ ਕਰਦਾ ਕਿ ਰਾਤ ਘਰ ਵਿਚ ਕਲੇਸ਼ ਬੜਾ ਸੀ, ਮੂਡ ਖ਼ਰਾਬ ਹੋ ਗਿਆ ਸੀ। ਨਿਤਨੇਮ ਕਰਨ ਲਈ ਦਿਲ ਨਹੀਂ ਕੀਤਾ। ਜਿਸ ਗੁਰੂ ਅਰਜਨ ਦੇਵ ਜੀ ਨੂੰ ਆਪ ਯਾਦ ਕਰਦੇ ਪਏ ਹੋ, ਗੁਰਸਿੱਖੋ ! ਉਨ੍ਹਾਂ ਲਈ ਜ਼ਿੰਦਗੀ ਦੇ ਹਰ ਮੁਕਾਮ 'ਤੇ ਨਵੀਂ ਤੋਂ ਨਵੀਂ ਪ੍ਰੇਸ਼ਾਨੀ ਖੜੀ ਹੋਈ, ਪਰ ਗੁਰੂ ਅਰਜਨ ਦੇਵ ਜੀ ਇਹਨਾਂ ਪ੍ਰੇਸ਼ਾਨੀਆਂ ਵਿਚ ਵੀ ਅੰਦਰ ਨੂੰ ਸ਼ਾਂਤੀ ਦੇਣ ਲਈ ਬਾਣੀ ਉਚਾਰਨ ਕਰ ਰਹੇ ਹਨ। ਧੰਨ ਗੁਰੂ ਅਰਜਨ ਦੇਵ ਜੀ ! ਕ੍ਰਿਪਾ ਕਰੋ ਕਿ ਸਿੱਖ ਦੇ ਬੱਚੇ ਨੂੰ ਵਿੱਦਿਆ ਕਿਵੇਂ ਮਿਲੇ ? ਸ਼ਾਂਤੀ ਕਿਵੇਂ ਮਿਲੇ ? ਸੁੱਖ ਕਿਵੇਂ ਮਿਲੇ ?

ਮਹਾਰਾਜ ਫ਼ੁਰਮਾਂਦੇ ਹਨ ਕਿ 20 ਤੋਂ ਜ਼ਿਆਦਾ ਪਦਾਰਥ ਹਨ, ਇਹ ਸਾਰੇ ਮਿਲ ਜਾਣਗੇ ਜੇ ਦੋ ਕੰਮ ਤੂੰ ਕਰ ਲਵੇਂ। ਬਾਕੀ ਗੁਰੂ ਅਰਜਨ ਦੇਵ ਜੀ ਕਰਨਗੇ—

ਖੇਮ ਸਾਂਤਿ ਰਿਧਿ ਨਵ ਨਿਧਿ॥
ਬੁਧਿ ਗਿਆਨੁ ਸਰਬ ਤਹ ਸਿਧਿ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ॥
ਗਿਆਨੁ ਸ੍ਰੇਸਟ ਊਤਮ ਇਸਨਾਨੁ॥
ਚਾਰਿ ਪਦਾਰਥ ਕਮਲ ਪ੍ਰਗਾਸ॥
ਸਭ ਕੈ ਮਧਿ ਸਗਲ ਤੇ ਉਦਾਸ॥
ਸੁੰਦਰੁ ਚਤੁਰੁ ਤਤ ਕਾ ਬੇਤਾ॥
ਸਮਦਰਸੀ ਏਕ ਦ੍ਰਿਸਟੇਤਾ॥

*ਇਹ ਫਲ ਤਿਸੁ ਜਨ ਕੈ ਮੁਖਿ ਭਨੇ॥*
*ਗੁਰ ਨਾਨਕ ਨਾਮ ਬਚਨ ਮਨਿ ਸੁਨੇ॥*

(ਸੁਖਮਨੀ ਸਾਹਿਬ)

ਗੁਰਮੁਖੋ ! ਆਪ ਤਪਸ਼ ਵਿਚ ਬੈਠੇ ਹਨ, ਪਰ ਸਾਨੂੰ ਸੀਨੇ ਦੀ ਠੰਢ ਦੇ ਗਏ। ਉਹ ਸੀਨੇ ਦੀ ਠੰਢ ਹੈ ਬਾਣੀ। ਧੰਨ ਗੁਰੂ ਅਰਜਨ ਦੇਵ ਪਾਤਿਸ਼ਾਹ ਨਾਲ ਅਸੀਂ ਜੁੜੀਏ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕਰੀਏ ਤੇ ਉਸ ਬਾਣੀ ਨੂੰ ਜੀਵੀਏ। ਸਭ ਤੋਂ ਵੱਡਾ ਸੁੱਖ ਬਾਣੀ ਵਿਚ ਹੀ ਹੈ। ਧੰਨ ਗੁਰੂ ਅਰਜਨ ਦੇਵ ਜੀ ਸਾਡੇ ਅੰਦਰ ਨੂੰ ਟਿਕਾਅ ਬਖ਼ਸ਼ਣ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

SIKHBOOKCLUB.COM

# ਪਤੀ ਪਤਨੀ ਦੇ ਫ਼ਰਜ਼

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਜਦੋਂ ਆਨੰਦ ਕਾਰਜ ਅਸੀਂ ਕਰਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਅਰਦਾਸ, ਕੀਰਤਨ, ਲਾਵਾਂ ਜੋ ਕੁਝ ਵੀ ਧਾਰਮਿਕ ਮਰਯਾਦਾ ਨਿਭਾਈ ਜਾਂਦੀ ਹੈ, ਅਸਲ ਵਿਚ ਇਹ ਦੋਨਾਂ ਪਰਿਵਾਰਾਂ ਦੇ ਵਿਚਕਾਰ ਤੇ ਆਪਣੇ ਇਸ਼ਟ ਨੂੰ, ਆਪਣੇ ਗੁਰੂ ਨੂੰ ਆਪਣੇ ਦਰਮਿਆਨ ਰੱਖ ਕੇ ਆਪਸ ਵਿਚ ਕੁਝ ਇਕਰਾਰ ਕੀਤੇ ਜਾਂਦੇ ਹਨ।

ਬਾਣੀ ਸਾਨੂੰ ਪ੍ਰਮਾਰਥ ਦੇ ਨਾਲ ਨਾਲ ਸੰਸਾਰ ਵਿਚ ਜੀਉਣ ਦਾ ਢੰਗ ਵੀ ਦੱਸਦੀ ਹੈ। ਪਤੀ ਤੇ ਪਤਨੀ ਦਾ ਰਿਸ਼ਤਾ ਕੀ ਹੈ ? ਔਲਾਦ ਪ੍ਰਤੀ ਸਾਡੇ ਕੀ ਫ਼ਰਜ਼ ਹਨ ? ਔਲਾਦ ਦੇ ਆਪਣੇ ਮਾਪਿਆਂ ਦੇ ਪ੍ਰਤੀ ਕੀ ਫ਼ਰਜ਼ ਹਨ ? ਇਹ ਸਭ ਕੁਝ ਬਾਣੀ ਵਿਚੋਂ ਸਾਨੂੰ ਮਿਲੇਗਾ। ਜਿਹੜਾ ਬੰਦਾ ਪ੍ਰਣ ਕਰਦਾ ਹੈ, ਤਾਂ ਪ੍ਰਣ ਕਰਨ ਵਾਲਾ ਆਪਣੇ ਅੰਦਰ ਦੇ ਛੱਲ ਕਪਟ ਨੂੰ ਹਟਾ ਦੇਵੇ। ਜੇ ਕੇਵਲ ਸੰਸਾਰਕ ਤੌਰ 'ਤੇ ਕਿਸੇ ਦੇ ਨਾਲ ਵੀ ਇੰਦਰਿਆਵੀ ਸੁੱਖਾਂ ਨੂੰ ਰੱਖ ਕੇ ਕਿਸੇ ਦੇ ਘਰ ਦੇ ਧਨ ਪਦਾਰਥ ਨੂੰ ਸਾਹਮਣੇ ਰੱਖ ਕੇ ਮੁਹੱਬਤ ਕਰਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਉਹ ਮੁਕੰਮਲ ਮੁਹੱਬਤ ਨਹੀਂ। ਜਿਸ ਦੀ ਜ਼ਬਾਨ ਵਿਚ ਪਿਆਰ ਦੀ ਸ਼ਬਦਾਵਲੀ ਹੈ ਤੇ ਹਿਰਦੇ ਵਿਚ ਮੌਕਾ-ਪ੍ਰਸਤੀ ਹੈ ਤਾਂ ਮਹਾਰਾਜ ਕਹਿੰਦੇ ਹਨ ਕਿ ਉਸ ਦੇ ਨਾਲੋਂ ਕੱਚਾ ਬੰਦਾ ਇਸ ਦੁਨੀਆਂ ਵਿਚ ਹੋਰ ਕੋਈ ਨਹੀਂ। ਬਾਬਾ ਫ਼ਰੀਦ ਸਾਹਿਬ ਦਾ ਸ਼ਬਦ ਸੱਚਮੁੱਚ ਪ੍ਰਮਾਰਥ ਅਤੇ ਸੰਸਾਰ 'ਤੇ ਢੁੱਕਦਾ ਹੈ-

*ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥*

ਸੰਸਾਰਕ ਤੌਰ 'ਤੇ ਵੀ ਕੋਈ ਮੁਹੱਬਤ ਕਰਦਾ ਹੈ। ਪਤੀ ਪਤਨੀ ਦੀ ਮੁਹੱਬਤ ਦਿਲ ਤੋਂ ਹੋਵੇ ਤਾਂ ਹਕੀਕਤ ਵਿਚ ਉਹ ਸੱਚਾਈ ਹੈ, ਪਰ-

*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥ ੧॥*

(ਅੰਗ ੪੮੮)

ਅੰਦਰ ਕੁਝ ਹੋਵੇ ਤੇ ਮੁਖ ਤੋਂ ਕੁਝ ਹੋਰ ਹੋਵੇ, ਉਹ ਕਚਿਆਈ ਹੈ।

ਗੁਰਮਤਿ ਵਿਚ ਸੁੱਖ ਹੈ ਤੇ ਮਨਮਤਿ ਵਿਚ ਕਦੀ ਵੀ ਸੁੱਖ ਨਹੀਂ। ਜੇ ਗੁਰੂ ਦੀ ਹਜ਼ੂਰੀ ਵਿਚ ਅਸੀਂ ਆਉਣਾ ਹੈ ਤਾਂ ਸਭ ਤੋਂ ਵੱਡਾ ਕੰਮ ਇਹ ਹੈ ਕਿ ਗੁਰੂ ਦੇ ਅਦਬ ਨੂੰ ਮੁਖ ਰੱਖ ਕੇ ਗੁਰੂ ਚਰਨਾਂ ਵਿਚ ਅਰਦਾਸ ਕਰੀਏ। ਉਸ ਤੋਂ ਬਾਅਦ ਸ਼੍ਰਿੱਖਿਆ ਦਿੱਤੀ ਜਾਂਦੀ ਹੈ। ਆਮ ਤੌਰ 'ਤੇ ਹੁਣ ਤਾਂ ਕਾਫ਼ੀ ਸੁਧਾਰ ਹੋ ਗਿਆ ਹੈ। ਪਹਿਲਾਂ ਸਿਹਰੇ ਤੇ ਸਿੱਖਿਆ ਪੜ੍ਹੀਆਂ ਜਾਂਦੀਆਂ ਸਨ। ਸਿਹਰਾ ਪੜ੍ਹਨਾ ਅਤੇ ਕਈ ਮਰੀਆਂ ਪੁਸ਼ਤਾਂ ਨੂੰ ਚੇਤੇ ਕਰੀ ਜਾਣਾ ਕਿ ਬੱਚਿਆ ! ਤੇਰੇ 'ਤੇ ਫੁੱਲ ਵਰਸਾ ਰਹੀ ਹੈ ਤੇਰੀ ਦਾਦੀ, ਤੇਰੀ ਨਾਨੀ।

ਗੁਰੂ ਦੀ ਹਜ਼ੂਰੀ ਵਿਚ ਕਿਸੇ ਬੰਦੇ ਦੀ ਸਿਫ਼ਤ ਕਰਨੀ ਤੇ ਖ਼ਾਸ ਕਰ ਉਸ ਦੀ, ਜਿਹੜਾ ਭਿਖਾਰੀ ਬਣ ਕੇ ਅਜੇ ਮੰਗਣ ਆਇਆ ਹੈ। ਇਸ ਦੇ ਵਿਚ ਕੋਈ ਸ਼ੱਕ ਨਹੀਂ ਕਿ ਜਿਸ ਦਿਨ ਬੰਦਾ ਸ਼ਬਦ ਦੀ ਕਮਾਈ ਕਰੇਗਾ ਤਾਂ ਮੇਰੇ ਗੁਰੂ ਦਾ ਸੁਭਾਅ ਹੈ ਕਿ ਜਿੰਨਾ ਕੁ ਕੋਈ ਗੁਰੂ ਨੂੰ ਅੰਦਰੋਂ ਪੂਜੇਗਾ, ਗੁਰੂ ਵੀ ਉਸ ਸਿੱਖ ਦੀ ਪੂਜਾ ਕਰਾਉਂਦਾ ਹੈ। ਮਹਾਰਾਜ ਨੇ ਕਿਹਾ ਹੈ-

*ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੈ ਸਚਿਆਰਾ॥*
*ਓਨਾਂ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ॥*

(ਅੰਗ ੬੩੮)

ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਦੋ ਵਚਨ ਚੇਤੇ ਕਰਾਏ ਜਾਂਦੇ ਹਨ। ਆਮ ਤੌਰ 'ਤੇ ਸਾਡੇ ਲੋਕ ਸਿਰਫ਼ ਇਕੋ ਗੱਲ ਕਹੀ ਜਾਂਦੇ ਹਨ ਕਿ ਧੀਏ, ਤੂੰ ਪਤੀਵਰਤਾ ਧਰਮ ਨੂੰ ਨਿਭਾਈਂ। ਮੈਂ ਇਕ ਅਰਜ਼ ਕਰਾਂ ਕਿ ਜਿੱਥੇ ਪਤੀਵਰਤਾ ਧਰਮ ਦ੍ਰਿੜ੍ਹ ਕਰਾਇਆ ਜਾਂਦਾ ਹੈ, ਉਥੇ ਲੜਕੇ ਨੂੰ ਖੁੱਲ੍ਹ ਨਹੀਂ ਦੇਣੀ ਚਾਹੀਦੀ। ਉਸ ਨੂੰ ਵੀ ਸਮਝਾਉਣਾ ਚਾਹੀਦਾ ਹੈ ਕਿ ਭੋਲਿਆ ਪੁਰਖਾ, ਤੂੰ ਇਸਤਰੀਵਰਤਾ ਧਰਮ ਦਾ ਪਾਬੰਦ ਰਹੀਂ।

ਇਕ ਲੜਕੇ ਨੂੰ ਕੀ ਸਿੱਖਿਆ ਦਿੱਤੀ ਜਾਵੇ ? ਬੀਬੀ ਨੇ ਪੱਲਾ ਫੜਿਆ ਹੈ, ਤਾਂ ਬੀਬੀ ਨੂੰ ਹੀ ਸਿੱਖਿਆ ਦਿੱਤੀ ਜਾਵੇ।

ਸਭ ਤੋਂ ਪਹਿਲਾਂ ਲੜਕੇ ਨੂੰ ਇਕ ਗੱਲ ਬਾਬਾ ਜੀ ਨੇ ਬਾਣੀ ਵਿਚ ਕਹੀ ਹੈ ਕਿ ਦੇਖ, ਅੱਜ ਇਸ ਬੱਚੀ ਨੇ ਆਪਣਾ ਪਰਿਵਾਰ, ਆਪਣਾ ਹਰ ਰਿਸ਼ਤਾ ਛੱਡ ਕੇ ਤੇਰੇ ਨਾਲ ਗੰਢ ਪਾਈ ਹੈ। ਅੱਜ ਜਦੋਂ ਤੇਰਾ ਲੜ ਫੜਿਆ ਹੈ ਤਾਂ ਤੇਰੀ ਜ਼ਿੰਦਗੀ ਵਿਚ ਇਕ ਸ਼ਬਦ ਆਇਆ ਹੈ ਕੰਤ। ਹਰ ਲੜਕੇ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਤੀ ਦੀ ਪਰਿਭਾਸ਼ਾ ਕੀ ਹੈ ? ਸੁਹਾਗਣ ਦੀ ਪਰਿਭਾਸ਼ਾ ਸਭ ਨੂੰ ਚੇਤੇ ਹੋਵੇਗੀ। ਗੁਰਬਾਣੀ ਵਿਚ ਕੰਤ ਦੀ ਪਰਿਭਾਸ਼ਾ ਵੀ ਦਿੱਤੀ ਹੈ। ਪਤੀ ਕੌਣ ਹੈ ? ਕਹਿਣ ਲੱਗੇ, ਅਸਲ ਵਿਚ ਕੰਤ ਉਹ ਹੈ ਕਿ ਜਿਸ ਬੱਚੀ ਨੇ ਅੱਜ ਤੇਰਾ ਲੜ ਫੜਿਆ ਹੈ, ਇਸ ਤੋਂ ਬਿਨਾਂ ਕਿਸੇ ਹੋਰ ਨੂੰ ਮੰਦੀ ਨਜ਼ਰ ਨਾਲ ਨਾ ਦੇਖੀਂ, ਫਿਰ ਤਾਂ ਤੂੰ ਸੱਚਮੁੱਚ ਕੰਤ ਹੈਂ, ਪਰ ਜੇ ਤੂੰ ਵਿਭਚਾਰੀ ਬਣ ਗਿਆ ਤਾਂ ਤੂੰ ਮੂਰਖ ਹੈਂ, ਤੈਨੂੰ ਕੰਤ

ਕਹਾਉਣ ਦਾ ਕੋਈ ਹੱਕ ਨਹੀਂ। ਹਜ਼ੂਰ ਨੇ ਮਾਰੂ ਡੱਖਣੇ ਵਿਚ ਫੁਰਮਾਇਆ ਹੈ-

*ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂੰ॥*

(ਅੰਗ ੧੦੯੫)

ਗਾਲਾਇਓ ਦਾ ਅਰਥ ਹੈ ਬੋਲਣਾ। ਭੂਛ ਦਾ ਅਰਥ ਹੈ ਮੂਰਖ। ਕਹਿਣ ਲੱਗੇ, ਮੂਰਖਾ ! ਤੂੰ ਚਾਰ ਬੰਦਿਆਂ ਵਿਚ ਬੈਠ ਕੇ ਕਿਸੇ ਦੀ ਧੀ, ਕਿਸੇ ਦੀ ਬੇਟੀ, ਕਿਸੇ ਦੀ ਇਸਤਰੀ ਬਾਰੇ ਆਪਣੀ ਜ਼ਬਾਨ ਤੋਂ ਗੰਦੇ ਗੰਦੇ ਬੋਲ ਬੋਲਦਾ ਹੈਂ। ਸੱਚ ਇਹ ਹੈ ਕਿ ਤੇਰੇ ਬੋਲਾਂ ਨੂੰ ਦੇਖ ਕੇ ਲੱਗਦਾ ਹੈ ਕਿ ਤੇਰੇ ਕੋਲ ਇਸਤ੍ਰੀ ਵਰਤ ਧਰਮ ਨਹੀਂ। ਜੇ ਤੂੰ ਕੰਤ ਹੁੰਦਾ ਤਾਂ ਜ਼ਬਾਨ ਤੋਂ ਵਿਭਚਾਰ ਦੇ ਬੋਲ ਨਾ ਬੋਲਦਾ ਤੇ ਅੱਖਾਂ ਕਿਸੇ ਨੂੰ ਮੰਦੀ ਨਜ਼ਰ ਨਾਲ ਨਹੀਂ ਦੇਖਦੀਆਂ-

*ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂੰ॥*
*ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ॥ ੩ ॥*

(ਅੰਗ ੧੦੯੫)

ਸੰਸਾਰ ਤਾਂ ਇਕ ਫੁਲਵਾੜੀ ਹੈ। ਪਤਾ ਨਹੀਂ ਪ੍ਰਮਾਤਮਾ ਨੇ ਕਿੰਨੇ ਸੁਗੰਧੀ ਵਾਲੇ ਫੁੱਲ ਪੈਦਾ ਕੀਤੇ ਹਨ, ਪਰ ਤੇਰਾ ਫ਼ਰਜ਼ ਨਹੀਂ ਕਿ ਤੂੰ ਹਰ ਫੁੱਲ ਦੀ ਵੇਲ ਨੂੰ ਤੋੜ ਕੇ ਆਪਣੇ ਨਾਲ ਲਾ ਲਵੇਂ। ਇਸ ਦਾ ਮਤਲਬ ਹੈ ਚਰਿੱਤਰ ਉੱਚਾ ਰੱਖਣਾ ਹੈ।

ਗੁਰਮਤਿ ਨੇ ਸਭ ਤੋਂ ਵੱਧ ਜ਼ੋਰ ਕਰੈਕਟਰ 'ਤੇ ਦਿੱਤਾ ਹੈ। ਜਿਹੜੀ ਰਹਿਤ, ਜਿਹੜੀ ਮਰਯਾਦਾ ਮੇਰੇ ਹਜ਼ੂਰ ਨੇ ਦਿੱਤੀ ਹੈ, ਉਸ ਨੂੰ ਸਾਰਾ ਸੰਸਾਰ ਮੰਨੇਗਾ, ਪਰ ਮੰਨਣਗੇ ਉਦੋਂ ਜਦੋਂ ਕਿਸੇ ਦੇ ਤਨ ਨੂੰ ਰੋਗ ਲੱਗਦੇ ਹੋਣਗੇ। ਗੁਰੂ ਨੇ ਕਿਹਾ ਹੈ ਕਿ ਤੂੰ ਆਪਣੇ ਜੀਵਨ ਨੂੰ ਸੰਜਮ ਵਿਚ ਰੱਖ, ਕਿਉਂਕਿ ਤੂੰ ਗ੍ਰਹਿਸਤੀ ਹੈਂ। ਇਸ ਨਾਲ ਤੇਰੀ ਜ਼ਿੰਦਗੀ ਨੂੰ ਕੋਈ ਰੋਗ ਨਹੀਂ ਲੱਗੇਗਾ।

ਅਸਲ ਵਿਚ ਕੰਤ ਉਹ ਹੈ ਜਿਸ ਦਾ ਸੰਬੰਧ ਆਪਣੀ ਪਤਨੀ ਤੋਂ ਬਿਨਾਂ ਕਿਸੇ ਹੋਰ ਨਾਲ ਨਹੀਂ। ਹਜ਼ੂਰ ਨੇ ਇਥੋਂ ਤੱਕ ਕਿਹਾ ਹੈ ਕਿ ਰੱਬ ਮੇਹਰ ਕਰੇ ਅਤੇ ਤੇਰੇ ਅੰਦਰ ਕੋਈ ਫੁਰਨਾ ਨਾ ਉੱਠੇ ਤੇ ਸੁਪਨੇ ਵਿਚ ਵੀ ਕਿਸੇ ਪਰਾਏ ਤਨ ਨੂੰ ਆਪਣੇ ਅੰਦਰ ਥਾਂ ਨਾ ਦੇਵੀਂ। ਪਰ ਅੱਜ ਪੂਰੇ ਸੰਸਾਰ ਵਿਚ ਜਿਹੜੀ ਬੀਮਾਰੀ ਚੱਲੀ ਹੈ, ਉਹ ਹੈ ਨਾ-ਮੁਰਾਦ ਬੀਮਾਰੀ ਏਡਜ਼ ਦੀ। ਐ ਭੁੱਲੜ ਜੀਵ ! ਦੂਜੇ ਦੀ ਬੇਟੀ ਨੂੰ ਤੂੰ ਬੇਟੀ ਜਾਣ। ਕਿਵੇਂ ਜਾਣੀਏ ? ਇਕ ਸੱਜਣ ਦੇ ਮੈਂ ਸ਼ਬਦ ਪੜ੍ਹੇ। ਉਹ ਕਹਿੰਦੇ ਹਨ, ਜਿਸ ਨੇ ਤੇਰਾ ਪੱਲਾ ਫੜਿਆ ਹੈ, ਉਸ ਤੋਂ ਬਿਨਾਂ ਤੇਰਾ ਹੱਥ ਜੇ ਉੱਠੇ ਤਾਂ ਸਿਰ ਲਈ ਉੱਠੇ ਤੇ ਜਾਂ ਪੈਰਾਂ ਲਈ ਉੱਠੇ। ਕਿਉਂ ? ਕਹਿਣ ਲੱਗੇ, ਜਦੋਂ ਤੂੰ ਕਿਤੇ ਵਿਚਰੇਂ ਤਾਂ ਜੇ ਆਪਣੇ ਤੋਂ ਵੱਡੀ ਕੋਈ ਮਿਲ ਗਈ ਹੈ ਤਾਂ ਤੇਰਾ ਹੱਥ ਉਸ ਦੇ ਪੈਰਾਂ ਵੱਲ ਜਾਵੇ, ਕਿਉਂਕਿ ਉਹ ਤੇਰੀ ਮਾਂ ਬਰਾਬਰ ਹੈ। ਆਪਣੇ ਤੋਂ ਛੋਟੀ ਮਿਲ ਗਈ ਤਾਂ ਉਸ ਦੇ ਸਿਰ 'ਤੇ ਪਿਆਰ ਦੇਈਂ, ਕਿਉਂਕਿ ਉਹ ਤੇਰੀ ਧੀ ਦੇ ਬਰਾਬਰ ਹੈ। ਜੇ ਤੂੰ ਇਹ ਚਾਹੇਂ

ਕਿ ਤੈਨੂੰ ਜਨਮ ਦੇਣ ਵਾਲੀ ਮਾਂ ਦੇ ਪ੍ਰਤੀ ਕੋਈ ਮੰਦੀ ਨਜ਼ਰ ਨਾਲ ਨਾ ਦੇਖੇ ਤਾਂ ਫਿਰ ਚੇਤੇ ਰੱਖੀਂ, ਪਰਾਏ ਤਨ ਨੂੰ ਦੇਖ ਕੇ ਤੈਨੂੰ ਆਪਣੀ ਮਾਂ ਭੈਣ ਚੇਤੇ ਆਵੇ। ਜੋ ਸੰਸਕਾਰ ਤੇਰੇ ਅੰਦਰ ਮਾਂ ਲਈ ਹੈ, ਉਹ ਉਸ ਇਸਤਰੀ ਲਈ ਹੋਵੇ। ਭਰਾਵੋ! ਕੀ ਕੋਈ ਇਨਸਾਨ ਇਹ ਬਰਦਾਸ਼ਤ ਕਰੇਗਾ ਕਿ ਮੇਰੀ ਭੈਣ ਨੂੰ ਕੋਈ ਬੁਰੀ ਨਜ਼ਰ ਨਾਲ ਦੇਖੇ ? ਜੇ ਤੂੰ ਚੁਰੱਸਤੇ ਵਿਚ ਖਲੋ ਕੇ ਕਿਸੇ ਤਨ ਨੂੰ ਦੇਖਦਾ ਹੈਂ ਤਾਂ ਉਸੇ ਵੇਲੇ ਇਕ ਫੁਰਨਾ ਬਣਾ ਲਈਂ ਕਿ ਇਹੋ ਜਿਹਾ ਤਨ ਮੇਰੀ ਭੈਣ ਤੇ ਮੇਰੀ ਬੇਟੀ ਦੇ ਰੂਪ ਵਿਚ ਮੇਰੇ ਘਰ ਵੀ ਹੈ।

ਗੁਰੂ ਗ੍ਰੰਥ ਸਾਹਿਬ ਨੇ ਬਚਨ ਕੀਤੇ ਹਨ ਕਿ ਜਿਸ ਬੰਦੇ ਨੇ ਆਪਣੀ ਜ਼ਿੰਦਗੀ ਦੀਆਂ ਦੋ ਚੀਜ਼ਾਂ 'ਤੇ ਕਾਬੂ ਪਾ ਲਿਆ— ਇਕ ਪਰਾਏ ਤਨ 'ਤੇ ਅਤੇ ਦੂਜਾ ਪਰਾਏ ਧਨ 'ਤੇ ਤਾਂ ਕਹਿੰਦੇ ਹਨ, ਸੱਚ ਜਾਣੋ, ਜਿਥੇ ਵੀ ਉਹ ਬੈਠੇਗਾ, ਸਿਮਰਨ ਕਰੇਗਾ। ਰੱਬ ਉਸ ਦੀ ਬੁੱਕਲ ਵਿਚ ਹੈ। ਅਸੀਂ ਇਕ ਬਚਨ ਪੜ੍ਹਦੇ ਹਾਂ—ਪਰ-ਤਨ, ਪਰ-ਧਨ, ਪਰ-ਅਪਵਾਦ ਤੇ ਪਰ-ਨਿੰਦਾ। ਇਹ ਚਾਰ ਚੀਜ਼ਾਂ ਇਸ ਦਿਲ ਵਿਚ ਘਰ ਕਰ ਜਾਣ ਤਾਂ ਸੱਚ ਜਾਣੋ, ਉਸ ਬੰਦੇ ਦੇ ਜਨਮ ਤੇ ਮਰਨ ਦੀ ਕਦੀ ਵੀ ਯਾਤਰਾ ਮੁੱਕਦੀ ਨਹੀਂ। ਅਸੀਂ ਪੜ੍ਹਦੇ ਹਾਂ ਬਾਣੀ ਵਿਚ-

*ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ॥*

(ਅੰਗ ੩੭੯)

ਕਹਿੰਦੇ ਹਨ, ਪਰਾਇਆ ਤਨ, ਪਰਾਇਆ ਧਨ, ਪਰਾਈ ਨਿੰਦਾ ਤੇ ਪਰ-ਅਪਵਾਦ ਦਾ ਅਰਥ ਕੀ ਹੈ ? ਕਿਸੇ ਦੇ ਜੀਵਨ ਨਾਲ ਸਾਨੂੰ ਕੀ ? ਅਸੀਂ ਕਿਉਂ ਉਸ ਦੇ ਨਾਲ ਵਾਦ ਵਿਵਾਦ ਖੜ੍ਹਾ ਕਰਦੇ ਹਾਂ, ਪਰ-ਅਪਵਾਦ ਹੀ ਜਨਮ ਮਰਨ ਨੂੰ ਤਨ ਵਿਚ ਜਨਮ ਦਿੰਦਾ ਹੈ।

ਮਹਾਰਾਜ ਨੇ ਦੋ ਗੱਲਾਂ 'ਤੇ ਬਹੁਤ ਜ਼ੋਰ ਦਿੱਤਾ ਹੈ-

*ਪਰ ਧਨ ਪਰ ਦਾਰਾ ਪਰਹਰੀ॥*

ਪਰਾਇਆ ਧਨ, ਪਰਾਈ ਇਸਤਰੀ ਜਿਸ ਨੇ ਇਸ ਤੋਂ ਆਪਣੇ ਆਪ ਨੂੰ ਬਚਾਅ ਲਿਆ ਹੈ-

*ਤਾ ਕੈ ਨਿਕਟਿ ਬਸੈ ਨਰਹਰੀ॥ ੧ ॥*

(ਅੰਗ ੧੧੬੩)

ਇਹੋ ਜਿਹੇ ਬੰਦੇ ਦੇ ਨੇੜੇ ਪ੍ਰਮਾਤਮਾ ਵੱਸਦਾ ਹੈ। ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਪਰਾਏ ਘਰ ਵਿਚ ਜਾਣਾ ਇਸ ਤਰ੍ਹਾਂ ਹੈ ਜਿਵੇਂ ਸੱਪ ਦਾ ਡੰਗ ਮਰਵਾ ਲੈਣਾ। ਜਿਵੇਂ ਸੱਪ ਦੇ ਡੰਗੇ ਮੌਤ ਵੱਲ ਚਲੇ ਜਾਂਦੇ ਹਨ। ਪਰਾਏ ਘਰਾਂ ਵਿਚ ਝਾਕਣ ਵਾਲਿਆਂ ਦੀ ਜ਼ਿੰਦਗੀ ਵਿਚ ਜ਼ਹਿਰ ਆ ਜਾਂਦਾ ਹੈ।

ਇਥੇ ਹੁਣ ਇਕ ਸਵਾਲ ਉੱਠੇਗਾ ਕਿ ਚਲੋ ਕੀ ਹੋਇਆ! ਜੇ ਜੀਵਨ ਉੱਚਾ ਨਹੀਂ, ਪਰ ਇਹ ਬੰਦਾ ਸੇਵਾ ਤਾਂ ਬੜੀ ਕਰਦਾ ਹੈ। ਇਹ ਗੁਰਦੁਆਰੇ ਨੂੰ ਮਾਇਆ ਬਹੁਤ ਦਿੰਦਾ ਹੈ। ਇਸ

ਨੇ ਸਗੋਂ ਬਹੁਤ ਖੁਲ੍ਹਵਾ ਦਿੱਤੀਆਂ ਹਨ। ਗੁਰਮੁਖੋ ! ਚੇਤੇ ਰੱਖਿਉ, ਬਾਕੀ ਸਾਰੇ ਪੁੰਨ ਕਰਮ ਇਕ ਪਾਸੇ ਰਹਿ ਜਾਣਗੇ ਜੇ ਬੰਦੇ ਦੇ ਅੰਦਰ ਦੀ ਬਿਰਤੀ ਪਰਾਇਆ ਤਨ ਚੁਰਾਉਣ ਦੀ ਤੇ ਪਰਾਏ ਤਨ ਨੂੰ ਮਾਨਣ ਦੀ ਹੈ।

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਉਸ ਬੰਦੇ ਦਾ ਤਨ ਵੀ ਗਲਣ ਲੱਗ ਪੈਂਦਾ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਇਹ ਸਾਡੀ ਦੇਹ ਹੈ। ਜਨਮ ਹੋਇਆ। ਛੇ ਮਹੀਨਿਆਂ ਵਿਚ ਇਸ ਦਾ ਪੂਰਾ ਢਾਂਚਾ ਬਣਾਇਆ ਮਾਂ ਦੇ ਉਦਰ ਵਿਚ ਪ੍ਰਮਾਤਮਾ ਨੇ। ਨੌਂ-ਦੱਸ ਮਹੀਨਿਆਂ ਵਿਚ ਇਹ ਮੁਕੰਮਲ ਹੋ ਕੇ ਆਇਆ ਸੰਸਾਰ 'ਤੇ। ਫਿਰ ਪਾਲਦਿਆਂ ਕਿੰਨਾ ਸਮਾਂ ਲੱਗਾ। ਮਾਂ ਨੂੰ ਪੁੱਛ ਕੇ ਵੇਖੋ ਕਿ ਗਰਮੀ ਸਰਦੀ ਉਸ ਨੇ ਸਭ ਕੁਝ ਹੰਢਾਇਆ। ਉਸ ਨੇ ਬੱਚੇ ਨੂੰ ਗੋਦ ਵਿਚ ਪਾਲਿਆ। ਸਰੀਰ ਨੂੰ ਪਾਲਦਿਆਂ ਸੰਭਾਲਦਿਆਂ, ਰੋਜ਼ ਖਾਂਦਿਆਂ, ਪਾਂਦਿਆਂ ਤੇ ਪਹਿਨਦਿਆਂ 70 ਸਾਲ ਹੋ ਗਏ ਹਨ। 70-80 ਸਾਲ ਦਾ ਸਰੀਰ ਖ਼ਤਮ ਕਰਨਾ ਹੋਵੇ ਤਾਂ ਉਸ ਲਈ 70 ਸਾਲ ਦੀ ਲੋੜ ਨਹੀਂ, ਬਸ, ਜ਼ਹਿਰ ਜੀਭ 'ਤੇ ਰੱਖਣ ਦੀ ਦੇਰ ਹੈ ਕਿ 80 ਸਾਲ ਦਾ ਜੀਵ ਵੀ ਖ਼ਤਮ ਹੋ ਜਾਂਦਾ ਹੈ। ਸੱਜਣਾ ! ਹੋ ਸਕਦਾ ਹੈ ਕਿ ਤੂੰ 80 ਸਾਲ ਤੋਂ ਧਰਮ ਦੇ ਕਰਮ ਕਮਾਉਂਦਾ ਹੋਵੇਂ, ਪਰ ਜਿਸ ਦਿਨ ਤੂੰ ਕਰੈਕਟਰ ਤੋਂ ਡਿੱਗ ਪਿਆ, ਤਾਂ 80 ਸਾਲ ਦੇ ਸ਼ੁਭ ਕਰਮ ਵੀ ਜ਼ਹਿਰ ਦੀ ਤਰ੍ਹਾਂ ਖ਼ਤਮ ਹੋ ਜਾਣਗੇ।

ਦੂਜਾ ਬਚਨ ਕੀਤਾ ਕਿ ਮੱਝ ਚੋਅ ਕੇ ਲਿਆਂਦੀ ਹੈ ਜਾਂ ਗਊ ਚੋਅ ਕੇ ਲਿਆਂਦੀ ਹੈ ਤੇ ਦੁੱਧ ਭਾਂਡੇ ਵਿਚ ਪਾਇਆ ਹੈ। ਉਹ ਦੁੱਧ ਐਵੇਂ ਨਹੀਂ ਆਇਆ। ਉਸ ਨੇ ਸੁੱਕੇ ਕੱਖ ਖਾ ਖਾ ਕੇ ਦੁੱਧ ਦਿੱਤਾ ਹੈ, ਪਰ ਉਸੇ ਦੁੱਧ ਵਿਚ ਦੋ ਕਾਂਜੀ ਦੀਆਂ ਬੂੰਦਾਂ ਪੈ ਜਾਣ ਤਾਂ ਸਾਰਾ ਦੁੱਧ ਫੱਟ ਜਾਂਦਾ ਹੈ। ਪਿਆਰਿਉ ! ਜੇ ਮਾੜੇ ਕਿਰਦਾਰ ਦੀ ਕਾਂਜੀ ਦੀ ਬੂੰਦ ਪੈ ਜਾਏ ਤਾਂ ਚੰਗੇ ਜੀਵਨ ਵੀ ਕਈ ਵਾਰੀ ਫੱਟ ਜਾਂਦੇ ਹਨ।

ਤੀਸਰੀ ਬੇਨਤੀ ਕੀਤੀ ਕਿ ਇਕ ਆਦਮੀ ਰੂੰ ਇਕੱਠਾ ਕਰਦਾ ਹੈ। ਕਿੰਨੇ ਮਹੀਨੇ ਲਾ ਕੇ ਕਪਾਹ ਵਿਚੋਂ ਰੂੰ ਨਿਕਲਿਆ ਹੈ, ਪਰ ਇਕ ਚਿੰਗਾੜੀ ਬੜੀ ਹੈ ਜੋ ਸਾਰੇ ਰੂੰ ਨੂੰ ਸਾੜ ਕੇ ਰੱਖ ਦੇਵੇਗੀ। ਇਸੇ ਤਰ੍ਹਾਂ ਜਿਸ ਬੰਦੇ ਦੇ ਅੰਦਰ ਪਰਾਏ ਤਨ ਤੇ ਪਰਾਏ ਧਨ ਦਾ ਵਿਕਾਰ ਹੈ, ਉਸ ਬੰਦੇ ਦੇ ਸਾਰੇ ਗੁਣ, ਸਾਰੀ ਸ਼ਾਂਤੀ ਤੇ ਜੋ ਕੁਝ ਉਹ ਪਰਉਪਕਾਰ ਕਰੀ ਬੈਠਾ ਸੀ, ਉਹ ਸਾਰਾ ਚਲਾ ਜਾਂਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ-

*ਜੈਸੇ ਬਿਖੁ ਤਨਕ ਹੀ ਖਾਤ ਮਰਿ ਜਾਤ ਤਾਤ,*
*ਗਾਤਿ ਮੁਰਝਾਤ ਪ੍ਰਤਿਪਾਲੀ ਬਰਖਨ ਕੀ॥*
*ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰਿ,*
*ਪਰਤਿ ਕਾਂਜੀ ਕੀ ਬੂੰਦ ਬਾਦਿ ਨ ਰਖਨ ਕੀ॥*
*ਜੈਸੇ ਕੋਟਿ ਭਾਰਿ ਤੂਲਿ ਰੰਚਕ ਚਿਨਗ ਪਰੇ,*
*ਹੋਤ ਭਸਮਾਤ ਛਿਨ ਮੈ ਅਕਰਖਨ ਕੀ॥*

*ਤੈਸੇ ਪਰ ਤਨ ਪਰ ਧਨ ਦੂਖਨਾ ਬਿਕਾਰ ਕੀਏ,*
*ਹਰੈ ਨਿਧਿ ਸੁਕ੍ਰਿਤ ਸਹਜ ਹਰਖਨ ਕੀ॥ ੫੦੬॥*

(ਕਬਿੱਤ ਸਵੱਯੇ ਭਾ: ਗੁਰਦਾਸ)

ਐ ਬੰਦਿਆ ! ਤੇਰੇ ਚੰਗੇ ਕੰਮ ਵੀ ਉੱਡ ਜਾਣਗੇ। ਰਕਸ਼ਾ ਰਹਿਤ ਪੁਸਤਕ ਹੈ। ਪ੍ਰਿੰਸੀਪਲ ਸਤਬੀਰ ਸਿੰਘ ਨੇ ਪਰ-ਤਨ ਦੇ ਮੁਤੱਲਕ ਉਥੇ ਇਕ ਬੜੀ ਸੋਹਣੀ ਉਦਾਹਰਨ ਦਿੱਤੀ ਹੈ। ਇਕ ਤਾਂ ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਦਾ ਜੀਵਨ ਹੈ। ਉਹ ਕਵੀ ਸੰਤੋਖ ਸਿੰਘ ਦੇ ਸ਼ਬਦ ਹਨ। ਉਹ ਕਹਿੰਦੇ ਹਨ ਕਿ ਲੜਾਈ ਹੋਈ ਹੈ ਤੇ ਤੁਰਕਾਂ ਦਾ ਇਕ ਡੋਲਾ ਸਿੱਖਾਂ ਦੇ ਹੱਥ ਵਿਚ ਆਇਆ। ਸ਼ਬਦ ਕੋਈ ਵੀ ਮਾੜਾ ਨਹੀਂ ਕਿਹਾ। ਸਿਰਫ਼ ਉਸ ਡੋਲੇ ਨੂੰ ਉਠਾ ਕੇ ਲਿਆਂਦਾ। ਹਜ਼ੂਰ ਨੇ ਜਿੱਤ ਦੀ ਪ੍ਰਸੰਨਤਾ ਜ਼ਾਹਿਰ ਕੀਤੀ ਤੇ ਜਦੋਂ ਪੁੱਛਿਆ ਕਿ ਇਹ ਡੋਲਾ ? ਤਾਂ ਉਥੇ ਸ਼ਬਦ ਵਰਤੇ। ਸਿੱਖਾਂ ਨੇ ਕਿਹਾ-

*ਸਿਖ ਬਦਲਾ ਲੇ ਭਲਾ ਜਣਾਵੇ।*
*ਉਰ ਸ਼ਾਸਤਰ ਕਿਉਂ ਵਰਜ ਹਟਾਵੇ।*

ਉਥੇ ਹਜ਼ੂਰ ਦੇ ਸ਼ਬਦ ਸਨ-

*ਸੁਣ ਸਤਿਗੁਰੂ ਬੋਲੇ ਉਸ ਵੇਲੇ।*
*ਹਮ ਲੇ ਜਾਨੋ ਪੰਥ ਉਚੇਰੇ।*

SIKHBOOKCLUB.COM

ਕਹਿਣ ਲੱਗੇ, ਅਸੀਂ ਇਸ ਪੰਥ ਨੂੰ ਬਹੁਤ ਉੱਚਿਆਂ ਲੈ ਕੇ ਜਾਣਾ ਹੈ। ਭਾਵੇਂ ਦੁਸ਼ਮਣ ਦੀ ਵੀ ਬਹੂ-ਬੇਟੀ ਹੋਵੇ, ਸਿੱਖ ਦਾ ਕਿਰਦਾਰ ਇੰਨਾ ਉੱਚਾ ਹੋਵੇ ਕਿ ਉਹ ਬੇਟੀ ਕੋਲ ਖਲੋਤੀ ਮਹਿਸੂਸ ਕਰੇ ਕਿ ਇਸ ਦੇ ਕੋਲੋਂ ਮੈਨੂੰ ਬਾਪ ਤੇ ਭਰਾ ਦਾ ਪਿਆਰ ਨਸੀਬ ਜ਼ਰੂਰ ਹੋਵੇਗਾ। ਪ੍ਰਿੰਸੀਪਲ ਸਤਬੀਰ ਸਿੰਘ ਲਿਖਦੇ ਹਨ ਕਿ ਬੰਗਲਾ ਦੇਸ਼ ਬਣਿਆ ਹੈ। ਕਹਿੰਦੇ ਹਨ ਕਿ ਪੱਤਰਕਾਰ ਕਵਰਜ ਕਰ ਰਿਹਾ ਸੀ ਜੰਗ ਦੀ। ਯੁੱਧ ਹੱਟ ਗਿਆ। ਇਕ ਅਖ਼ਬਾਰ ਵਿਚ ਉਸ ਨੇ ਇਹ ਖ਼ਬਰ ਛਾਪੀ। ਉਸ ਨੇ ਦੇਖਿਆ ਕਿ ਇਕ ਸਿੱਖ ਫ਼ੌਜੀ ਖਲੋਤਾ ਹੈ। ਇਕ ਮੁਸਲਮਾਨ ਔਰਤ ਆਈ ਤੇ ਆਪਣੇ ਬਾਪ ਨਾਲ ਕਾਰ ਤੋਂ ਥੱਲੇ ਉਤਰੀ। ਫੁੱਲਾਂ ਦਾ ਇਕ ਹਾਰ ਲਿਆ ਤੇ ਉਸ ਸਿੱਖ ਫ਼ੌਜੀ ਦੇ ਗਲੇ ਵਿਚ ਪਾ ਦਿੱਤਾ। ਪੱਤਰਕਾਰ ਗੱਲ ਦੀ ਤਹਿ ਵਿਚ ਜਾਂਦਾ ਹੈ। ਉਸ ਨੇ ਪੁੱਛ ਲਿਆ ਕਿ ਇਹ ਸਿੱਖ ਤੇ ਤੂੰ ਮੁਸਲਮਾਨ, ਇਸ ਦੇ ਗਲ ਵਿਚ ਫੁੱਲਾਂ ਦਾ ਹਾਰ ਕਿਉਂ ? ਉਸ ਬੀਬੀ ਨੇ ਜਿਹੜੇ ਸ਼ਬਦ ਕਹੇ, ਉਹ ਉਸ ਸਿੱਖ 'ਤੇ ਮਾਣ ਕਰਨ ਵਾਲੇ ਹਨ। ਆਪਣੇ ਸਤਿਗੁਰੂ ਦੇ ਸਿਧਾਂਤ 'ਤੇ ਮਾਣ ਕਰਨ ਵਾਲੇ ਹਨ। ਉਸ ਨੇ ਅੱਖਾਂ ਭਰੀਆਂ ਹੋਈਆਂ ਸਨ। ਕਹਿਣ ਲੱਗੀ ਕਿ ਅਸਲੀਅਤ ਇਹ ਹੈ ਕਿ ਸਾਡੇ ਵਤਨ ਦੇ ਲੋਕਾਂ ਨੇ ਸਾਡੇ ਤਨ ਦੇ ਬਸਤਰ ਚੀਰੇ, ਪਰ ਜਿੱਥੇ ਸਿੱਖ ਖਲੋਤੇ ਸਨ, ਇਹਨਾਂ ਨੇ ਸਾਡੇ ਤਨ ਨੂੰ ਆਪਣੀਆਂ ਦਸਤਾਰਾਂ ਦੇ ਬਸਤਰਾਂ ਨਾਲ ਢੱਕਿਆ।

ਅਸਲ ਵਿਚ ਇਹ ਹੀ ਜੀਵਨ ਹੈ ਸਿੱਖ ਦਾ। ਇਹ ਉਪਦੇਸ਼ ਹੈ ਕਿ ਜੇਕਰ ਤੂੰ ਕੰਤ ਹੈਂ ਤਾਂ ਜਿਸ ਨੇ ਤੇਰਾ ਪੱਲਾ ਫੜਿਆ ਹੈ, ਦੇਖੀਂ ਤੂੰ ਬਚਨ ਦਾ ਪੱਕਾ ਰਹੀਂ। ਜਿਸ ਨੇ ਅੱਜ ਤੇਰਾ ਪੱਲਾ ਫੜਿਆ ਹੈ, ਇਸ ਨੇ ਤੇਰੇ 'ਤੇ ਭਰੋਸਾ ਕੀਤਾ ਹੈ। ਤੂੰ ਕਿਸੇ ਹੋਰ ਦਾ ਲੜ ਨਾ ਫੜ ਲਈਂ। ਇਹ ਹੈ ਇਸਤਰੀ ਬਰਤ ਧਰਮ ਲਈ। ਉਸ ਤੋਂ ਅੱਗੇ ਬੇਟੀ ਨੂੰ ਸਿੱਖਿਆ ਕੀ ਹੈ ?

ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਬਾਣੀ ਸੱਚੀ ਸਰਕਾਰ ਨੇ ਇਸਤਰੀ ਰੂਪ ਹੋ ਕੇ ਉਚਾਰਨ ਕੀਤੀ ਹੈ। ਜੇ ਰੱਬ ਨੂੰ ਰੀਝਾਉਣਾ ਚਾਹੁੰਦਾ ਹੈਂ ਤਾਂ ਇਸਤਰੀ ਵਰਗਾ ਹਿਰਦਾ ਹੀ ਸਾਈਂ ਨੂੰ ਖ਼ੁਸ਼ ਕਰ ਸਕਦਾ ਹੈ। ਜੇ ਉਸ ਹਿਰਦੇ ਵਿਚ ਗੁਣ ਨਾ ਹੁੰਦੇ ਤਾਂ ਕਿਉਂ ਉਸ ਰੂਪ ਵਿਚ ਬਾਣੀ ਉਚਾਰਦੇ—

*ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥*
*ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥*

(ਅੰਗ ੧੧੨੮)

ਉਥੇ ਸ਼ਬਦ ਕਿਹਾ ਗਿਆ ਕਿ ਭੈਣੇ ! ਅੱਜ ਜਿਹੜਾ ਤੂੰ ਲੜ ਫੜਿਆ ਹੈ, ਤੂੰ ਸੁਹਾਗਣ ਤਾਂ ਹੈ-

*ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥*
*ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ ॥*

(ਅੰਗ ੧੩੮੪)

ਸੁਹਾਗਣ ਦੀ ਨਿਸ਼ਾਨੀ ਕੀ ਹੈ ?

*ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ*
*ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ॥ ੧ ॥*

(ਅੰਗ ੭੮੫)

ਜੇ ਮਰਦ ਅੰਦਰੋਂ ਸੱਚਾ ਚਾਹੀਦਾ ਹੈ ਤਾਂ ਇਸਤਰੀ ਦੇ ਅੰਦਰ ਵੀ ਸੱਚ ਹੋਵੇ ਤੇ ਜਿਸ ਦੇ ਅੰਦਰ ਸੱਚ ਹੈ, ਉਸ ਦਾ ਮੁੱਖ ਉਜਲਾ ਹੈ। ਫਿਰ ਸੁਹਾਗਣ ਆਪਣਾ ਆਪਾ ਪਤੀਵਰਤਾ ਧਰਮ ਦੀ ਖ਼ਾਤਰ ਕੁਰਬਾਨ ਕਰਦੀ ਹੈ।

ਅੱਜ ਖ਼ਾਸ ਕਰਕੇ ਸਿੱਖਾਂ ਵਿਚ ਵੀ ਬੇਟੀ ਘਰ ਵਿਚ ਜਨਮ ਲੈਂਦੀ ਹੈ ਤਾਂ ਸਾਡੇ ਲੋਕ ਕਲਪਣ ਲੱਗ ਪੈਂਦੇ ਹਨ। ਇਕ ਗੱਲ ਬੜੀ ਸੋਹਣੀ ਕਹੀ ਹੈ ਸੋਹਨ ਸਿੰਘ ਸੀਤਲ ਜੀ ਨੇ। ਉਹ ਕਹਿੰਦੇ ਸਨ ਕਿ ਜਿਸ ਘਰ ਵਿਚ ਭੈਣ ਨਹੀਂ, ਜਿਸ ਘਰ ਵਿਚ ਭੂਆ ਨਹੀਂ, ਜਿਸ ਘਰ ਵਿਚ ਬਾਪ ਦੀ ਭੈਣ ਨਹੀਂ, ਕਈ ਪੁਸ਼ਤਾਂ ਤੋਂ ਜਿਸ ਘਰ ਧੀ ਦਾ ਜਨਮ ਨਹੀਂ ਹੋਇਆ। ਤਾਂ ਧੀ ਦੇਣ ਲੱਗਿਆਂ ਸੋਚਿਉ। ਕਿਉਂਕਿ ਜਿਸ ਨੇ ਧੀ ਨੂੰ ਜਨਮ ਦਿੱਤਾ ਹੈ, ਉਹ ਕਿਸੇ ਦੀ

ਆਈ ਹੋਈ ਬੱਚੀ ਦੀ ਕਦਰ ਜਾਣਦਾ ਹੈ। ਜਿਸ ਨੇ ਉਸ ਆਂਦਰਾਂ ਨੂੰ ਮਾਣਿਆ ਨਹੀਂ, ਉਸ ਨੂੰ ਪਤਾ ਹੀ ਕੀ ਹੈ ਕਿ ਧੀ ਦੀ ਕੀਮਤ ਕੀ ਹੈ।

ਮਹਾਰਾਜ ਨੇ ਕਿਹਾ ਹੈ ਕਿ ਬੱਚੀ ਨੂੰ ਤਾਲੀਮ ਦੇਈਏ, ਪਰ ਧੀ ਦੇ ਚਰਨਾਂ ਵਿਚ ਵੀ ਬੇਨਤੀ ਹੈ ਕਿ ਭੈਣੇ ! ਤੂੰ ਪੜ੍ਹ, ਤੂੰ ਵਿੱਦਿਆ ਲੈ, ਪਰ ਇਕ ਗੱਲ ਚੇਤੇ ਰੱਖੀਂ ਕਿ ਤੇਰੇ ਬਾਪੂ ਦੇ ਸਿਰ 'ਤੇ ਪੱਗ ਹੈ। ਰੱਬ ਮੇਹਰ ਕਰੇ ਕਿ ਉਸ ਦੀ ਪੱਗ ਵੱਲ ਕਦੀ ਕੋਈ ਉਂਗਲ ਨਾ ਚੁੱਕੇ। ਬਾਣੀ ਤੋਂ ਬਿਨਾਂ ਟਿਕਾਅ ਨਹੀਂ। ਜਿਸ ਧੀ ਅੰਦਰ ਬਾਣੀ ਚਲੀ ਗਈ ਗੁਰਮੁਖੋ ! ਉਹ ਪਤੀ ਦਾ ਜੀਵਨ ਪਲਟੇਗੀ। ਸੱਚ ਹੈ, ਬੇਟੀ ਅੰਦਰ ਬਾਣੀ ਚਲੀ ਗਈ ਤਾਂ ਜਦੋਂ ਉਹ ਮਾਂ ਬਣੇਗੀ ਤਾਂ ਆਪਣੇ ਬੱਚਿਆਂ ਦਾ ਜੀਵਨ ਪਲਟੇਗੀ। ਉਸ ਦੇ ਅੰਦਰ ਜੇਕਰ ਬਾਣੀ ਚਲੀ ਗਈ ਤਾਂ ਜਿਹੜੀ ਗੋਦ ਵਿਚ ਪੋਤੇ ਪੋਤੀਆਂ ਬੈਠੇ ਹੋਣਗੇ, ਉਹਨਾਂ ਦੀ ਜ਼ਿੰਦਗੀ ਬਦਲੇਗੀ। ਇਕ ਔਰਤ ਇੰਨੀ ਵੱਡੀ ਤਬਦੀਲੀ ਪੈਦਾ ਕਰ ਸਕਦੀ ਹੈ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਕ ਗੱਲ ਹੋਰ ਕਹੀ ਹੈ ਕਿ ਦੇਖ ਧੀਏ, ਇਕ ਕੰਮ ਕਰੀਂ ਕਿ ਜੇ ਗ੍ਰਹਿਸਤ ਨੂੰ ਸਹੀ ਨਿਭਾਉਣਾ ਹੈ ਤਾਂ ਫਿਰ ਤਿੰਨ ਗੁਣ ਆਪਣੀ ਜ਼ਿੰਦਗੀ ਵਿਚ ਧਾਰਨ ਕਰ ਲਈਂ। ਇਕ ਤੇਰੀ ਜ਼ਬਾਨ 'ਤੇ ਬੜਾ ਵੱਡਾ ਮੰਤਰ ਹੋਵੇ ਮਿੱਠ-ਬੋਲੜੇਪਣ ਦਾ, ਦੂਜਾ ਤੇਰੇ ਕੋਲ ਸਹਾਰਨ ਦੀ ਸ਼ਕਤੀ ਹੋਵੇ, ਖਿਮਾ ਕਰਨ ਦੀ ਤਾਕਤ ਹੋਵੇ ਤੇ ਤੀਜਾ ਰੱਬ ਤੈਨੂੰ ਨਿਮਰਤਾ ਦੇਵੇ। ਜਿਸ ਕੋਲ ਇਹ ਗੁਣ ਹਨ, ਕੰਤ ਹਮੇਸ਼ਾ ਉਸ ਦੇ ਵੱਸ ਵਿਚ ਰਹੇਗਾ। ਅਸੀਂ ਪੜ੍ਹਦੇ ਹਾਂ-

*ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥*
*ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥*

(ਅੰਗ ੧੨੮੪)

ਪਿਤਾ ਦੇ ਘਰੋਂ ਬੇਟੀ ਤੁਰਦੀ ਹੈ। ਬਹੁਤ ਸਾਰੀਆਂ ਸਿੱਖਿਆਵਾਂ ਸਮਾਜ ਅੱਜ ਨਹੀਂ ਦਿੰਦਾ। ਦੇਖੋ, ਜਦੋਂ ਲੜਕੀ ਪਤੀ ਦੇ ਘਰ ਆ ਜਾਏ ਤਾਂ ਬਾਣੀ ਨੇ ਇਕ ਸ਼ਬਦ ਕਿਹਾ ਹੈ ਕਿ ਜੇ ਪਤੀ ਸੁੱਕੀ ਰੋਟੀ ਖਾਂਦਾ ਪਿਆ ਹੈ ਤਾਂ ਭੈਣੇ, ਪੇਕਿਆਂ ਦੀ ਚੋਪੜੀ ਰੋਟੀ ਦਾ ਮਾਣ ਨਾ ਕਰੀਂ। ਤੇਰੀ ਜ਼ਿੰਦਗੀ ਵਿਚ ਉਥੇ ਹੀ ਸੁੱਖ ਹੈ ਜੋ ਪਤੀ ਦੇ ਘਰ ਹੈ। ਪੇਕਿਆਂ ਦੇ ਘਰ ਮਹਿਲ ਹੋ ਸਕਦੇ ਹਨ ਪਰ ਪਤੀ ਦੇ ਘਰ ਦੀ ਕੁੱਲੀ ਨੂੰ ਪ੍ਰਵਾਨ ਕਰ ਲੈ। ਪਿਤਾ ਦੇ ਘਰ ਵਿਚ ਪਲੰਘ ਨਵਾਰੀ ਹੋ ਸਕਦੇ ਹਨ ਪਰ ਪਤੀ ਦੇ ਘਰ ਜੇ ਜ਼ਮੀਨ ਮਿਲ ਗਈ ਤਾਂ ਉਸ ਨੂੰ ਪ੍ਰਵਾਨ ਕਰ ਲੈ। ਬਾਬਾ ਜੀ ਨੇ ਮਾਨੋ ਸੁਹਾਗਣ ਦੇ ਕਿਰਦਾਰ ਰਾਹੀਂ ਰੱਬ ਨੂੰ ਰੀਝਾਉਣ ਲਈ ਇਹ ਸ਼ਬਦ ਕਹੇ ਹਨ-

*ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ॥*

(ਅੰਗ ੧੩੦੬)

ਸੁੱਕੀ ਰੋਟੀ, ਜ਼ਮੀਨ 'ਤੇ ਸੌਣਾ, ਪਰ ਭੈਣੇ ! ਖ਼ੁਸ਼ ਹਾਂ ਕਿ ਮੇਰਾ ਸਾਈਂ ਮੇਰੇ ਕੋਲ ਹੈ। ਪਤੀ ਤੇ ਪਤਨੀ ਉਹਨਾਂ ਦੀ ਸਾਂਝ ਕਿਹੋ ਜਿਹੀ ਹੋਵੇ ? ਮਹਾਰਾਜ ਕਹਿੰਦੇ ਹਨ ਕਿ ਇਕੱਠੇ ਬੈਠ ਕੇ ਰੋਟੀ ਖਾਣ ਦਾ ਨਾਮ ਪਤੀ ਪਤਨੀ ਨਹੀਂ। ਮੰਜੇ 'ਤੇ ਬੈਠ ਕੇ ਗੱਲਬਾਤ ਕਰਨ ਦਾ ਨਾਮ ਪਤੀ ਪਤਨੀ ਨਹੀਂ। ਕਹਿਣ ਲੱਗੇ, ਪਤੀ ਤੇ ਪਤਨੀ ਉਹ ਹਨ ਕਿ ਤਨ ਦੋ ਹੋਣ, ਪਰ ਜਿੰਦ ਉਹਨਾਂ ਦੀ ਇਕ ਹੋਵੇ। ਅਸੀਂ ਪੜ੍ਹਦੇ ਹਾਂ-

*ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥*

(ਅੰਗ ੭੮੮)

ਪਤੀ ਦਾ ਪਤੀਬਰਤ ਧਰਮ ਹੈ ਤੇ ਇਸਤਰੀ ਦਾ ਇਸਤਰੀਬਰਤ ਧਰਮ ਹੈ। ਦੋਨਾਂ ਦੀ ਸਾਂਝ ਵਿਚ ਇਕ ਹੋਰ ਖੇਡ ਹੈ। ਉਹ ਇਹ ਹੈ ਕਿ ਘਰ ਮਾਂ-ਬਾਪ ਹਨ। ਦੋਨਾਂ ਲਈ ਉਪਦੇਸ਼ ਹੈ ਕਿ ਹੇ ਮਰਦ ! ਹੇ ਇਸਤਰੀ ! ਜੇ ਪੁੱਤਰ ਤੇ ਨੋਂਹ ਦਾ ਰਿਸ਼ਤਾ ਹੈ, ਤੇ ਮਾਪੇ ਬੜੀ ਆਸ ਕਰਕੇ ਪੁੱਤਰਾਂ ਨੂੰ ਪਾਲਦੇ ਹਨ ਪਰ ਜੇ ਨੋਂਹ ਉਹਨਾਂ ਨੂੰ ਕੁਝ ਨਾ ਸਮਝੇ ਤਾਂ ਇਹ ਉਸ ਦਾ ਧਰਮ ਨਹੀਂ। ਦੁਨੀਆਂ ਦਾ ਰਿਸ਼ਤਾ ਕੋਈ ਬਣਦਾ ਹੈ, ਕੋਈ ਟੁੱਟਦਾ ਹੈ, ਪਰ ਇਕ ਮਾਪਿਆਂ ਦਾ ਇਹੋ ਜਿਹਾ ਰਿਸ਼ਤਾ ਹੈ, ਜਿਹੜਾ ਨਾ ਖ਼ਰੀਦਿਆ ਜਾਂਦਾ ਹੈ ਤੇ ਨਾ ਮੁੱਲ ਲਿਆ ਜਾਂਦਾ ਹੈ। ਜ਼ਿੰਦਗੀ ਵਿਚ ਇਕ ਵਾਰੀ ਮਾਂ ਦੀ ਕੁੱਖ ਮਿਲੀ ਹੈ, ਜਿਉਂਦੇ ਜੀਅ ਦੁਬਾਰਾ ਕਦੀ ਵੀ ਨਹੀਂ ਮਿਲਣੀ। ਦੁਬਾਰਾ ਕੁੱਖ ਤਾਂ ਹੀ ਮਿਲਦੀ ਹੈ ਜਦੋਂ ਬੰਦਾ ਮਰਦਾ ਹੈ।

ਗੁਰਮੁਖੋ ! ਸਾਡੇ ਗ੍ਰਹਿਸਤੀ ਦਾ ਫ਼ਰਜ਼ ਬਣਦਾ ਹੈ ਕਿ ਮਾਂ ਦਾ ਕਰਜ਼, ਮਾਂ ਦੀ ਕੀਮਤ ਜਾਣੀਏ, ਮਾਪਿਆਂ ਦੀ ਕੀਮਤ ਕਦੀ ਵੀ ਕੋਈ ਅਦਾ ਨਹੀਂ ਕਰ ਸਕਿਆ। ਸਭ ਤੋਂ ਪਹਿਲਾਂ ਰੱਬ ਦਾ ਸ਼ੁਕਰ ਕਰ ਕਿ ਮਾਂ ਦੇ ਉਦਰ ਵਿਚ ਤੇਰੇ ਵਰਗੇ ਕਿੰਨੇ ਸੈੱਲ ਆਏ, ਪਰ ਸਾਰਿਆਂ ਦੀ ਮੌਤ ਹੋ ਗਈ ਤੇ ਕੇਵਲ ਇਕ ਜ਼ਿੰਦਗੀ ਸੀ ਜਿਸ ਨੂੰ ਮਾਂ ਨੇ ਆਪਣੀ ਕੁੱਖ ਵਿਚ ਥਾਂ ਦਿੱਤੀ। ਚੇਤੇ ਰੱਖੀਂ, ਤੇਰੇ ਸੁੱਖ ਦੀ ਖ਼ਾਤਰ ਉਸ ਨੇ ਖਾਣਾ ਪੀਣਾ ਵੀ ਘੱਟ ਕਰ ਲਿਆ ਹੈ, ਇਸ ਲਈ ਉਹਨਾਂ ਦੀ ਸੇਵਾ ਕਰਨੀ ਹਰ ਗ੍ਰਹਿਸਤੀ ਦਾ ਫ਼ਰਜ਼ ਬਣਦਾ ਹੈ। ਭਾਈ ! ਇਸਤਰੀ ਬਰਤ ਧਰਮ ਦਾ ਪਾਬੰਦ ਰਹੋ। ਜੇ ਤੂੰ ਇਹ ਚਾਹੁੰਦਾ ਹੈਂ ਕਿ ਮੇਰੇ ਲੜ ਲੱਗੀ ਹੋਈ ਦੇ ਬਦਨ ਵੱਲ ਕੋਈ ਝਾਕੇ ਨਾ ਤਾਂ ਚੇਤੇ ਰੱਖੀਂ, ਤੂੰ ਵੀ ਉਸ ਦੇ ਬਦਨ ਤੋਂ ਬਿਨਾਂ ਕਿਸੇ ਹੋਰ ਵੱਲ ਝਾਤ ਨਾ ਮਾਰੀਂ।

ਤੇਰੇ ਘਰ ਮਾਂ-ਬਾਪ ਹਨ। ਰਾਤ ਨੂੰ ਉਹਨਾਂ ਦੇ ਪੈਂਦੀ ਬੈਠ ਕੇ, ਦੱਸ ਮਿੰਟ ਉਹਨਾਂ ਦੇ ਚਰਨ ਘੁੱਟ ਕੇ ਚਲੇ ਜਾਉਗੇ ਤਾਂ ਉਹਨਾਂ ਦੀਆਂ ਆਂਦਰਾਂ ਦੀਆਂ ਅਸੀਸਾਂ ਤੁਹਾਡੀਆਂ ਕੁੱਲਾਂ ਦਾ ਭਲਾ ਕਰ ਜਾਏਗੀ। ਉਹ ਕੱਪੜੇ, ਬਸਤਰ, ਧਨ ਦੇ ਮੁਥਾਜ ਨਹੀਂ। ਉਹਨਾਂ ਨੂੰ ਤੇਰੇ ਪਿਆਰ ਦੀ ਲੋੜ ਹੈ। ਚੇਤੇ ਰੱਖੀਂ, ਮਾਪੇ ਹੀ ਬੱਚੇ ਨੂੰ ਪਾਲਦੇ ਹਨ, ਮਾਪੇ ਹੀ ਚੁੱਕਦੇ ਹਨ ਬੱਚੇ ਨੂੰ ਤੇ ਉਸ ਦੀ ਕਿਰਿਆ ਬਚਪਨ ਵੇਲੇ ਮਾਂ ਹੀ ਸੋਧਦੀ ਹੈ, ਇਸ ਕਰਕੇ ਕਿ ਬੱਚਿਆ !

ਅੱਜ ਮੈਂ ਤੈਨੂੰ ਪਾਲਦੀ ਪਈ ਹਾਂ, ਕੱਲ ਨੂੰ ਕਿਤੇ ਮੈਂ ਮੰਜੇ 'ਤੇ ਪੈ ਜਾਵਾਂ ਤਾਂ ਤੂੰ ਮੇਰੀ ਸੰਭਾਲ ਕਰ ਲਈਂ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਨੇ ਸਾਨੂੰ ਸਮਝਾਇਆ ਹੈ। ਆਪ ਅੰਮ੍ਰਿਤ ਛੱਕੋ ਤੇ ਬੱਚਿਆਂ ਨੂੰ ਅੰਮ੍ਰਿਤ ਦੀ ਦਾਤ ਦਿਵਾਉ। ਸਤਿਗੁਰੂ ਕ੍ਰਿਪਾ ਕਰਨ। ਅਰਦਾਸ ਕਰੀਏ। ਪਤੀ ਆਪਣਾ ਫ਼ਰਜ਼ ਪਹਿਚਾਣੇ, ਪਤਨੀ ਆਪਣਾ ਫ਼ਰਜ਼ ਪਹਿਚਾਣੇ ਤੇ ਔਲਾਦ ਆਪਣੇ ਮਾਪਿਆਂ ਦੀ ਕਦਰ ਜਾਣਨ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

SIKHBOOKCLUB.COM

# ਇੱਕ ਦਾ ਮਹੱਤਵ

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਕਰੋੜਾਂ ਜਨਮਾਂ ਦੇ ਵਿਛੁੰਨੇ ਹੋਏ ਅੰਦਰ ਨੂੰ ਪਰੀਪੂਰਨ ਪ੍ਰਮਾਤਮਾ ਨਾਲ ਜੋੜਨ ਦੀ ਸਮਰੱਥਾ ਰੱਖਦੀ ਹੈ। ਸਭ ਤੋਂ ਪਹਿਲਾਂ ਜੋ ਬਚਨ ਹੈ ਧੰਨ ਗੁਰੂ ਗ੍ਰੰਥ ਸਾਹਿਬ ਵਿਚ, ਉਹ ਹੈ ੧ੴ। ਸਿਆਣੇ ਕਹਿੰਦੇ ਹਨ ਕਿ ਬਾਣੀ ਦਾ ਮਕਸਦ ਮਾਨਵਤਾ ਲਈ ੧ੴ, ਇੱਕ ਵਿਚ ਅਭੇਦ ਹੋਣਾ ਤੇ ਉਸ ਤੋਂ ਬਾਅਦ ਜਿਹੜੇ ਬਚਨ ਹਨ, ਉਸ ਨੂੰ ਮੂਲ ਮੰਤਰ ਕਹਿੰਦੇ ਹਾਂ। ਇਸ ਤਰ੍ਹਾਂ ਕਹਿ ਲਉ ਕਿ ਉਸ ਇੱਕ ਦੇ ਗੁਣ ਨਿਰੂਪਨ ਕੀਤੇ ਗਏ ਹਨ। ਪਰ ਮੂਲ ਮੰਤਰ ਤੋਂ ਬਾਅਦ ਅਸੀਂ ਜਪੁ ਜੀ ਸਾਹਿਬ ਦੀ ਬਾਣੀ ਪੜ੍ਹਦੇ ਹਾਂ। ਜਪੁ ਜੀ ਸਾਹਿਬ ਮਾਨੋ ਉਸ ਮੂਲ ਮੰਤਰ ਦੀ ਵਿਆਖਿਆ ਕਰਦੀ ਹੈ ਤੇ ਅਸਲੀਅਤ ਹੈ ਕਿ ਸਮੁੱਚਾ ਗੁਰੂ ਗ੍ਰੰਥ ਸਾਹਿਬ ਜਪੁ ਜੀ ਸਾਹਿਬ ਦੀ ਵਿਆਖਿਆ ਕਰ ਰਿਹਾ ਹੈ।

ਬਾਣੀ ਵਿਚ ਜਦੋਂ ਓਅੰਕਾਰ ਤੋਂ ਪਹਿਲਾਂ ਹਜ਼ੂਰ ਨੇ ੧ ਪਾਇਆ, ਉਹ ਅੱਖਰਾਂ ਵਿਚ ਨਹੀਂ ਪਾਇਆ। ਜਿੱਥੇ ਮਹਲੇ ਸ਼ਬਦ ਦੇ ਨਾਲ ੧ ਆ ਗਿਆ, ਪਾਇਆ ਉਥੇ ਵੀ ੧ ਹੈ ਪਰ ਬਾਣੀ ਵਿਚ ਨਾਲ ਇਸ਼ਾਰਾ ਵੀ ਕਰ ਦਿੱਤਾ ਕਿ ਜਿੱਥੇ ਮਹਲੇ ਨਾਲ ੧ ਆਵੇ, ਉਥੇ ਇਸ ਨੂੰ ਮਹਲਾ ਇੱਕ ਨਾ ਪੜ੍ਹਨਾ, ਉਥੇ ਇਸ ਨੂੰ ਮਹਲਾ ਪਹਿਲਾ ਹੀ ਪੜ੍ਹਨਾ ਹੈ। ਇਹ ਇਸ਼ਾਰਾ ਸੀ ਕਿ ਇਸ ਇੱਕ ਨੂੰ ਪਹਿਲੇ ਦੇ ਰੂਪ ਵਿਚ ਉਚਾਰਨ ਕਰਨਾ ਹੈ। ਇੱਕ ਗਿਣਤੀ ਵਾਚਕ ਇਕ ਨਹੀਂ, ਇਹ ਸੰਖਿਆ ਵਾਚਕ ਇੱਕ ਹੈ। ਜੇ ਗਿਣਤੀ ਵਾਚਕ ਇੱਕ ਹੋਵੇਗਾ ਤਾਂ ਇੱਕ ਵਰਗਾ ਕੋਈ ਦੂਜਾ ਇੱਕ ਵੀ ਹੋ ਸਕਦਾ ਹੈ। ਇੱਥੇ ਇੱਕ ਦੇ ਅਰਥ ਕਰਾਂਗੇ ਅਦੁੱਤੀ, ਜਿਸ ਇੱਕ ਵਰਗਾ ਹੋਰ ਦੂਜਾ ਕੋਈ ਨਹੀਂ। ਜਿਹੜਾ ੧ੴ ਸ਼ਬਦ ਹੈ, ਤਿੰਨ ਹਿੱਸਿਆਂ ਵਿਚ ਅਸੀਂ ਇਸ ਦਾ ਉਚਾਰਨ ਕਰਦੇ ਹਾਂ—ਇਕ, ਓਅੰ, ਕਾਰ। ਓਮ ਸ਼ਬਦ ਪੁਰਾਤਨ ਹੈ। ਇਹ ਬ੍ਰਹਮਵਾਚਕ ਹੈ। ਕੇਵਲ ਕਿਸੇ ਇਕ ਬਰਾਦਰੀ, ਕਿਸੇ ਇਕ ਧਰਮ ਨਾਲ ਸਬੰਧਿਤ ਨਹੀਂ। ਇਕ ਓਮ ਸ਼ਬਦ ਜਦੋਂ ਇਸ ਦੇ ਵੀ ਅਰਥ ਕੀਤੇ ਤਾਂ ਇਸ ਓਮ ਧੁਨੀ ਦੇ ਵੀ ਤਿੰਨ ਟੁਕੜੇ

ਕਰ ਦਿੱਤੇ ਗਏ-ਓ, ਅ ਅਤੇ ਮ। ਇਹਨਾਂ ਤਿੰਨ ਅੱਖਰਾਂ ਦੇ ਤਿੰਨ ਦੇਵ ਮਿੱਥ ਦਿੱਤੇ ਗਏ। ਪਰ ਹਜ਼ੂਰ ਨੇ ਕਿਹਾ, ਨਹੀਂ, ਜਿਸ ਓਅੰਕਾਰ ਦੀ ਗੱਲ ਮੈਂ ਕਰਦਾ ਪਿਆ ਹਾਂ, ਉਸ ਦੇ ਤਿੰਨ ਹਿੱਸੇ ਨਹੀਂ, ਉਹ ਕੇਵਲ ਇੱਕ ਹੈ ਤੇ ਨਿਰੋਲ ਇੱਕ ਅਦੁੱਤੀ ਹੈ, ਜਿਸ ਵਰਗਾ ਇੱਕ ਹੋਰ ਕੋਈ ਨਹੀਂ ਅਤੇ ਉਸ ਇੱਕ ਤੋਂ ਹੀ ਸਾਰਾ ਵਿਸਥਾਰ ਹੈ।

ਜੋ ਕੁਝ ਅਸੀਂ ਦ੍ਰਿਸ਼ਟਮਾਨ ਦੇਖਦੇ ਪਏ ਹਾਂ, ਇਹ ਸਤਿਗੁਰੂ ਦੀ ਬਾਣੀ ਮੁਤਾਬਿਕ

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥*

(ਜਪੁ ਜੀ ਸਾਹਿਬ)

ਉਸ ਇੱਕ ਸ਼ਬਦ ਤੋਂ ਇਹ ਸਾਰਾ ਬ੍ਰਹਿਮੰਡ ਜੋ ਦਿੱਸ ਰਿਹਾ ਹੈ, ਉਸ ਪਰੀਪੂਰਨ ਪ੍ਰਮਾਤਮਾ ਦਾ ਸ਼ਬਦ ਹੈ। ਉਸ ਨਾਦ ਤੋਂ ਇਹ ਸਭ ਕੁਝ ਪੈਦਾ ਹੋਇਆ ਹੈ। ਪਰ ਯਾਦ ਰੱਖਿਓ, ਇਸ ਵਿਸਥਾਰ ਤੋਂ ਬਾਅਦ ਕੇਵਲ ਇੱਕ ਰਹੇਗਾ ਤੇ ਜਿਸ ਦਿਨ ਸਭ ਕੁਝ ਸਮੇਟਿਆ ਗਿਆ, ਉਸ ਇੱਕ ਨੇ ਰਹਿਣਾ ਹੈ ਜਿਸ ਤੋਂ ਪੈਦਾ ਹੋਇਆ ਹੈ। ਆਪ ਜੀ ਜਾਪੁ ਸਾਹਿਬ ਪੜ੍ਹਦੇ ਹੋ। ਜਦੋਂ ਜਾਪੁ ਸਾਹਿਬ ਦਾ ਅਸੀਂ ਚਾਚਰੀ ਛੰਦ ਪੜ੍ਹਦੇ ਹਾਂ ਤਾਂ ਅਖ਼ੀਰ ਵਿਚ ਹੈ-

*ਅਮਾਨ ਹੈਂ॥ ਨਿਧਾਨ ਹੈਂ॥*
*ਅਨੇਕ ਹੈਂ॥ ਫਿਰਿ ਏਕ ਹੈਂ॥*

SIKHBOOKCLUB.COM

(ਜਾਪੁ ਸਾਹਿਬ)

ਅਨੇਕ ਤੋਂ ਬਾਅਦ ਫਿਰ ਇੱਕ ਇਹ ਕਿਵੇਂ ? ਇਸ ਨੂੰ ਹਜ਼ੂਰ ਨੇ ਚੌਪਈ ਸਾਹਿਬ ਵਿਚ ਫ਼ੁਰਮਾਇਆ ਹੈ-

*ਜਬ ਉਦਕਰਖ ਕਰਾ ਕਰਤਾਰਾ॥*

ਜਦੋਂ ਇੱਕ ਦੇ ਮਨ ਵਿਚ ਫੁਰਨਾ ਬਣਿਆ।

*ਪ੍ਰਜਾ ਧਰਤ ਤਬ ਦੇਹ ਅਪਾਰਾ॥*
*ਜਬ ਆਕਰਖ ਕਰਤ ਹੋ ਕਬਹੂੰ॥*
*ਤੁਮ ਮੈ ਮਿਲਤ ਦੇਹ ਧਰ ਸਭਹੂੰ॥*

(ਚੌਪਈ ਸਾਹਿਬ)

ਇੱਕ ਪਸਾਉ ਕੀਤਾ। ਸਭ ਕੁਝ ਸਾਜਿਆ, ਧਰਤੀ ਸਾਜ ਦਿੱਤੀ, ਸਭ ਕੁਝ ਬਣਾ ਦਿੱਤਾ। ਪਰ ਗੁਰਮੁਖੋ ! ਜਿਸ ਦਿਨ ਸੰਕੋਚੇਗਾ ਤਾਂ ਸਭ ਕੁਝ ਸੰਕੋਚਿਆ ਜਾਏਗਾ ਪਰ ਜਿਸ ਇੱਕ ਤੋਂ ਪੈਦਾ ਹੋਇਆ ਹੈ, ਉਹ ਨਹੀਂ। ਇੱਕ ਨੇ ਅਨੇਕ ਬਣਾਏ ਹਨ।

ਧੰਨ ਗੁਰੂ ਅਰਜਨ ਸਾਹਿਬ ਜੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਇਕ ਸ਼ਬਦ ਹੈ। ਹਜ਼ੂਰ

ਨੇ ਫ਼ੁਰਮਾਇਆ ਹੈ ਕਿ ਇੱਕ ਵਿਚੋਂ ਅਨੇਕ ਕਿਵੇਂ ਤੇ ਅਨੇਕ ਤੋਂ ਬਾਅਦ ਫਿਰ ਇੱਕ ਕਿਵੇਂ ? ਅਸੀਂ ਦੇਖਦੇ ਹਾਂ ਕਿ ਬਾਜੀਗਰ ਆਉਂਦਾ ਹੈ। ਉਹ ਜਦੋਂ ਆਇਆ ਤਾਂ ਉਹ ਇਕੱਲਾ ਹੈ। ਫਿਰ ਆਪਣੀ ਕਲਾ ਦਾ ਉਹ ਪ੍ਰਦਰਸ਼ਨ ਕਰਦਾ ਹੈ। ਆਪਣੀ ਕਲਾ ਦਾ ਉਹ ਵਿਸਥਾਰ ਕਰੀ ਜਾਂਦਾ ਹੈ। ਕਦੀ ਉਹ ਬਸਤਰ, ਕਦੀ ਗਹਿਣੇ, ਕਦੀ ਬਰਤਨ, ਬਹੁਤ ਕੁਝ ਉਹ ਲੋਕਾਂ ਨੂੰ ਦ੍ਰਿਸ਼ਟਮਾਨ ਦਿਖਾਉਂਦਾ ਹੈ, ਪਰ ਜਦੋਂ ਬਹੁਤ ਸਾਰਾ ਪਸਾਰਾ ਆਪਣੇ ਚੌਗਿਰਦੇ ਕਰ ਲੈਂਦਾ ਹੈ ਤਾਂ ਆਪ ਹੈਰਾਨ ਹੋਵੋਗੇ ਕਿ ਲੋਕ ਇਕੱਠੇ ਹਨ, ਪਰ ਜਦੋਂ ਖੇਡ ਖ਼ਤਮ ਕਰਦਾ ਹੈ ਤਾਂ ਨਾ ਤਾਂ ਪਸਾਰਾ ਰਹਿੰਦਾ ਹੈ, ਨਾ ਦੇਖਣ ਵਾਲਿਆਂ ਦੀ ਭੀੜ ਰਹਿੰਦੀ ਹੈ, ਰਹਿੰਦਾ ਕੇਵਲ ਉਹ ਹੈ ਜਿਹੜਾ ਬਾਜੀ ਪਾਉਣ ਤੋਂ ਪਹਿਲਾਂ ਇਕੱਲਾ ਤੁਰਿਆ ਆਉਂਦਾ ਸੀ। ਬਾਬਾ ਜੀ ਦਾ ਬਚਨ ਆਉਂਦਾ ਹੈ-

*ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥ ਤਬ ਏਕੋ ਏਕੰਕਾਰਾ॥*

(ਅੰਗ ੭੩੬)

ਜਦੋਂ ਉਸ ਨੇ ਸਵਾਂਗ ਨੂੰ ਸੰਕੋਚਿਆ ਤਾਂ ਸਿਰਫ਼ ਉਹੀ ਰਹਿ ਗਿਆ ਜਿਸ ਨੇ ਬਾਜੀ ਪਾਈ ਸੀ। ਹਜ਼ੂਰ ਨੇ ਫ਼ੁਰਮਾਇਆ ਕਿ ਅਸੀਂ ਸਮੁੰਦਰ ਦੇਖਦੇ ਹਾਂ। ਪਾਣੀ ਹੈ, ਉਸ ਵਿਚੋਂ ਲਹਿਰ ਪੈਦਾ ਹੁੰਦੀ ਹੈ। ਲਹਿਰ ਇੱਕ ਨਹੀਂ, ਲਹਿਰਾਂ ਅਨੇਕਾਂ ਹਨ। ਜਦੋਂ ਸਭ ਕੁਝ ਸ਼ਾਂਤ ਹੋਇਆ ਤਾਂ ਜਿਹੜੀਆਂ ਅਨੇਕਾਂ ਲਹਿਰਾਂ ਸਨ ਉਹ ਸਾਰੀਆਂ ਅਦ੍ਰਿਸ਼ਟ ਹੋ ਗਈਆਂ, ਕੇਵਲ ਉਹ ਸਮੁੰਦਰ ਹੀ ਹੈ ਜਿਸ ਦੇ ਵਿਚੋਂ ਲਹਿਰਾਂ ਉੱਠੀਆਂ ਸਨ। ਅੱਜ ਪਤਾ ਨਹੀਂ ਕਿੰਨੀਆਂ ਕੁ ਲਹਿਰਾਂ ਦਿੱਸਦੀਆਂ ਹਨ। ਪ੍ਰਮਾਤਮਾ ਦੀਆਂ ਬਣਾਈਆਂ ਹਨ। ਕਿਤੇ ਆਦਮੀ ਹੈ, ਕਿਤੇ ਪਸ਼ੂ ਹੈ, ਕਿਤੇ ਪਾਣੀ ਵਿਚ 42 ਲੱਖ ਜੂਨ ਹੈ, ਪਰ ਉਸ ਪ੍ਰਮਾਤਮਾ ਨੇ ਇੱਕ ਤੋਂ ਸਾਰੀਆਂ ਤਰੰਗਾਂ ਬਣਾਈਆਂ। ਜਿਸ ਦਿਨ ਸਮੇਟੀਆਂ ਗਈਆਂ, ਉਸ ਦਿਨ ਕੇਵਲ ਇੱਕ ਹੀ ਰਹਿ ਜਾਏਗਾ ਜਿਸ ਵਿਚੋਂ ਉੱਠੀਆਂ ਹਨ।

*ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ॥*

(ਅੰਗ ੭੩੬)

ਕਨਿਕ ਦਾ ਅਰਥ ਹੈ ਸੋਨਾ। ਸੋਨੇ ਦੀ ਇਕ ਡਲੀ ਹੈ। ਉਸ ਡਲੀ ਵਿਚੋਂ ਸੋਨੇ ਦੇ ਗਹਿਣੇ ਨਿਕਲਦੇ ਹਨ। ਗਹਿਣਿਆਂ ਦੇ ਨਾਮ ਵੱਖਰੇ ਹਨ। ਉਹਨਾਂ ਉੱਪਰ ਨੱਗ ਵੱਖਰੇ ਹਨ। ਕਿਸੇ ਨੇ ਗਹਿਣਾ ਅੰਗੂਠੀ ਦੇ ਰੂਪ ਵਿਚ ਪਾਇਆ, ਕਿਸੇ ਨੇ ਚੂੜੀਆਂ ਬਣਾਈਆਂ, ਕਿਸੇ ਨੇ ਜ਼ੰਜੀਰ ਬਣਾਈ, ਪਰ ਪਿਆਰਿਉ ! ਇਹ ਗਹਿਣੇ ਕੁਝ ਸਮੇਂ ਲਈ ਹੀ ਹਨ। ਜਿਸ ਦਿਨ ਗਹਿਣਾ ਢੱਲੇਗਾ, ਨਾ ਅੰਗੂਠੀ ਰਹਿਣੀ ਹੈ, ਨਾ ਕੜਾ ਰਹਿਣਾ ਹੈ, ਨਾ ਹਾਰ ਰਹਿਣਾ ਹੈ। ਰਹਿ ਜਾਏਗੀ ਤਾਂ ਕੇਵਲ ਉਹ ਸੋਨੇ ਦੀ ਡਲੀ ਜਿਸ ਦੇ ਵਿਚੋਂ ਗਹਿਣਾ ਨਿਕਲਿਆ ਹੈ।

ਪ੍ਰਮਾਤਮਾ ਨੇ ਸਭ ਕੁਝ ਸਾਜ ਕੇ ਇੱਕ ਖਿੱਚ ਪੈਦਾ ਕਰ ਦਿੱਤੀ। ਕੋਈ ਜੀਵ ਅਜਿਹਾ

ਨਹੀਂ, ਕੋਈ ਜੂਨ ਅਜਿਹੀ ਨਹੀਂ ਜਿਸ ਦੇ ਵਿਚ ਪ੍ਰਮਾਤਮਾ ਨੇ ਖਿੱਚ ਪੈਦਾ ਨਹੀਂ ਕੀਤੀ। ਮਿੱਠਾ ਹੈ, ਕੀੜੀ ਦੇ ਅੰਦਰ ਕਿਸ ਨੇ ਸੋਝੀ ਪਾ ਦਿੱਤੀ ਕਿ ਉਹ ਮਿੱਠੇ ਵੱਲ ਖਿੱਚੀ ਹੋਈ ਆਪਣੇ ਆਪ ਤੁਰੀ ਜਾਂਦੀ ਹੈ। ਦੀਵਾ ਬੱਲਦਾ ਹੈ, ਪਤੰਗਾ ਉਸ ਦੀ ਪ੍ਰਕਰਮਾ ਕਰਕੇ ਆਪਣੇ ਆਪ ਨੂੰ ਕੁਰਬਾਨ ਕਰਨ ਆ ਜਾਂਦਾ ਹੈ। ਕੌਣ ਸੀ ਜਿਸ ਨੇ ਨਿੱਕੇ ਜਿਹੇ ਇਸ ਪਤੰਗੇ ਦੇ ਵਿਚ ਇਹ ਖਿੱਚ ਪਾ ਦਿੱਤੀ ਕਿ ਦੀਵੇ ਤੋਂ ਤੂੰ ਆਪਣੇ ਆਪ ਨੂੰ ਕੁਰਬਾਨ ਕਰਨਾ ਹੈ।

ਇਕ ਕ੍ਰਿਪਾ ਉਹਨਾਂ ਹੋਰ ਕੀਤੀ। ਪਰੀਪੂਰਨ ਪ੍ਰਮਾਤਮਾ ਨੇ ਆਪਣੇ ਤੱਕ ਪਹੁੰਚਣ ਦਾ ਇੱਕ ਵਸੀਲਾ ਬਣਾਇਆ। ਉਹ ਵਸੀਲਾ ਕੀ ਸੀ ? ਗੁਰੂ ਜੀ ਨੇ ਬਾਣੀ ਵਿਚ ਉਸ ਪ੍ਰਮਾਤਮਾ ਬਾਰੇ ਕਿਹਾ ਹੈ-

*ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥*
*ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥*

(ਅੰਗ ੯੬੪)

ਉਸ ਵੱਡੇ ਨੇ ਇੱਕ ਸ਼ਕਤੀ ਹੋਰ ਪੈਦਾ ਕੀਤੀ ਹੈ। ਹੈ ਉਸ ਦੇ ਨਾਲ ਜੁੜੀ। ਉਸ ਸ਼ਕਤੀ ਨੂੰ ਨਾਮ ਕਹਿ ਲਉ, ਉਸ ਨੂੰ ਸ਼ਬਦ ਕਹਿ ਲਉ, ਉਸ ਨੂੰ ਹੁਕਮ ਕਹਿ ਲਉ, ਉਸ ਨੂੰ ਰੂਹਾਨੀਅਤ ਸ਼ਬਦ ਦੇ ਦੇਈਏ, ਪ੍ਰਮਾਤਮਾ ਨੇ ਆਪਣੇ ਤੋਂ ਉੱਚਾ ਆਪਣਾ ਨਾਮ ਬਣਾਇਆ ਤੇ ਜਿਸ ਨੇ ਨਾਮ ਦਾ ਪੱਲੂ ਫੜ ਲਿਆ, ਉਹ ਸਭ ਤੋਂ ਉੱਚੇ ਪ੍ਰਮਾਤਮਾ ਵਿਚ ਅਭੇਦ ਹੋ ਗਿਆ। ਬਾਬਾ ਜੀ ਦਾ ਬਚਨ ਹੈ-

*ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥*
*ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥*
*ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥*

(ਜਪੁ ਜੀ ਸਾਹਿਬ)

ਨਾਮ ਉਸ ਦੀ ਅਸੀਸ ਹੈ, ਨਾਮ ਪ੍ਰਮਾਤਮਾ ਦੀ ਨਦਰ ਹੈ। ਹਰ ਚੀਜ਼ ਪ੍ਰਮਾਤਮਾ ਨੇ ਸਿਰਜੀ ਹੈ, ਹਰ ਚੀਜ਼ ਆਪਣੇ ਧੁਰੇ ਵੱਲ ਸਫ਼ਰ ਕਰ ਰਹੀ ਹੈ। ਪਰ ਇਕ ਇਨਸਾਨ ਹੀ ਅਜਿਹਾ ਹੈ ਜਿਹੜਾ ਆਪਣੇ ਧੁਰੇ ਤੋਂ ਦਿਨੋਂ ਦਿਨ ਦੂਰ ਹੋਈ ਜਾਂਦਾ ਹੈ।

ਪ੍ਰਮਾਤਮਾ ਨੇ ਖਿੱਚ ਪੈਦਾ ਕੀਤੀ ਹੈ। ਅਸੀਂ ਦੀਵਾ ਬਾਲਦੇ ਹਾਂ ਜਾਂ ਲੱਕੜ ਨੂੰ ਅੱਗ ਲਾਉਂਦੇ ਹਾਂ, ਮਾਚਿਸ ਨੂੰ ਅੱਗ ਲਾਉਂਦੇ ਹਾਂ, ਪਰ ਕੀ ਕਾਰਨ ਹੈ ਕਿ ਦੀਵਾ ਜ਼ਮੀਨ ਉੱਪਰ ਬੱਲਦਾ ਹੈ ਤੇ ਉਸ ਦੀ ਲਾਟ ਆਸਮਾਨ ਵਾਲੇ ਪਾਸੇ ਜਾਂਦੀ ਹੈ। ਜਿਹੜੀ ਲੋਅ ਹੈ ਉਹ ਉੱਪਰ ਨੂੰ ਉੱਠ ਰਹੀ ਹੈ। ਜੇ ਅਸੀਂ ਕਿਤੇ ਲੱਕੜਾਂ ਦੀ ਅੱਗ ਬਾਲੀਏ ਤੇ ਉਸ ਨੂੰ ਥੋੜਾ ਜਿਹਾ ਹਿਲਾਉ ਤਾਂ ਚੰਗਿਆੜੀਆਂ ਆਸਮਾਨ ਵੱਲ ਜਾਂਦੀਆਂ ਹਨ। ਹਾਲਾਂਕਿ ਜ਼ਮੀਨ ਵਿਚ ਆਕਰਸ਼ਿਤ ਸ਼ਕਤੀ ਹੈ। ਹਰ ਚੀਜ਼ ਨੂੰ ਖਿੱਚ ਰਹੀ ਹੈ ਪਰ ਅੱਗ ਨੂੰ ਕਿਉਂ ਨਹੀਂ। ਧੰਨ ਗੁਰੂ ਗੋਬਿੰਦ ਸਿੰਘ

ਜੀ ਕਹਿੰਦੇ ਹਨ ਕਿ ਐ ਇਨਸਾਨ ! ਥੋੜਾ ਜਿਹਾ ਆਪਣੇ ਗਿਰੇਵਾਨ ਵਿਚ ਝਾਤੀ ਮਾਰ। ਮੈਂ ਤੈਨੂੰ ਦੱਸਣਾ ਚਾਹੁੰਦਾ ਹਾਂ ਕਿ ਤੇਰੇ ਅੰਦਰ ਬੜਾ ਵੱਡਾ ਖ਼ਜ਼ਾਨਾ ਹੈ। ਉਹ ਬੱਤੀ ਆਕਾਸ਼ ਨੂੰ ਕਿਉਂ ਜਾਂਦੀ ਹੈ ? ਦੂਜੀ ਬੇਨਤੀ ਕਿ ਜ਼ਮੀਨ ਤੋਂ ਪਾਣੀ ਉੱਡਿਆ ਹੈ। ਦੇਖੋ ਉੱਡਦਾ ਹੈ ਸਮੁੰਦਰ ਤੋਂ ਪਰ ਦਿੱਸਦਾ ਨਹੀਂ। ਉਹ ਪਾਣੀ ਖਾਰਾ ਵੀ ਹੈ ਤੇ ਉਹ ਪਾਣੀ ਭਾਰਾ ਵੀ ਹੈ। ਪਰ ਜਿਹੜੀ ਕਿਰਿਆ ਉਸ ਨੂੰ ਉਡਾਉਣ ਦੀ ਹੈ, ਇਹ ਕਰਤੇ ਨੇ ਬਣਾਈ ਹੈ, ਕਿਸੇ ਬੰਦੇ ਨੇ ਨਹੀਂ। ਸਮੁੰਦਰ ਤੋਂ ਨਮਕ ਵਾਲਾ ਖਾਰਾ ਪਾਣੀ ਉੱਡਦਾ ਹੈ ਤੇ ਕਈ ਦਿਨ ਆਕਾਸ਼ ਵਿਚ ਰਹਿਣ ਤੋਂ ਬਾਅਦ ਉਹ ਅਸਮਾਨ ਵਿਚ ਉੱਚਾ ਉੱਠ ਕੇ ਫਿਰ ਧਰਤੀ ਵੱਲ ਕਿਉਂ ਆ ਰਿਹਾ ਹੈ ? ਹਕੀਕਤ ਇਹ ਹੈ ਕਿ ਇਹਨਾਂ ਦਾ ਆਪਸ ਵਿਚ ਸੰਬੰਧ ਹੈ। ਹੇ ਇਨਸਾਨ ! ਤੂੰ ਪ੍ਰਮਾਤਮਾ ਦੀ ਅੰਸ਼ ਹੈਂ, ਤੇਰੇ ਅੰਦਰ ਕਦੀ ਤੜਪ ਨਹੀਂ ਪੈਦਾ ਹੋਈ ਆਪਣੇ ਮੂਲ ਨਾਲ ਜੁੜਨ ਦੀ ? ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕਹੇ-

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ ਨਜਾਰੇ ਨਜਾਰੇ ਹੁਇਕੈ ਫੇਰਿ ਆਗ ਮੈਂ ਮਿਲਾਹਿਗੇ ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ ਤਾਹੀ ਤੇ ਉਪਜ ਸਬੈ ਤਾਹੀ ਮੈਂ ਸਮਾਹਿਗੇ ॥*

(ਅਕਾਲ ਉਸਤਤਿ)

SIKHBOOKCLUB.COM

ਉਸ ਵਿਚੋਂ ਹਰ ਚੀਜ਼ ਪੈਦਾ ਹੋਈ ਤੇ ਉਸ ਵਿਚ ਹੀ ਸਮਾਉਣ ਦਾ ਫਿਰ ਤਰੀਕਾ ਕਿਹੜਾ ਹੈ ?

ਇਹ ਗੁਰਮਤਿ ਸਮਾਗਮ ਆਪ ਜੀ ਕਿਉਂ ਕਰ ਰਹੇ ਹੋ ? ਇਸ ਦਾ ਮਕਸਦ ਇਹੀ ਹੈ ਕਿ ਕਿਸੇ ਤਰੀਕੇ ਨਾਲ ਆਪਣੇ ਧੁਰੇ ਨਾਲ ਜੁੜਿਆ ਜਾਏ। ਇਨਸਾਨ ਨੂੰ ਪ੍ਰੇਰਿਆ ਜਾਂਦਾ ਹੈ ਕਿ ਸ਼ਬਦ ਹੀ ਸਾਨੂੰ ਵਿਛੁੰਨਿਆਂ ਹੋਇਆਂ ਨੂੰ ਉਥੇ ਲਿਜਾ ਸਕਦਾ ਹੈ। ਜਿੱਥੋਂ ਬਾਣੀ ਆਈ ਹੈ, ਉਥੇ ਬਰਾਦਰੀ ਦੀ ਕੋਈ ਗੱਲ ਨਹੀਂ, ਉਥੇ ਜਾਤ ਦੀ ਕੋਈ ਗੱਲ ਨਹੀਂ। ਬਾਬਾ ਜੀ ਨੇ ਕਿਹਾ, ਬਾਣੀ ਆਈ ਹੈ। ਗੁਰੂ ਜੀ ਨੇ ਇਹ ਤਾਂ ਨਹੀਂ ਕਿਹਾ ਕਿ ਮਰਦਾਨਿਆ, ਕਲਮ ਫੜ ਬਾਣੀ ਲਿਖੀਏ। ਉਹ ਸ਼ਬਦ ਕਹਿੰਦੇ ਹਨ, ਮਰਦਾਨਿਆ ! ਰਬਾਬ ਛੇੜ, ਬਾਣੀ ਆਈ ਹੈ। ਆਈ ਦਾ ਭਾਵ ਕੀ ਹੈ ? ਹਜ਼ੂਰ ਜਦੋਂ ਆਮ ਵਾਰਤਕ ਸ਼ਬਦ ਬੋਲਦੇ ਹਨ, ਉਹ ਕੀ ਹੈ ? ਉਹ ਬਾਣੀ ਆਈ ਤੇ ਆਈ ਕਿੱਥੋਂ ? ਅਸੀਂ ਸਾਰੇ ਕਹਿੰਦੇ ਹਾਂ ਅਗੰਮੀ ਬਾਣੀ, ਅਕਾਲੀ ਬਾਣੀ, ਅਰਸ਼ੀ ਬਾਣੀ, ਧੁਰ ਕੀ ਬਾਣੀ, ਉਹ ਆਈ ਕਿੱਥੋਂ ? ਭਾਈ, ਉਹ ਆਈ ਉਥੋਂ, ਜਿਨ੍ਹਾਂ ਨੇ ਨਾਮ ਦਾ ਆਸਰਾ ਲਿਆ। ਉਹ ਨਾਮ ਅੱਖਰਾਂ ਤੋਂ ਸ਼ੁਰੂ ਹੋਇਆ। ਸ਼ਬਦ ਦਾ ਆਸਰਾ ਲੈ ਕੇ, ਨਾਮ ਦਾ ਆਸਰਾ ਲੈ ਕੇ, ਨਾਮ ਉਹਨਾਂ ਨੂੰ ਨਾਮੀ ਵਿਚ ਅਭੇਦ ਕਰ ਗਿਆ ਤੇ ਜਿਹੜੇ ਨਾਮੀ ਵਿਚ ਅਭੇਦ ਹੋ ਗਏ, ਜਿਹੜਾ ਅਨੁਭਵੀ ਗਿਆਨ ਉਹਨਾਂ ਨੂੰ ਪ੍ਰਮਾਤਮਾ ਦੇ ਘਰ ਦਾ ਹੋਇਆ, ਉਹਨਾਂ ਤਰਸ ਕਰਕੇ ਸਾਡੀ ਬੋਲੀ ਵਿਚ ਉਚਾਰਨ ਕਰ ਦਿੱਤਾ। ਉਹ ਜੁੜੀਆਂ

ਹੋਈਆਂ ਰੂਹਾਂ ਪ੍ਰਮਾਤਮਾ ਤੱਕ ਪਹੁੰਚੀਆਂ। ਨਾਮੀ ਵਿਚ ਅਭੇਦ ਹੋ ਕੇ ਜਿਹੜਾ ਅਨੁਭਵ ਆਇਆ, ਉਹਨਾਂ ਨੇ ਅੰਦਰ ਤੋਂ ਬਾਹਰ ਕੱਢਿਆ।

ਅਸੀਂ ਜਿੰਨੇ ਵੀ ਪ੍ਰਚਾਰਕ ਪ੍ਰਚਾਰ ਕਰਦੇ ਹਾਂ, ਸਾਰੇ ਇਕੋ ਗੱਲ ਕਹਿੰਦੇ ਹਾਂ ਕਿ ਬਾਣੀ ਅੰਦਰ ਵਸਾਉ। ਗੁਰਮੁਖੋ ! ਜਦੋਂ ਬਾਣੀ ਪੜ੍ਹਨ ਵਾਲਿਆਂ ਨੂੰ ਪੜ੍ਹਦੇ ਹਾਂ ਤਾਂ ਉਹ ਇਕੋ ਗੱਲ ਕਹਿੰਦੇ ਹਨ ਕਿ ਬਾਣੀ ਅੰਦਰੋਂ ਆਈ। ਸਾਨੂੰ ਕਹਿ ਰਹੇ ਹਨ ਅੰਦਰ ਵਸਾਉ ਤੇ ਉਹਨਾਂ ਦੇ ਅੰਦਰੋਂ ਆਈ। ਅੰਦਰ ਅਨੁਭਵ ਸੀ, ਉਸ ਨੇ ਅੱਖਰਾਂ ਦਾ ਰੂਪ ਧਾਰਨ ਕੀਤਾ। ਉਸ ਨੂੰ ਗੁਰਮੁਖੀ ਕਹਿ ਲਉ, ਗੁਰਮੁਖੀ ਦੇ ਅੱਖਰ ਕਹਿ ਲਉ।

ਇਕ ਹੋਰ ਬੇਨਤੀ ਕਿ ਪ੍ਰਮਾਤਮਾ ਨੂੰ ਕੇਵਲ ਅੱਖਰਾਂ ਵਿਚ ਬੰਨ੍ਹਣ ਦਾ ਯਤਨ ਨਾ ਕਰੀਏ, ਇਹ ਤਾਂ ਸਮਝਾਉਣ ਲਈ ਅੱਖਰ ਹਨ। ਪਰ ਉਹ ਤਾਂ ਅਜਿਹਾ ਹੈ ਜਿਸ ਨੂੰ ਅੱਖਰਾਂ ਵਿਚ ਕਦੀ ਬਿਆਨ ਨਹੀਂ ਕੀਤਾ ਜਾ ਸਕਦਾ। ਬਾਬਾ ਜੀ ਨੇ ਕਿਹਾ-

*ਅਖਰੀ ਨਾਮੁ ਅਖਰੀ ਸਾਲਾਹ॥*
*ਅਖਰੀ ਗਿਆਨੁ ਗੀਤ ਗੁਣ ਗਾਹ॥*
*ਅਖਰੀ ਲਿਖਣੁ ਬੋਲਣੁ ਬਾਣਿ॥*
*ਅਖਰਾ ਸਿਰਿ ਸੰਜੋਗੁ ਵਖਾਣਿ॥*
*ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥*

(ਜਪੁ ਜੀ ਸਾਹਿਬ)

SIKHBOOKCLUB.COM

ਉਹਨਾਂ ਦੇ ਅੰਦਰ ਅਨੁਭਵੀ ਪ੍ਰਕਾਸ਼ ਸੀ। ਕਹਿਣ ਲੱਗੇ ਕਿ ਮਾਨਵਤਾ ਦਾ ਭਲਾ ਹੋ ਸਕਦਾ ਹੈ। ਧੁਰ ਨਾਲ ਜੁੜਿਆਂ ਹੋਇਆਂ ਨੇ ਜਿਹੜੇ ਬਚਨ ਕਹੇ, ਉਹਨਾਂ ਬਚਨਾਂ ਵਿਚ ਉਹਨਾਂ ਦੀ ਆਪਣੀ ਕਮਾਈ ਸੀ। ਉਹਨਾਂ ਦੇ ਅੰਦਰ ਤੋਂ ਬਾਣੀ ਆਈ ਤੇ ਅੱਖਰਾਂ ਦਾ ਰੂਪ ਧਾਰਨ ਕਰ ਗਈ ਤੇ ਸਾਨੂੰ ਕਹਿਣ ਲੱਗੇ ਕਿ ਜੇ ਤੂੰ ਉਥੋਂ ਤੱਕ ਪਹੁੰਚਣਾ ਚਾਹੁੰਦਾ ਹੈਂ ਜਿੱਥੋਂ ਬਾਣੀ ਆਈ ਹੈ ਤਾਂ ਤੂੰ ਅੱਖਰਾਂ ਤੋਂ ਸ਼ੁਰੂ ਕਰ ਤੇ ਉਥੇ ਪਹੁੰਚੇਗਾ ਜਿੱਥੇ ਅੱਖਰ ਖ਼ਤਮ ਹੋ ਜਾਂਦੇ ਹਨ। ਉਹਨਾਂ ਉਥੋਂ ਗਿਆਨ ਲਿਆਂਦਾ-

*ਨਾਨਕ ਕਥਨਾ ਕਰੜਾ ਸਾਰੁ॥*

(ਜਪੁ ਜੀ ਸਾਹਿਬ)

ਉਹਨਾਂ ਉਥੋਂ ਗਿਆਨ ਲਿਆਂਦਾ ਜਿੱਥੇ-

*ਅੰਤੁ ਨ ਸਿਫਤੀ ਕਹਣਿ ਨ ਅੰਤੁ॥*

(ਜਪੁ ਜੀ ਸਾਹਿਬ)

ਉਹਨਾਂ ਨੇ ਸਾਨੂੰ ਸਮਝਾਉਣ ਲਈ ਅੱਖਰਾਂ ਦਾ ਰੂਪ ਦੇ ਦਿੱਤਾ ਤੇ ਸਾਨੂੰ ਕਹਿਣ ਲੱਗੇ

ਕਿ ਮੈਂ ਜੀਭ ਤੋਂ ਬਾਹਰ ਕੱਢਿਆ ਹੈ, ਤੂੰ ਜੀਭ ਉੱਪਰ ਟਿਕਾਅ ਕੇ ਅੰਦਰ ਨੂੰ ਲੈ ਜਾਈਂ, ਪਹੁੰਚ ਤੂੰ ਵੀ ਉਥੇ ਜਾਏਂਗਾ ਜਿੱਥੋਂ ਬਾਣੀ ਆਈ ਹੈ। ਜਦੋਂ ਅਸੀਂ ਬਾਣੀ ਨਾਲ ਜੁੜਾਂਗੇ ਤਾਂ ਬਾਣੀ ਸਾਨੂੰ ਉਥੋਂ ਤੱਕ ਲੈ ਜਾਏਗੀ। ਜਿੰਨੀ ਦੇਰ ਤੱਕ ਨਾਮ ਨਹੀਂ, ਉੱਨੀ ਦੇਰ ਤੱਕ ਧਾਮ ਨਹੀਂ ਲੱਭਦੇ ਹੁੰਦੇ। ਨਾਮ ਤੇ ਧਾਮ ਦਾ ਆਪਸ ਵਿਚ ਬੜਾ ਸੰਬੰਧ ਹੈ। ਜਿਸ ਨੂੰ ਘਰ ਦਾ ਪਤਾ ਹੋਵੇ, ਉਹ ਸਿੱਧਾ ਘਰ ਵਿਚ ਜਾ ਪਹੁੰਚੇਗਾ, ਪਰ ਜਿਸ ਨੂੰ ਪਤਾ ਨਹੀਂ, ਉਸ ਨੂੰ ਸਮਝ ਹੋਣੀ ਜ਼ਰੂਰੀ ਹੈ। ਗੁਰਮੁਖੋ ! ਨਾਮ ਨਾ ਹੋਵੇ ਤਾਂ ਕਈ ਵਾਰੀ ਬੰਦਾ ਘਰ ਦੇ ਅੱਗੋਂ ਵੀ ਫੇਰੇ ਪਾ ਜਾਂਦਾ ਹੈ, ਪਰ ਘਰ ਦੇ ਅੰਦਰ ਨਹੀਂ ਵੜਦਾ। ਜੇ ਨਾਮ ਪਤਾ ਹੋਵੇ ਤਾਂ ਉਸ ਘਰ ਤੱਕ ਪਹੁੰਚ ਜਾਂਦਾ ਹੈ। ਬੰਦਾ ਜਿੰਨਾ ਮਰਜ਼ੀ ਸਿਆਣਾ ਹੋਵੇ ਪਿਆਰਿਉ ! ਜੇ ਪੱਲੇ ਨਾਮ ਨਹੀਂ ਪ੍ਰਮਾਤਮਾ ਦਾ ਤਾਂ ਨਾਮ ਤੋਂ ਬਿਨਾਂ ਧਰਮ ਨਹੀਂ ਮਿਲਦਾ ਹੁੰਦਾ। ਧਾਮ ਦਾ ਅਰਥ ਹੈ ਟਿਕਾਣਾ। ਬਾਰਹਮਾਹਾ ਵਿਚ ਪਹਿਲੇ ਪਦੇ ਦੀਆਂ ਅਖ਼ੀਰਲੀਆਂ ਤੁੱਕਾਂ ਇਹ ਹਨ–

*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥*

(ਅੰਗ ੧੩੩)

ਗੁਰਮੁਖੋ ! ਨਾਮ ਹੈ ਤਾਂ ਨਿਹਚਲ ਧਾਮ ਤੱਕ ਪਹੁੰਚਾਂਗੇ। ਇਕ ਦਿਨ ਹਜ਼ੂਰ ਨੇ ਫ਼ੁਰਮਾਇਆ–

*ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ॥*

(ਅੰਗ ੯੦੨)

ਗੁਰੂ ਤੇਗ਼ ਬਹਾਦਰ ਜੀ ਕਹਿੰਦੇ ਹਨ ਕਿ ਮੈਨੂੰ ਦੱਸੋ ਕਿ ਹਾਥੀ ਨੇ ਕੀ ਧਰਮ ਕਮਾਇਆ ? ਉਸ ਨੇ ਕਿਹੜੀ ਥਾਂ ਤੋਂ ਤਾਲੀਮ ਲਈ ?

*ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ॥*

(ਅੰਗ ੯੦੨)

ਰੱਬ ਨੇ ਉਸ ਦੇ ਅੰਦਰ ਦੀ ਖਿੱਚ ਨੂੰ ਸਮਝ ਲਿਆ। ਧਰਮ ਧਾਰਨ ਕਰਨ ਦਾ ਨਾਮ ਹੈ। ਧਰਮ ਨੂੰ ਜ਼ਿੰਦਗੀ ਵਿਚ ਅਪਨਾਵਾਂਗੇ ਤਾਂ ਮੰਜ਼ਿਲ ਮਿਲੇਗੀ। ਗੁਰਮੁਖੋ ! ਇਹ ਸ਼ਬਦ ਜੋ ਵਰਣਾਤਮਕ ਹੈ, ਇਹ ਸਾਡੇ ਅੰਦਰ ਧੁਨੀ ਪੈਦਾ ਕਰੇਗਾ। ਇਸੇ ਸ਼ਬਦ ਨੇ ਜੱਪਦਿਆਂ ਹੋਇਆਂ ਸਾਡੀ ਅਗਵਾਈ ਕਰ ਕੇ ਪ੍ਰਮਾਤਮਾ ਦੇ ਘਰ ਤੱਕ ਲੈ ਜਾਣਾ ਹੈ। ਜਿਹੜੇ ਲੋਕ ਇਹ ਸ਼ਬਦ ਕਹਿੰਦੇ ਹਨ ਕਿ ਦੇਹ ਤੋਂ ਬਿਨਾਂ ਪਾਰ ਉਤਾਰਾ ਨਹੀਂ, ਪਰ ਜਿਸ ਦਿਨ ਉਹ ਵੀ ਉਪਦੇਸ਼ ਦਿੰਦੇ ਹਨ ਕਿ ਦੇਹ ਕਦੀ ਕਿਸੇ ਦੇ ਘਰ ਨਹੀਂ ਗਈ ਤਾਂ ਚੇਤੇ ਰੱਖੋ, ਮੰਤਰ ਉਹ ਵੀ ਅੱਖਰਾਂ ਦਾ ਹੀ ਦਿੰਦੇ ਹਨ।

ਗੁਰਮੁਖੋ ! ਬਾਣੀ ਵਿਚ ਕੀ ਹੈ ? ਗੁਰੂ ਨੇ ਕਿਹਾ, ਇਹ ਜੋ ਅੱਖਰ ਹਨ, ਇਹਨਾਂ ਵਿਚ

ਰੱਬੀ ਗਿਆਨ ਹੈ। ਜੇ ਤੇਰੇ ਅੰਦਰ ਚਲੇ ਗਏ ਤਾਂ ਇਹ ਅੱਖਰ ਤੇਰੇ ਅੰਦਰ ਦੀ ਤਾਸੀਰ ਬਦਲ ਦੇਣਗੇ। ਜੇ ਅਸੀਂ ਜੱਪਣ ਵਾਲੇ ਪਾਸੇ ਤੁਰਾਂਗੇ ਤਾਂ ਸਤਿਗੁਰੂ ਮੇਹਰ ਕਰਨਗੇ। ਫਿਰ ਬਾਣੀ ਨੂੰ ਜੱਪਦਿਆਂ ਇਕੱਲਾ ਜੱਪ ਨਹੀਂ, ਇਹ ਕੁਰਬਾਨੀ ਵੀ ਮੰਗਦੀ ਹੈ। ਗ਼ਰੀਬ ਬੰਦਾ ਮਰਨ ਲਈ ਹਰ ਸਮੇਂ ਤਿਆਰ ਰਹਿੰਦਾ ਹੈ। ਉਸ ਨੂੰ ਪਤਾ ਹੈ ਕਿ ਪੱਲੇ ਤਾਂ ਕੁਝ ਵੀ ਨਹੀਂ। ਅਮੀਰ ਬੰਦਾ ਹਮੇਸ਼ਾ ਲੜਾਈ ਤੋਂ, ਬਿਪਤਾ ਤੋਂ ਸੰਕੋਚ ਕਰਦਾ ਹੈ। ਉਸ ਨੂੰ ਪਤਾ ਹੈ ਕਿ ਮੇਰੇ ਪਿੱਛੇ ਜਾਇਦਾਦ ਬਹੁਤ ਹੈ।

ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਕਾਲ ਵਿਚ ਬੇਅੰਤ ਲੋਕ ਆਏ। ਦੋ ਸ਼ਾਹ ਹਜ਼ੂਰ ਦੀ ਜ਼ਿੰਦਗੀ ਵਿਚ ਆਏ। ਇਕ ਸ਼ਾਹ ਬਾਬਾ ਬਕਾਲਾ ਸਾਹਿਬ ਆਇਆ ਤੇ ਦੂਜਾ ਸ਼ਾਹ ਸ਼ਹਾਦਤ ਤੋਂ ਬਾਅਦ ਆਇਆ। ਦੋਨੋਂ ਰੱਜ ਕੇ ਧਨਾਢ ਹਨ— ਬਾਬਾ ਮੱਖਣ ਸ਼ਾਹ ਤੇ ਬਾਬਾ ਲੱਖੀ ਸ਼ਾਹ। ਇਕ ਨੇ ਜਦੋਂ ਗੁਰੂ ਭੋਰੇ ਵਿਚ ਬੈਠਾ ਸੀ ਤਾਂ ਪੱਲੂ ਫੇਰ ਕੇ ਕਿਹਾ ਸੀ, ਲੋਕੋ ! ਕਿੱਧਰ ਤੁਰੇ ਫਿਰਦੇ ਹੋ, ਆਉ ਮੈਂ ਤੁਹਾਨੂੰ ਦੱਸਦਾ ਹਾਂ ਕਿ ਗੁਰੂ ਤੇਗ਼ ਬਹਾਦਰ ਹੀ ਗੁਰੂ ਹੈ। ਇਕ ਰੌਲਾ ਪਾ ਕੇ ਕਹਿੰਦਾ ਹੈ ਕਿ ਗੁਰੂ ਨੂੰ ਪ੍ਰਗਟ ਕਰਨਾ ਹੈ ਤੇ ਦੂਜਾ ਗੱਡੇ ਵਿਚ ਲੁਕਾ ਕੇ ਕਹਿੰਦਾ ਹੈ ਕਿ ਪਤਾ ਨਾ ਲੱਗ ਜਾਏ, ਗੁਰੂ ਦਾ ਸਸਕਾਰ ਕਰਨਾ ਹੈ। ਇਕ ਨੇ ਪ੍ਰਗਟ ਕੀਤਾ, ਦੂਜੇ ਨੇ ਲੁਕਾਇਆ। ਇਕ ਕੋਠੇ ਉੱਪਰ ਚੜ੍ਹ ਕੇ ਰੌਲਾ ਪਾਉਂਦਾ ਪਿਆ ਹੈ ਤੇ ਦੂਜਾ ਕੋਠੇ ਨੂੰ ਅੱਗ ਲਾਉਂਦਾ ਪਿਆ ਹੈ। ਭਾਈ ਸਿੱਖੋ ! ਪ੍ਰਗਟ ਕਰਨ ਵਾਲਾ ਵੀ ਆਪਣਾ ਫ਼ਰਜ਼ ਨਿਭਾ ਗਿਆ ਤੇ ਲੁਕਾ ਕੇ ਲਾਮਬੂ ਲਾਉਣ ਵਾਲਾ ਵੀ ਆਪਣਾ ਫ਼ਰਜ਼ ਨਿਭਾ ਗਿਆ।

SIKHBOOKCLUB.COM

ਇਕ ਅਦੀਬ ਨੇ ਲਿਖਿਆ ਸੀ ਕਿ ਇਕ ਸ਼ਾਹ ਨੇ ਸ਼ਾਹਾਂ ਦੇ ਸ਼ਾਹ ਨੂੰ ਜੱਗ ਦੇ ਵਿਚ ਇੰਝ ਪ੍ਰਗਟਾਇਆ— ਗੁਰੂ ਲਾਧੋ ਰੇ, ਗੁਰੂ ਲਾਧੋ ਰੇ। ਕੋਠੇ ਚੜ੍ਹ ਉਸ ਰੌਲਾ ਪਾਇਆ। ਇਕ ਸ਼ਾਹ ਨੇ ਸ਼ਾਹਾਂ ਦੇ ਸ਼ਾਹ ਦਾ ਧੜ ਆਪਣੇ ਘਰ ਵਿਚ ਇੰਝ ਲੁਕਾਇਆ ਕਿ ਆਪਣੇ ਹੱਥੀਂ ਆਪਣੇ ਘਰ ਨੂੰ ਆਪੇ ਲਾਮਬੂ ਲਾਇਆ। ਇਕ ਸ਼ਾਹ ਨੇ ਗੁਰੂ ਪ੍ਰਗਟਾਇਆ, ਦੂਜੇ ਸ਼ਾਹ ਨੇ ਗੁਰੂ ਦਾ ਧੜ ਲੁਕਾਇਆ। ਉਸ ਨੇ ਵੀ ਆਪਣਾ ਫ਼ਰਜ਼ ਨਿਭਾਇਆ ਤੇ ਉਸ ਨੇ ਆਪਣਾ ਫ਼ਰਜ਼ ਨਿਭਾਇਆ। ਦੋਨੋਂ ਸ਼ਾਹ ਆਏ। ਉਹਨਾਂ ਨੇ ਗੁਰੂ ਦੀ ਸੇਵਾ ਕੀਤੀ, ਪਰ ਯਾਦ ਰੱਖਿਉ, ਘਰ ਸੜਦੇ ਹਨ, ਅੱਗ ਲੱਗੀਆਂ ਹੋਈਆਂ ਥਾਵਾਂ ਵਿਚ ਲੋਕ ਵੱਸਣ ਤੋਂ ਗੁਰੇਜ਼ ਕਰਦੇ ਹਨ, ਪਰ ਜਿਸ ਨੇ ਆਪਣੇ ਘਰ ਨੂੰ ਅੱਗ ਲਾਈ, ਉਹ ਘਰ ਸੜਿਆ ਨਹੀਂ, ਉਹ ਸਦੀਵ ਕਾਲ ਲਈ ਜੁੱਗੋ ਜੁੱਗ ਅਟੱਲ ਹੋ ਗਿਆ। ਲੱਖੀ ਸ਼ਾਹ ਜੀ ਨੇ ਅੱਗ ਲਾਈ ਤੇ ਅੱਜ ਵੀ ਸਮੁੱਚਾ ਸਿੱਖ ਜਗਤ ਉਸ ਸਤਿਗੁਰੂ ਦੇ ਦਰਬਾਰ ਵਿਚ ਜਾ ਕੇ ਮੱਥੇ ਟੇਕਦਾ ਹੈ। ਉਹ ਘਰ ਗੁਰੂ ਤੇਗ਼ ਬਹਾਦਰ ਜੀ ਦਾ ਘਰ ਬਣ ਗਿਆ।

ਸ਼ਬਦ ਨੂੰ ਕਮਾਉਣ ਵਾਲੇ ਪਾਸੇ ਤੁਰੀਏ। ਸ਼ਬਦ ਨੂੰ ਜੇ ਕਮਾਉਣਾ ਹੈ ਤਾਂ ਜੋ ਗੁਰੂ ਜੀ ਨੇ ਸਾਡੇ ਉੱਪਰ ਮੇਹਰ ਕਰਕੇ ਸਾਨੂੰ ਗੁਰਮਤਿ ਨਾਮ ਦਿੱਤਾ ਹੈ, ਇਸ ਨਾਮ ਨੂੰ ਰਸਨਾ ਤੋਂ ਸ਼ੁਰੂ ਕਰੀਏ। ਜਿਸ ਦਿਨ ਸਾਡਾ ਜਨਮ ਹੋਇਆ, ਸਾਡਾ ਵਿਕਾਸ ਇਸ ਮੂੰਹ ਤੋਂ ਹੋਇਆ ਸੀ। ਜਿਸ

ਦਿਨ ਬਾਣੀ ਦੀ ਸ਼ੁਰੂਆਤ ਹੋਈ, ਇਸ ਦਾ ਆਗ਼ਾਜ਼ ਜੱਪ ਤੋਂ ਹੋਇਆ। ਜਿਸ ਦਿਨ ਇਸ ਦਾ ਜਨਮ ਹੋਇਆ ਤਾਂ ਬੱਚਾ ਮਾਂ ਨੂੰ ਅੱਖਾਂ ਨਾਲ ਪਹਿਚਾਣਦਾ ਹੈ, ਕੰਨਾਂ ਨਾਲ ਮਾਂ ਦੇ ਸ਼ਬਦ ਵੀ ਸੁਣਦਾ ਹੈ, ਪੈਰਾਂ ਵਿਚ ਉਸ ਦੇ ਸਮਰੱਥਾ ਨਹੀਂ ਕਿ ਉੱਠ ਸਕੇ। ਸਭ ਤੋਂ ਪਹਿਲੀ ਪਹਿਚਾਣ ਬੱਚੇ ਨੂੰ ਇਕ ਘੰਟੇ ਬਾਅਦ ਜਿਹੜੀ ਹੁੰਦੀ ਹੈ, ਅੱਧੇ ਘੰਟੇ ਬਾਅਦ ਹੁੰਦੀ ਹੈ, ਪੇਟ ਵਿਚ ਭੁੱਖ ਪੈਦਾ ਹੁੰਦੀ ਹੈ, ਕੋਈ ਨਹੀਂ ਸਿਖਾਉਂਦਾ। ਮਾਂ ਦਾ ਦੁੱਧ ਚੁੰਘਣ ਦੀ ਜਾਚ ਆਪਣੇ ਆਪ ਆ ਜਾਂਦੀ ਹੈ। ਸ਼ੁਰੂਆਤ ਮੂੰਹ ਹੈ। ਬਾਬਾ ਜੀ ਨੇ ਪਹਿਲੀ ਸ਼ੁਰੂਆਤ ਇਹ ਕਹੀ ਤੇ ਕਹਿਣ ਲੱਗੇ-

*ਪਹਿਲੈ ਪਿਆਰਿ ਲਗਾ ਥਣ ਦੁਧਿ॥*

(ਅੰਗ ੧੩੭)

ਕਿਸੇ ਜੰਮਦੇ ਹੋਏ ਬੱਚੇ ਨੂੰ ਦੁੱਧ ਦੇ ਅਰਥਾਂ ਦਾ ਕੋਈ ਪਤਾ ਨਹੀਂ, ਪਰ ਜਦੋਂ ਦੁੱਧ ਗਲੇ ਤੋਂ ਥੱਲੇ ਉਤਰ ਜਾਏ ਤਾਂ ਉਸ ਦੇ ਸਰੀਰ ਦਾ ਵਿਕਾਸ ਦੱਸਦਾ ਹੈ ਕਿ ਦੁੱਧ ਦਾ ਅਰਥ ਕੀ ਹੈ। ਵਾਹਿਗੁਰੂ ਸ਼ਬਦ ਤੇਰੇ ਗਲੇ ਤੋਂ ਥੱਲੇ ਉਤਰੇ, ਤੇਰੀ ਆਤਮਾ ਨੂੰ ਸ਼ਕਤੀ ਮਿਲੇਗੀ।

ਗੁਰੂ ਨੇ ਪਹਿਲੀ ਬਾਣੀ ਹੀ ਜਪੁ ਰੱਖੀ ਤੇ ਜੱਪਣ ਦਾ ਸੰਬੰਧ ਸਾਡੀ ਰਸਨਾ ਨਾਲ ਹੈ। ਰਸਨਾ ਨਾਲ ਜੱਪਾਂਗੇ ਤਾਂ ਇਕ ਸਵਾਲ ਹੋਰ ਉੱਠਦਾ ਹੈ ਕਿ ਜੇ ਰਸਨਾ ਨਾਲ ਵਾਹਿਗੁਰੂ ਜੱਪਾਂਗੇ ਤਾਂ ਕੀ ਹੋਵੇਗਾ ? ਬਸ ਇਹ ਹੋਵੇਗਾ ਕਿ ਜੇ ਰੁੱਖ ਦੀਆਂ ਜੜ੍ਹਾਂ ਵਿਚ ਪਾਣੀ ਦੇ ਦਿਉ ਤਾਂ ਪੱਤੇ, ਫੁੱਲ ਤੇ ਫਲਾਂ ਵਿਚ ਆਪਣੇ ਆਪ ਰੱਸ ਸੰਚਿਤ ਹੋ ਜਾਂਦਾ ਹੈ ਅਤੇ ਜੇ ਜ਼ਬਾਨ 'ਤੇ ਵਾਹਿਗੁਰੂ ਟਿਕਾਅ ਲਈਏ ਤਾਂ ਰੋਮ-ਰੋਮ ਵਿਚ ਰੱਸ ਸੰਚਿਤ ਹੋ ਜਾਏਗਾ। ਭੋਜਨ ਦੱਸ ਮਿੰਟ ਜ਼ਬਾਨ ਨਾਲ ਚੱਖ ਕੇ ਖਾ ਲੈਂਦੇ ਹਾਂ, ਪਰ ਯਾਦ ਰੱਖਿਉ, ਦੱਸ ਮਿੰਟ ਦਾ ਖਾਧਾ ਤਿੰਨਾਂ ਘੰਟਿਆਂ ਦੀ ਐਨਰਜੀ ਪੈਦਾ ਕਰ ਦਿੰਦਾ ਹੈ ਤੇ ਜੇ ਦੱਸ ਮਿੰਟ ਟਿੱਕ ਕੇ ਗੁਰੂ ਜੱਪ ਲਵਾਂਗੇ ਤਾਂ 24 ਘੰਟੇ ਕਿੰਨਾ ਕੁ ਸੁੱਖ ਬਣੇਗਾ। ਇਸ ਨੂੰ ਪ੍ਰੈਕਟੀਕਲ ਕਮਾਵਾਂਗੇ ਤਾਂ ਧੰਨ ਗੁਰੂ ਗ੍ਰੰਥ ਸਾਹਿਬ ਕ੍ਰਿਪਾ ਕਰਨਗੇ। ਸਤਿਗੁਰੂ ਮੇਹਰ ਕਰਨ। ਸਾਨੂੰ ਸਾਰਿਆਂ ਨੂੰ ਸਮੱਤ ਬਖ਼ਸ਼ਣ। ਏਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਭੁੱਲਾਂ ਚੁੱਕਾਂ ਲਈ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

# ਖੀਸਾ ਮੇਰਾ ਹੱਥ ਤੇਰਾ

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

"ਜੋ ਇਸ ਸੰਸਾਰ 'ਤੇ ਆਇਆ ਹੈ, ਉਸ ਨੇ ਇਕ ਦਿਨ ਇਸ ਸੰਸਾਰ ਤੋਂ ਕੂਚ ਵੀ ਕਰਨਾ ਹੈ।" ਇਹ ਸ਼ਬਦ ਅਸੀਂ ਸਾਰੇ ਕਹਿੰਦੇ ਵੀ ਹਾਂ ਤੇ ਸੁਣਦੇ ਵੀ ਹਾਂ। ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਦੇ ਹਾਂ ਤਾਂ ਪ੍ਰਮਾਤਮਾ ਨੇ ਅਨੇਕਾਂ ਭਾਂਤਾਂ ਦੇ ਜੀਵ ਇਸ ਸੰਸਾਰ ਵਿਚ ਪੈਦਾ ਕੀਤੇ ਹਨ, ਪਰ ਉਸ ਪ੍ਰਮਾਤਮਾ ਦੀ ਬਣਾਈ ਹੋਈ ਇਸ ਸ੍ਰਿਸ਼ਟੀ ਵਿਚ ਸਾਨੂੰ ਅਨੇਕਤਾ ਮਿਲੇਗੀ।

ਜੇਕਰ ਕੋਈ ਇਨਸਾਨ ਇਹ ਕਹੇ ਕਿ ਮੈਂ ਸਮੁੱਚੀ ਦੁਨੀਆਂ ਵਿਚ ਏਕਤਾ ਪੈਦਾ ਕਰਨੀ ਚਾਹੁੰਦਾ ਹਾਂ ਤਾਂ ਉਹ ਬਹੁਤ ਭੁਲੇਖੇ ਵਿਚ ਜੀਉਂਦਾ ਹੈ। ਇਥੇ ਨਾ ਧਨ ਕਰਕੇ ਕਦੀ ਬਰਾਬਰਤਾ ਹੋਈ ਹੈ। ਨਾ ਇਥੇ ਸੁਭਾਅ ਕਰਕੇ ਬਰਾਬਰਤਾ ਹੋਈ ਹੈ। ਨਾ ਇਥੇ ਲੋਕਾਂ ਦੇ ਰਹਿਣ ਸਹਿਣ ਕਰਕੇ ਬਰਾਬਰਤਾ ਹੋਈ ਹੈ। ਪ੍ਰਮਾਤਮਾ ਨੇ ਖ਼ੁਦ ਅਨੇਕਤਾ ਪੈਦਾ ਕੀਤੀ ਹੈ ਅਤੇ ਧਰਤੀ ਦਾ ਕੋਈ ਇਨਸਾਨ ਬਰਾਬਰਤਾ ਨਹੀਂ ਪੈਦਾ ਕਰ ਸਕਦਾ। ਅੱਜ ਪੂਰੇ ਮਨੁੱਖ ਦਾ ਜ਼ੋਰ ਲੱਗਾ ਹੈ ਕਿ ਹਰ ਸ਼ਹਿਰ ਵਿਚ, ਹਰ ਮੁਲਕ ਵਿਚ ਅਸੀਂ ਧਨ ਕਰਕੇ ਬਰਾਬਰਤਾ ਪੈਦਾ ਕਰਨੀ ਹੈ। ਪਰ ਯਾਦ ਰੱਖੋ, ਇਹ ਸਾਡੇ ਲੋਕਾਂ ਦੇ ਅੰਦਰ ਦੀ ਗਿਣਤੀ ਮਿਣਤੀ ਹੈ। ਪ੍ਰਮਾਤਮਾ ਨੇ ਇਨਸਾਨ ਨੂੰ ਪੈਦਾ ਕੀਤਾ ਹੈ ਤਾਂ ਨਾ ਧਨ ਕਰਕੇ ਪਹਿਲਾਂ ਬਰਾਬਰਤਾ ਸੀ, ਨਾ ਹੁਣ ਹੈ ਤੇ ਯਾਦ ਰੱਖੋ, ਨਾ ਆਉਣ ਵਾਲੇ ਸਮੇਂ ਵਿਚ ਕਦੀ ਹੋਵੇਗੀ।

ਹਜ਼ੂਰ ਕਹਿੰਦੇ ਹਨ ਕਿ ਜਿਹੜਾ ਇਹ ਸੋਚ ਕੇ ਚੱਲਦਾ ਹੈ ਕਿ ਮੈਂ ਆਰਥਿਕ ਪੱਖੋਂ ਬਰਾਬਰਤਾ ਲਿਆਉਣੀ ਹੈ ਤਾਂ ਉਹ ਭੁਲੇਖੇ ਵਿਚ ਹੈ। ਪ੍ਰਮਾਤਮਾ ਨੇ ਇਕ ਘਰ ਵਿਚ ਦੋ ਭਰਾ ਪੈਦਾ ਕੀਤੇ ਹਨ। ਉਹਨਾਂ ਦੋਹਾਂ ਨੇ ਇਕੋ ਮਾਂ ਦਾ ਦੁੱਧ ਪੀਤਾ। ਇਕ ਕੁੱਖ ਵਿਚੋਂ ਜਨਮ ਹੋਇਆ। ਇਕੋ ਬਾਗ਼ ਦੇ ਵਿਹੜੇ ਵਿਚ ਉਹ ਖੇਡੇ। ਯਾਦ ਰੱਖੋ, ਮਾਂ ਕੱਪੜੇ ਇਕੋ ਜਿਹੇ ਸਵਾ ਕੇ ਪੁੱਤਰਾਂ ਨੂੰ ਦੇ ਸਕਦੀ ਹੈ। ਮਾਂ ਇਕ ਸਕੂਲ ਵਿਚ ਤਾਲੀਮ ਦਵਾ ਸਕਦੀ ਹੈ। ਮਾਪੇ ਜ਼ਮੀਨ ਵੰਡ ਕੇ ਬਰਾਬਰ ਦੇ ਸਕਦੇ ਹਨ, ਪਰ ਮੱਥੇ ਦੇ ਭਾਗ ਕਦੀ ਵੀ ਮਾਪੇ ਆਪਣੇ ਪੁੱਤਰਾਂ ਦੇ ਇਕ

ਬਰਾਬਰ ਨਹੀਂ ਵੰਡ ਕੇ ਦੇ ਸਕਣਗੇ। ਧੰਨ ਗੁਰੂ ਗ੍ਰੰਥ ਸਾਹਿਬ ਫ਼ਰਮਾਂਦੇ ਹਨ ਕਿ ਇਕ ਮਾਂ ਦੀ ਕੁੱਖ ਵਿਚੋਂ ਜੰਮੀ ਹੋਈ ਸੰਤਾਨ ਵਿਚ ਧਨ ਕਰਕੇ ਉਹਨਾਂ ਵਿਚ ਬਰਾਬਰਤਾ ਕਦੀ ਨਹੀਂ ਹੋ ਸਕਦੀ। ਕਬੀਰ ਸਾਹਿਬ ਨੇ ਇਕ ਸ਼ਬਦ ਕਿਹਾ ਹੈ। ਉਹ ਸ਼ਬਦ ਆਉਂਦਾ ਹੈ-

*ਨਿਰਧਨੁ ਸਰਧਨੁ ਦੋਨਉ ਭਾਈ॥*

ਅਮੀਰ ਤੇ ਗ਼ਰੀਬ ਦੋਨੋਂ ਦਾ ਇਕੋ ਖ਼ੂਨ ਹੈ-

*ਪ੍ਰਭ ਕੀ ਕਲਾ ਨ ਮੇਟੀ ਜਾਈ॥*

(ਅੰਗ ੧੧੫੯)

ਪ੍ਰਮਾਤਮਾ ਦੀ ਕਲਾ ਨੂੰ ਕੌਣ ਮੇਟ ਸਕਦਾ ਹੈ। ਗੁਰੂ ਰਾਮਦਾਸ ਜੀ ਦਾ ਅਸੀਂ ਇਕ ਬਚਨ ਪੜ੍ਹਦੇ ਹਾਂ-

*ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥*

(ਅੰਗ ੩੪੮)

ਆਸਾ ਦੀ ਵਾਰ ਅੰਮ੍ਰਿਤ ਵੇਲੇ ਅਸੀਂ ਸਰਵਨ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਇਸ ਵਾਰ ਦੀ ਅੰਤਲੀ ਪਉੜੀ ਨਾਲ ਜੋ ਸਲੋਕ ਹਨ, ਉਹ ਦੱਸਦੇ ਹਨ ਕਿ ਮਿੱਟੀ ਇਕ ਪੈਲੀ ਵਿਚੋਂ ਪੁੱਟ ਕੇ ਲਿਆਂਦੀ। ਇਕੋ ਪਾਣੀ ਵਿਚ ਉਸ ਨੇ ਮਿੱਟੀ ਨੂੰ ਡਬੋਇਆ। ਇਕ ਆਵੇ ਵਿਚ ਉਸ ਨੇ ਅੱਗ ਦਾ ਲਾਂਮਬੂ ਲਾ ਕੇ ਭਾਂਡੇ ਪਕਾਏ। ਪਰ ਜਦੋਂ ਭਾਂਡੇ ਪੱਕਣ ਤੋਂ ਬਾਅਦ ਬਾਜ਼ਾਰ ਵਿਚ ਗਏ ਤਾਂ ਦੋਨਾਂ ਭਾਂਡਿਆਂ ਨੂੰ ਖ਼ਰੀਦ ਕੇ ਦੋ ਵੱਖ-ਵੱਖ ਬੰਦੇ ਲੈ ਗਏ। ਇਕ ਨੇ ਭਾਂਡੇ ਵਿਚ ਦੁੱਧ ਪਾ ਦਿੱਤਾ ਤੇ ਦੂਜੇ ਨੇ ਭਾਂਡੇ ਵਿਚ ਸ਼ਰਬਤ ਪਾ ਕੇ ਰੂੜੀ ਵਿਚ ਦੱਬ ਦਿੱਤਾ। ਇਕ ਵਿਚੋਂ ਦੁੱਧ ਪੀ ਕੇ ਬੰਦੇ ਨੂੰ ਤਾਕਤ ਮਿਲੀ ਤੇ ਦੂਜੇ ਵਿਚੋਂ ਨਸ਼ਾ ਪੀ ਕੇ ਬੰਦੇ ਦੀ ਮੱਤ ਮਾਰੀ ਗਈ।

ਪ੍ਰਮਾਤਮਾ ਨੇ ਸਾਰੇ ਸਰੀਰ ਭਾਂਡੇ ਬਣਾਏ ਹਨ। ਕੁਝ ਭਾਂਡੇ ਅਜਿਹੇ ਬਣਾ ਦਿੱਤੇ ਜਿਨ੍ਹਾਂ ਵਿਚ ਅੰਮ੍ਰਿਤ, ਸੇਵਾ ਤੇ ਰੂਹਾਨੀਅਤ ਦਾ ਦੁੱਧ ਭਰ ਦਿੱਤਾ ਤੇ ਇਕ ਭਾਂਡੇ ਅਜਿਹੇ ਬਣਾ ਦਿੱਤੇ ਜਿਹੜੇ ਸਾਰੀ ਜ਼ਿੰਦਗੀ ਈਰਖਾ ਦੀ ਅੱਗ ਵਿਚ ਹੀ ਸੜਦੇ ਰਹੇ। ਗੁਰੂ ਜੀ ਨੇ ਕਿਹਾ-

*ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ॥*
*ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ॥*

ਇਕਨਾਂ ਵਿਚ ਅੰਮ੍ਰਿਤ ਵਰਗਾ ਦੁੱਧ ਹੈ ਤੇ ਦੂਜੇ ਚੁਲ੍ਹੇ 'ਤੇ ਚੜ੍ਹਦੇ ਹਨ-

*ਇਕਿ ਨਿਹਾਲੀ ਪੈ ਸਵਨ੍ਹਿ*

ਸਿਆਲ ਦੇ ਦਿਨ ਹਨ। ਇਕ ਬਾਦਸ਼ਾਹ, ਇਕ ਵਜ਼ੀਰ, ਇਕ ਮੰਤਰੀ ਬਰਫ਼ ਦੇ ਦਿਨਾਂ ਵਿਚ ਰਜ਼ਾਈ ਵਿਚ, ਗਰਮ ਬਿਸਤਰੇ ਵਿਚ ਸੁੱਤਾ ਹੈ ਤੇ ਇਕ ਉਹਦੇ ਵਰਗਾ ਬੰਦਾ ਹੈ ਜਿਹੜਾ ਬਰਫ਼ ਵਿਚ ਹੀ ਬੰਦੂਕ ਲੈ ਕੇ ਖੜ੍ਹਾ ਸਾਰੀ ਰਾਤ ਪੈਹਰਾ ਦੇਈ ਜਾਂਦਾ ਹੈ-

*ਇਕਿ ਨਿਹਾਲੀ ਪੈ ਸਵਨ੍ਹਿ ਇਕਿ ਉਪਰਿ ਰਹਨਿ ਖੜੇ॥*

(ਆਸਾ ਦੀ ਵਾਰ)

ਗੁਰਮੁਖੋ ! ਸੁਭਾਅ ਕਰਕੇ ਅਸੀਂ ਇਕ ਨਹੀਂ। ਧਨ ਕਰਕੇ ਵੀ ਇਕਸੁਰਤਾ ਨਹੀਂ। ਪ੍ਰਮਾਤਮਾ ਨੇ ਇਕ ਅਜਿਹੀ ਦਾਤ ਪੈਦਾ ਕੀਤੀ ਹੈ, ਜਿਸ ਨੇ ਸਾਰੀ ਮਾਨਵਤਾ ਵਿਚ ਬਰਾਬਰਤਾ ਪੈਦਾ ਕਰ ਦਿੱਤੀ। ਉਹ ਕਿਹੜੀ ਚੀਜ਼ ਸੀ ? ਹਜ਼ੂਰ ਨੇ ਕਿਹਾ-

*ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ॥*

ਪਹਿਲੀ ਗੱਲ ਤਾਂ ਇਹ ਹੈ ਕਿ ਇਸ ਸੰਸਾਰ ਵਿਚ ਜੋ ਆਇਆ ਹੈ, ਉਸ ਨੇ ਜਾਣਾ ਜ਼ਰੂਰ ਹੈ, ਪਰ ਮਹਾਂਪੁਰਸ਼ ਦੇ ਜਾਣ ਵਿਚ ਤੇ ਦੁਨੀਆਦਾਰ ਦੇ ਜਾਣ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਹੈ। ਗੁਰੂ ਜੀ ਨੇ ਫੁਰਮਾਇਆ-

*ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਐ ਰੇ॥ ੧ ॥ ਰਹਾਉ॥*
*ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ॥*

(ਅੰਗ ੮੫੫)

ਮੌਤ ਸਾਰਿਆਂ ਨੂੰ ਲੈ ਜਾਏਗੀ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਕ ਸਲੋਕ ਹੈ। ਉਸ ਵਿਚ ਨੀਂਦ ਤੇ ਮੌਤ ਦੋਨਾਂ ਨੂੰ ਬਰਾਬਰ ਰੱਖ ਕੇ ਗੱਲ ਕੀਤੀ ਗਈ ਹੈ। ਕਬੀਰ ਸਾਹਿਬ ਜੀ ਦਾ ਇਹ ਸਲੋਕ ਹੈ-

*ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥*
*ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥*

(ਅੰਗ ੧੩੭੧)

ਇਸ ਦਾ ਮਤਲਬ ਹੈ, ਰਾਤ ਦਾ ਸੌਣਾ ਇਕ ਤਜਰਬਾ ਹੈ। ਜੁੜੇ ਹੋਏ ਲਈ ਨੀਂਦ ਵੀ ਜਾਗ੍ਰਿਤੀ ਹੈ ਤੇ ਟੁੱਟੇ ਹੋਏ ਲਈ ਜਾਗਣਾ ਵੀ ਨੀਂਦ ਹੈ। ਪਹਿਲੇ ਸ਼ਬਦ ਵਿਚ ਮੌਤ ਚੇਤੇ ਕਰਾਈ ਤੇ ਅੰਤਲੇ ਸਮੇਂ ਵਿਚ ਗੁਰੂ ਜੀ ਨੇ ਕਿਹਾ ਕਿ ਸਵੇਰੇ ਪ੍ਰਮਾਤਮਾ ਤੈਨੂੰ ਸੂਰਜ ਦੀ ਟਿੱਕੀ ਫਿਰ ਦੇ ਦੇਵੇ ਤੇ ਰਾਤ ਨੂੰ ਸੌਣ ਲੱਗਿਆਂ ਸਵੇਰੇ ਉੱਠ ਕੇ ਮੇਰੀ ਗੱਲ ਮੰਨ ਲਈਂ। ਜੇ ਮੰਨ ਲਏਂਗਾ ਤਾਂ ਸੱਚ ਜਾਣੀ, ਟਿਕਾਣਾ ਉਸ ਘਰ ਵਿਚ ਮਿਲੇਗਾ ਜਿੱਥੇ ਕਦੀ ਧੱਕੇ ਨਹੀਂ ਪੈਂਦੇ। ਪਹਿਲਾ ਸ਼ਬਦ ਸਾਡੇ ਪੇਂਡੂ ਕਲਚਰ ਨਾਲ ਸਬੰਧਿਤ ਹੈ। ਅਸੀਂ ਪੜ੍ਹਦੇ ਹਾਂ-

*ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥*
*ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥*

(ਕੀਰਤਨ ਸੋਹਿਲਾ)

ਗੁਰੂ ਨਾਨਕ ਸਾਹਿਬ ਨੇ ਪੇਂਡੂ ਕਲਚਰ, ਜਿਹੜਾ ਸਾਡੇ ਘਰਾਂ ਵਿਚ ਵਾਪਰਦਾ ਹੈ, ਉਸ

ਸੱਭਿਆਚਾਰ ਵਿਚੋਂ ਵੀ ਰੱਬ ਚੇਤੇ ਕਰਾ ਦਿੱਤਾ ਹੈ। ਹਜ਼ੂਰ ਕਹਿੰਦੇ ਹਨ ਕਿ ਘਰ ਵਿਚ ਬੇਟੀ ਦਾ ਜਨਮ ਹੁੰਦਾ ਹੈ। ਅਸੀਂ ਇਕ ਸ਼ਬਦ ਵਰਤਦੇ ਹਾਂ ਕਿ ਅੱਜ ਧੀ ਨੇ ਜਨਮ ਲਿਆ ਹੈ। ਅਜੇ ਮਾਂ ਦਾ ਦੁੱਧ ਚੁੰਘਦੀ ਹੈ ਤੇ ਸਾਡੇ ਘਰਾਂ ਵਿਚ ਇਹ ਕਹਿਣ ਲੱਗ ਜਾਂਦੇ ਹਨ ਕਿ ਇਹ ਤਾਂ ਬਿਗਾਨੀ ਹੈ, ਪਰਾਈ ਹੈ, ਕੱਲ ਨੂੰ ਇਸ ਨੇ ਆਪਣੇ ਘਰ ਚਲੀ ਜਾਣਾ ਹੈ। ਜਿਉਂ-ਜਿਉਂ ਉਹ ਘਰ ਵਿਚ ਵੱਡੀ ਹੁੰਦੀ ਹੈ, ਤਿਉਂ-ਤਿਉਂ ਭਰਾ ਕਹਿੰਦੇ ਹਨ ਕਿ ਇਸ ਦੇ ਨਾਲ ਕਾਹਦੇ ਲਈ ਝਗੜਨਾ, ਇਸ ਨੇ ਤਾਂ ਇਕ ਦਿਨ ਇਸ ਘਰ ਨੂੰ ਛੱਡ ਕੇ ਚਲੀ ਜਾਣਾ ਹੈ।

ਮੇਰੇ ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਭਾਈ ! ਤੂੰ ਧੀ ਦੇ ਜਨਮ ਵੇਲੇ ਤਾਂ ਕਹਿੰਦਾ ਹੈਂ ਕਿ ਇਹ ਪਰਾਈ ਹੈ, ਇਸ ਨੇ ਇਕ ਦਿਨ ਡੋਲੀ ਵਿਚ ਬੈਠ ਕੇ ਚਲੀ ਜਾਣਾ ਹੈ, ਪਰ ਕਦੀ ਝਾਤੀ ਮਾਰ ਕੇ ਦੇਖ, ਤੇਰੀ ਜਿੰਦ ਵੀ ਪਰਾਈ ਹੈ। ਇਸ ਨੇ ਵੀ ਇਕ ਦਿਨ ਅਰਥੀ ਵਿਚ ਬੈਠ ਕੇ ਚਲੀ ਜਾਣਾ ਹੈ।

ਹਜ਼ੂਰ ਨੇ ਪ੍ਰਮਾਣ ਲਿਆ ਹੈ ਕਿ ਜਦੋਂ ਬੱਚੀ ਜਵਾਨ ਹੋਈ ਤਾਂ ਉਸ ਲਈ ਵਰ ਲੱਭਣਾ ਹੈ। ਜਦੋਂ ਵਰ ਲੱਭ ਜਾਣਾ ਤੇ ਮੁੰਡੇ ਦੀ ਤਲੀ 'ਤੇ ਰੁਪਈਏ ਰੱਖ ਆਉਣੇ। ਫਿਰ ਨਾਲ ਹੀ ਕਹਿ ਦੇਣਾ ਕਿ ਦੇਖਿਉ, ਰਿਸ਼ਤਾ ਤਾਂ ਅਸੀਂ ਕਰ ਲਿਆ ਹੈ ਪਰ ਇੰਨੇ ਸਾਲ ਅਸੀਂ ਵਿਆਹ ਨਹੀਂ ਦੇਣਾ। ਦੋ ਸਾਲ, ਤਿੰਨ ਸਾਲ ਦਾ ਸਮਾਂ ਵੀ ਪੈ ਜਾਣਾ। ਹੌਲੀ-ਹੌਲੀ ਜਿਹੜਾ ਸਾਲ ਮੁਕੱਰਰ ਕੀਤਾ ਹੋਣਾ, ਉਹ ਸਾਲ ਵੀ ਆ ਗਿਆ। ਜਦੋਂ ਸਾਲ ਆ ਗਿਆ ਤਾਂ ਫਿਰ ਵਿਚੋਲੇ ਨੇ ਕਿਹਾ ਕਿ ਦੱਸੋ ਕਿਹੜੇ ਮਹੀਨੇ ਵਿਆਹ ਕਰਨਾ ਹੈ ? ਫਿਰ ਸਾਲ ਵਿਚ ਮਹੀਨਾ ਵੀ ਮੁਕੱਰਰ ਕਰ ਦੇਣਾ। ਜਦੋਂ ਉਹ ਮਹੀਨਾ ਨੇੜੇ ਆਉਣਾ ਤਾਂ ਦਿਨ ਵੀ ਮੁਕੱਰਰ ਕਰ ਦੇਣਾ ਕਿ ਇਸ ਦਿਨ ਬੱਚੀ ਦੀ ਡੋਲੀ ਅਸੀਂ ਤੋਰ ਦੇਵਾਂਗੇ। ਉਸ ਦਿਨ ਦੇ ਆਉਣ ਤੋਂ ਪਹਿਲਾਂ ਇਕ ਸਮਾਜਿਕ ਜਿਹੀ ਰਸਮ ਅਦਾ ਕੀਤੀ ਜਾਂਦੀ ਸੀ। ਉਹ ਹੈ ਧੀ ਨੂੰ ਮਾਹੀਏਂ ਪਾਉਣਾ। ਬੱਚੀ ਦੇ ਕੇਸਾਂ ਵਿਚ ਤੇਲ ਪਾਇਆ। ਭੈਣਾਂ, ਭਰਜਾਈਆਂ, ਮਾਸੀਆਂ, ਮਾਮੀਆਂ, ਸਹੇਲੀਆਂ ਇਕੱਠੀਆਂ ਹੋ ਕੇ ਆ ਗਈਆਂ। ਉਸ ਨੂੰ ਚੌਂਕੇ ਵਿਚ ਬਿਠਾਇਆ। ਕੇਸਾਂ ਵਿਚ ਤੇਲ ਪਾਉਣ ਲੱਗੇ। ਉਹਨਾਂ ਨੇ ਦੋ ਤਰ੍ਹਾਂ ਦੇ ਗੀਤ ਗਾਉਣੇ। ਇਕ ਪਾਸੇ ਤਾਂ ਸਹੇਲੀਆਂ ਨੇ ਹੱਸ ਕੇ ਗਾਉਣਾ ਕਿ ਆਪਣੇ ਸਾਈਂ ਦੇ ਘਰ ਜਾਣਾ ਹੈ ਤੇ ਦੂਜੇ ਪਾਸੇ ਮਾਹੀਏਂ ਪਾਉਂਦੀ ਹੋਈ ਮਾਂ ਨੇ ਅਚਨਚੇਤ ਜਦੋਂ ਰੋਣ ਲੱਗ ਪੈਣਾ ਤਾਂ ਸਾਰੀਆਂ ਨੇ ਇਕੋ ਦੱਮ ਭੁੱਬਾਂ ਮਾਰ ਕੇ ਰੋਣ ਲੱਗ ਪੈਣਾ।

ਗੁਰੂ ਜੀ ਨੇ ਬਾਣੀ ਵਿਚ ਕਿਹਾ ਹੈ— ਬੀਬੀਉ, ਭੈਣੋ, ਕੰਮ ਖ਼ੁਸ਼ੀ ਦਾ ਹੈ ਤੇ ਤੁਸੀਂ ਕੇਸਾਂ ਵਿਚ ਤੇਲ ਪਾ ਕੇ ਮਾਹੀਏਂ ਪਾਉਂਦੀਆਂ ਹੋਈਆਂ ਪਹਿਲਾਂ ਹੱਸੀਆਂ ਤੇ ਹੁਣ ਅਚਨਚੇਤ ਸਾਰੀਆਂ ਰੋਣ ਕਿਉਂ ਲੱਗ ਪਈਆਂ ? ਉੱਤਰ ਮਿਲਣਾ ਕਿ ਅਸੀਂ ਜਦੋਂ ਇਸ ਬੱਚੀ ਦੇ ਕੇਸਾਂ ਵਿਚ ਤੇਲ ਪਾਇਆ ਤੇ ਇਸ ਦੀ ਮਾਂ ਦੀਆਂ ਅੱਖਾਂ ਭਰ ਆਈਆਂ ਤੇ ਬਸ ਮਾਂ ਨੂੰ ਦੇਖ ਕੇ ਸਾਡਾ ਵੀ ਰੋਣਾ ਨਿਕਲ ਆਇਆ। ਮਾਂ ਨੂੰ ਪੁੱਛਿਆ ਕਿ ਮਾਂ, ਤੂੰ ਕਿਉਂ ਰੋਈ ਹੈਂ ? ਤਾਂ ਮਾਂ ਕਹਿਣ ਲੱਗੀ ਕਿ ਮੈਨੂੰ ਇਸ ਨੂੰ ਦੇਖ ਕੇ ਯਾਦ ਆ ਗਿਆ ਹੈ ਕਿ ਅੱਜ ਧੀਏ, ਤੇਰੇ ਕੇਸਾਂ

ਵਿਚ ਤੇਲ ਪਾਇਆ ਹੈ, ਜਿਸ ਵੇਲੇ ਜਨਮ ਹੋਇਆ ਸੀ, ਮੈਂ ਆਪਣੇ ਸੀਨੇ ਦਾ ਦੁੱਧ ਤੈਨੂੰ ਦਿੱਤਾ। ਤੂੰ ਸੁਰਤ ਸੰਭਾਲੀ। ਘਰ ਨੂੰ ਲਿੱਪਟੀ ਰਹੀ। ਘਰ ਦੀ ਇਕ ਇਕ ਚੀਜ਼ ਸੰਭਾਲਦੀ ਰਹੀ। ਬਾਪ ਦੇ ਘਰ ਦੀ ਤੂੰ ਦਿਨ ਰਾਤ ਸੁੱਖ ਮੰਗਦੀ ਰਹੀ। ਅੱਖਾਂ ਮੈਂ ਤਾਂ ਭਰੀਆਂ ਨੇ ਧੀਏ ਕਿ ਜਿਸ ਘਰ ਲਈ ਵੀਹ-ਬਾਈ ਸਾਲ ਸੁੱਖ ਮੰਗਦੀ ਰਹੀ ਹੈਂ, ਬਸ ਤੇਰੀ ਡੋਲੀ ਉੱਠਣ ਦੀ ਦੇਰ ਹੈ ਕਿ ਫਿਰ ਤੂੰ ਪ੍ਰਾਹੁਣੀ ਬਣ ਕੇ ਇਸ ਘਰ ਆਵੇਂਗੀ। ਚੇਤੇ ਰੱਖੀਂ, ਅੱਜ ਵਾਲਾ ਹੱਕ ਤੇਰਾ ਘਰ ਵਿਚ ਨਹੀਂ ਹੋਣਾ।

ਹਜ਼ੂਰ ਨੇ ਸੋਹਿਲਾ ਸਾਹਿਬ ਦਾ ਸ਼ਬਦ ਕਹਿ ਦਿੱਤਾ। ਕਹਿਣ ਲੱਗੇ ਕਿ ਭਾਈ! ਇਕ ਧੀ ਉਸ ਦੇ ਵਿਆਹ ਦਾ ਦਿਨ ਤਾਂ ਮੁਕੱਰਰ ਹੁੰਦਾ ਹੈ ਜ਼ਿੰਦਗੀ ਦੇ ਵੀਹ-ਬਾਈ ਸਾਲ ਤੋਂ ਬਾਅਦ, ਪਰ ਐ ਬੰਦਿਆ! ਤੂੰ ਛਾਤੀ ਮਾਰ ਕੇ ਦੇਖ, ਤੇਰਾ ਮੌਤ ਦਾ ਦਿਨ ਤਾਂ ਉਸ ਦਿਨ ਮੁਕੱਰਰ ਹੋ ਗਿਆ ਜਦੋਂ ਤੇਰਾ ਜਨਮ ਵੀ ਨਹੀਂ ਸੀ ਹੋਇਆ। ਫ਼ਰਕ ਇੰਨਾ ਹੈ ਕਿ ਤੂੰ ਘਰ ਨੂੰ ਲਿੱਪਿਆ-ਪੋਚਿਆ ਤੇ ਬਣਾਇਆ ਬਹੁਤ ਕੁਝ, ਪਰ ਜਿਸ ਦਿਨ ਮੌਤ ਆਵੇਗੀ, ਧੀ ਤਾਂ ਡੋਲੀ ਉੱਠਣ ਤੇ ਪ੍ਰਾਹੁਣੀ ਬਣ ਕੇ ਵੀ ਘਰ ਫੇਰਾ ਪਾ ਜਾਂਦੀ ਹੈ ਪਰ ਜਿਨ੍ਹਾਂ ਦੀ ਅਰਥੀ ਉੱਠ ਜਾਏ, ਸੱਚ ਜਾਣੋ, ਉਹ ਪ੍ਰਾਹੁਣੇ ਬਣ ਕੇ ਵੀ ਕਦੀ ਘਰ ਵਿਚ ਫੇਰੇ ਨਹੀਂ ਪਾਉਂਦੇ। ਹਜ਼ੂਰ ਨੇ ਉਥੇ ਬਚਨ ਕਿਹਾ— ਸੰਬਤਿ-ਸੰਬਤਿ ਦਾ ਅਰਥ ਹੈ ਸਾਲ। ਜਾਣ ਦਾ ਸਾਲ ਮੁਕੱਰਰ ਹੈ।-

*ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥*
*ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥ ੩॥*
*ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥*
*ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥ ੪॥*

(ਕੀਰਤਨ ਸੋਹਿਲਾ)

ਅਸੀਂ ਕਈ ਵਾਰੀ ਇਹ ਸ਼ਬਦ ਕਹਿ ਦਿੰਦੇ ਹਾਂ ਕਿ ਅਜੇ ਇਸ ਦੇ ਜਾਣ ਦਾ ਸਮਾਂ ਨਹੀਂ ਸੀ। ਯਾਦ ਰੱਖਿਉ, ਜੇ ਜਾਣ ਦਾ ਸਮਾਂ ਨਾ ਹੋਵੇ ਤਾਂ ਮੌਤ ਕਦੀ ਵੀ ਲੈ ਕੇ ਨਹੀਂ ਜਾਂਦੀ। ਜਾਂਦੇ ਵੀ ਉਹ ਹਨ ਜਿਨ੍ਹਾਂ ਦਾ ਸਮਾਂ ਮੁਕੱਰਰ ਹੈ। ਕਬੀਰ ਸਾਹਿਬ ਨੇ ਕਿਹਾ ਹੈ ਕਿ ਧਨ ਨੇ ਇਕਸੁਰਤਾ ਨਹੀਂ ਪੈਦਾ ਕੀਤੀ। ਸੁਭਾਅ ਨੇ ਇਕਸੁਰਤਾ ਨਹੀਂ ਪੈਦਾ ਕੀਤੀ। ਸਾਡੇ ਚੱਕਰ ਚਿੰਨ੍ਹ ਕਰਕੇ ਇਕਸੁਰਤਾ ਨਹੀਂ, ਪਰ ਮੌਤ ਨੇ ਬਰਾਬਰਤਾ ਪੈਦਾ ਕਰ ਦਿੱਤੀ।-

*ਬਾਰੇ ਬੂਢੇ ਤਰੁਨੇ ਭਈਆ. ਸਭਹੂ ਜਮੁ ਲੈ ਜਈਹੈ ਰੇ॥*
*ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ॥ ੧॥*
*ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ॥*
*ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥*

(ਅੰਗ ੮੫੫)

ਮੌਤ ਨੇ ਬਰਾਬਰਤਾ ਪੈਦਾ ਕੀਤੀ। ਰਾਜੇ ਨੂੰ ਲੈ ਗਈ ਤੇ ਭਿਖਾਰੀ ਨੂੰ ਵੀ ਲੈ ਗਈ। ਜਵਾਨ ਨੂੰ ਵੀ ਲੈ ਗਈ ਤੇ ਬੱਚੇ ਨੂੰ ਵੀ ਲੈ ਗਈ। ਬਜ਼ੁਰਗ ਨੂੰ ਵੀ ਲੈ ਗਈ ਤੇ ਅੱਧਖੜ ਨੂੰ ਵੀ ਲੈ ਗਈ। ਪਰ ਜਿਹੜੇ ਰੱਬ ਦੇ ਰੰਗ ਵਿਚ ਰੱਤੇ ਹਨ, ਉਹਨਾਂ ਲਈ ਮੌਤ ਵੀ ਬਰਾਬਰਤਾ ਨਾ ਪੈਦਾ ਕਰ ਸਕੀ, ਕਿਉਂਕਿ ਪ੍ਰਮਾਤਮਾ ਦੇ ਰੰਗ ਵਿਚ ਰੰਗਿਆਂ ਨੂੰ ਮੌਤ ਵੀ ਵੱਖਰਾ ਕਰ ਗਈ। ਸਾਹਿਬ ਨੇ ਕਿਹਾ–

*ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥ ੨॥*

ਕਹਿਣ ਲੱਗੇ, ਗੁਰਮੁਖਾਂ ਮਹਾਂਪੁਰਸ਼ਾਂ 'ਤੇ ਨਾ ਲਾਗੂ ਕਰ ਦਿਉ ਕਿ ਮੌਤ ਆ ਗਈ–

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਲੀ ਰੇ॥*

ਜਿਹੜੇ ਪ੍ਰਮਾਤਮਾ ਦੇ ਸੰਤ ਹਨ, ਉਹਨਾਂ ਦੇ ਜੀਵਨ ਦੀ ਕਥਾ ਦੁਨੀਆਂ ਤੋਂ ਵੱਖਰੀ ਹੈ।

*ਆਵਹਿ ਨ ਜਾਹਿ ਨ ਕਬਹੂ ਮਰਤੇ*

ਨਾ ਉਹ ਜੰਮਦੇ ਹਨ, ਨਾ ਉਹ ਮਰਦੇ ਹਨ। ਪਰ ਤਾਂ ਵੀ ਕਹਾਂਗੇ ਕਿ ਸਰੀਰਕ ਤੌਰ 'ਤੇ ਹਰ ਕੋਈ ਜਾਂਦਾ ਹੈ।

ਇਕ ਗੁਰਮੁਖ ਨੇ ਬਹੁਤ ਪਿਆਰੇ ਬਚਨ ਕਹੇ। ਬਾਣੀ ਨੇ ਕਿਹਾ ਹੈ ਕਿ ਮੌਤ ਬਿੱਲੀ ਹੈ ਤੇ ਬੰਦਾ ਚੂਹੇ ਦੀ ਤਰ੍ਹਾਂ ਹੈ। ਜਿਸ ਨੂੰ ਆਪਣੇ ਜਬਾੜੇ ਵਿਚ ਜਕੜ ਲਏ, ਉਸ ਨੂੰ ਬਿੱਲੀ ਛੱਡਦੀ ਨਹੀਂ। ਪਰ ਚੇਤੇ ਰੱਖੋ, ਬਿੱਲੀ ਦੀ ਪਕੜ ਵੀ ਸਾਰਿਆਂ ਲਈ ਇਕੋ ਜਿਹੀ ਨਹੀਂ। ਮੌਤ ਸ਼ਬਦ ਸਭ ਲਈ ਇਕੋ ਜਿਹਾ ਵਰਤਦੇ ਹਾਂ, ਪਰ ਚੇਤੇ ਰੱਖਿਉ, ਸਭ 'ਤੇ ਇਕੋ ਜਿਹੀ ਮੌਤ ਲਾਗੂ ਨਹੀਂ। ਜਦੋਂ ਚੂਹਾ ਦੰਦਾਂ ਵਿਚ ਆ ਜਾਏ ਤਾਂ ਉਸ ਨੂੰ ਜਕੜ ਕੇ ਰੱਖ ਦੇਵੇਗੀ, ਪਰ ਜਦੋਂ ਆਪਣੇ ਬਲੂੰਗੜੇ ਨੂੰ ਚੁੱਕ ਕੇ ਘਰ ਬਦਲਣਾ ਹੋਵੇ, ਤਾਂ ਜਬਾੜਿਆਂ ਵਿਚ ਦੰਦ ਉਹੀ ਹਨ ਜਿਹੜੀ ਪਕੜ ਚੂਹੇ ਵਾਸਤੇ ਹੈ। ਚੇਤੇ ਰੱਖਿਉ, ਪਕੜ ਬਿੱਲੀ ਦੀ ਆਪਣੇ ਬਲੂੰਗੜੇ ਵਾਸਤੇ ਨਹੀਂ। ਦੁਨੀਆਂਦਾਰ ਵਾਸਤੇ ਉਸ ਦੀ ਪਕੜ ਚੂਹੇ ਦੀ ਪਕੜ ਦੀ ਤਰ੍ਹਾਂ ਹੈ ਪਰ ਜਦੋਂ ਰੱਬ ਦਾ ਪਿਆਰਾ ਕਿਤੇ ਤੁਰਦਾ ਹੈ ਤਾਂ ਉਸ ਦੀ ਪਕੜ ਆਪਣੇ ਬੱਚੇ ਦੀ ਤਰ੍ਹਾਂ ਹੈ। ਦੋਨਾਂ ਵਿਚ ਅੰਤਰ ਹੈ–

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ॥*
*ਆਵਹਿ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥*

(ਅੰਗ ੯੫੫)

ਕਮਾਈ ਵਾਲੇ ਨੂੰ ਮੌਤ ਦਾ ਭੈਅ ਨਹੀਂ ਤੇ ਨਾਲੇ ਕਮਾਈ ਵਾਲਾ ਕੁਝ ਕਰਮ ਭੋਗਣ ਆਉਂਦਾ ਹੈ।

ਸੰਤ ਬਾਬਾ ਨਿਧਾਨ ਸਿੰਘ ਜੀ ਪੰਜਾਬ ਦੀ ਧਰਤੀ ਤੋਂ ਆਏ। ਜਨਮ ਤੋਂ ਸੁੱਤੇ ਸਿਧ

ਹੀ ਉਹ ਬਖ਼ਸ਼ੀ ਹੋਈ ਰੂਹ ਜਦੋਂ ਸੰਸਾਰ 'ਤੇ ਆਈ ਤਾਂ ਬਿਰਹਾ ਆਪਣੇ ਆਪ ਹੀ ਪੈਦਾ ਹੋ ਗਿਆ। ਅੱਜ ਇਕ ਡਾਕਟਰ ਬਣਦਾ ਹੈ। ਤਕਰੀਬਨ ਪੱਚੀ ਛੱਬੀ ਸਾਲ ਦੀ ਪੜ੍ਹਾਈ ਤੋਂ ਬਾਅਦ ਬੰਦਾ ਡਾਕਟਰ ਦੀ ਡਿਗਰੀ ਲੈਂਦਾ ਹੈ। ਲੱਖਾਂ ਰੁਪਈਏ ਲੱਗ ਜਾਂਦੇ ਹਨ। ਡਾਕਟਰ ਦੀ ਮੌਤ ਹੋ ਜਾਏ ਅਤੇ ਮੰਨ ਲਿਆ ਜਾਏ ਕਿ ਅਗਲਾ ਜਨਮ ਉਸ ਨੂੰ ਆਦਮੀ ਦਾ ਮਿਲ ਗਿਆ ਹੈ ਤੇ ਜੇਕਰ ਕਿਤੇ ਉਸ ਨੂੰ ਸਮਝ ਪੈ ਜਾਏ ਕਿ ਇਹ ਪਿਛਲੇ ਜਨਮ ਵਿਚ ਡਾਕਟਰ ਸੀ ਤਾਂ ਇਸ ਨੂੰ ਕੀ ਲੋੜ ਹੈ ਪੜ੍ਹਨ ਦੀ। ਇਸ ਦੀਆਂ ਡਿਗਰੀਆਂ, ਇਸ ਦੇ ਸਰਟੀਫ਼ਿਕੇਟ ਫਲਾਣੇ ਘਰ ਵਿਚ ਪਏ ਹਨ, ਉਹ ਚੁੱਕ ਕੇ ਲੈ ਆਉ। ਇਹ ਪਿਛਲੇ ਜਨਮ ਵਿਚ ਪੜ੍ਹਿਆ ਸੀ। ਤਾਂ ਕੀ ਉਹ ਪੜ੍ਹਾਈ ਹੁਣ ਵੀ ਕੰਮ ਆਵੇਗੀ ? ਅਗਲੇ ਕਹਿਣਗੇ ਨਹੀਂ। ਦੁਨੀਆਂ ਦੀ ਪੜ੍ਹਾਈ ਤਾਂ ਚਿੱਖਾ ਤੋਂ ਬਾਅਦ ਖ਼ਤਮ ਹੋ ਗਈ ਪਰ ਜੌਪਿਆ ਹੋਇਆ ਨਾਮ ਤਾਂ ਚਿੱਖਾ ਤੋਂ ਬਾਅਦ ਵੀ ਨਾਲ ਚੱਲਦਾ ਹੈ।

ਮਹਾਂਪੁਰਖਾਂ ਦੇ ਅੰਦਰ ਸੁੱਤੇ-ਸਿਧ ਬਿਰਹਾ ਪੈਦਾ ਹੋਇਆ। ਜਦੋਂ ਬਿਰਹਾ ਦੀ ਤਾਂਘ ਉੱਠੀ ਤਾਂ ਕੁਝ ਵੀ ਚੰਗਾ ਨਾ ਲੱਗਾ। ਸਿਰਫ਼ ਇਕ ਅੰਦਰ ਦੀ ਤੜਫ਼ ਸੀ-

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*

(ਅੰਗ ੭੫੭)

ਦੁਨੀਆਦਾਰ ਬੰਦੇ ਦੇ ਅੰਦਰ ਤ੍ਰਿਸ਼ਨਾ ਦੀ ਅੱਗ ਹੈ, ਪਰ ਰੱਬ ਨੂੰ ਇਸ਼ਕ ਕਰਨ ਵਾਲੇ ਦੇ ਅੰਦਰ ਬਿਰਹਾ ਦੀ ਅੱਗ ਹੈ। ਬਿਰਹਾ ਦੀ ਤਾਂਘ ਲੈ ਕੇ ਮਹਾਂਪੁਰਸ਼ ਪੰਜਾਬ ਦੀ ਧਰਤੀ ਤੋਂ ਤੁਰੇ। ਉਹ ਫ਼ੌਜ ਵਿਚ ਵੀ ਭਰਤੀ ਹੋਏ। ਉਹਨਾਂ ਨੇ ਪਾਣੀ ਦੀਆਂ ਮੱਛੀਆਂ ਦੇ ਨਾਮ ਵੀ ਰੱਖੇ। ਉਹਨਾਂ ਨੇ ਜਲ ਛਕਾਉਣਾ। ਲੋੜਵੰਦ ਨੂੰ ਭੁੱਖ ਲੱਗਣੀ ਤੇ ਉਹਨਾਂ ਨੇ ਬਦਾਮ ਵੀ ਦੇਣੇ। ਇਕ ਸਾਲ ਨਹੀਂ, ਦੋ ਸਾਲ ਨਹੀਂ, ਇਤਿਹਾਸ ਕਹਿੰਦਾ ਹੈ ਕਿ ਬਾਰਾਂ ਸਾਲ ਹਜ਼ੂਰ ਦੇ ਚਰਨਾਂ ਵਿਚ ਉਹਨਾਂ ਨੇ ਗਾਗਰ ਢੋਅ ਕੇ ਸੇਵਾ ਕੀਤੀ। ਬਾਰਾਂ ਸਾਲਾਂ ਵਿਚ ਕੀ ਕੁਝ ਸੁਣਿਆ ਹੋਵੇਗਾ ਤੇ ਕੀ ਕੁਝ ਹੰਢਾਇਆ ਹੋਵੇਗਾ। ਪਰ ਭਾਈ ਸਾਹਿਬ ਲਿਖਦੇ ਹਨ-

*ਸੀਨੇ ਖਿਚ ਜਿਨ੍ਹਾਂ ਨੇ ਖਾਧੀ ਉਹ ਕਰਿ ਆਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਨਾਂ ਕੀ ਨੀਂਦਰ ਉਹ ਦਿਨੇ ਰਾਤ ਪਏ ਵਹਿੰਦੇ।*

ਬਾਰਾਂ ਸਾਲ ਸੇਵਾ ਕੀਤੀ। ਇਤਿਹਾਸ ਦੀ ਉਹ ਘਟਨਾ ਕਿ ਜਿਸ ਦਿਨ ਜਲ ਛਕਾ ਰਹੇ ਹਨ ਤੇ ਕਰਨੀ ਵਾਲੇ ਲਈ ਅਸੀਂ ਸ਼ਬਦ ਗੁਰਸਿੱਖ ਵਰਤਦੇ ਹਾਂ। ਜਲ ਮੰਗਿਆ, ਜਲ ਛਕਾਇਆ। ਬਦਾਮ ਦਿੱਤੇ। ਪਰ ਜੇ ਲੋੜ ਪਈ ਤਾਂ ਲੰਗਰ ਦੇ ਤਾਣੇ ਨੂੰ ਵੀ ਤੋੜ ਗਏ। ਕੁਬੋਲ ਬੋਲੇ ਪਰ ਲੰਗਰ ਲਿਆਂਦਾ। ਜਿਹੜਾ ਖਲੋਤਾ ਸੀ, ਉਹ ਅੱਖਾਂ ਤੋਂ ਓਹਲੇ ਹੋ ਗਿਆ। ਪ੍ਰਸ਼ਾਦੇ ਪਕੜ ਕੇ ਅਵਾਜ਼ਾਂ ਦਿੰਦੇ ਪਏ ਹਨ ਉੱਚੀ ਆਵਾਜ਼ ਵਿਚ ਕਿ ਮੇਰੇ ਪਿਆਰਿਆ ! ਤੂੰ ਆਇਆ ਵੀ ਤੇ ਚਲਾ ਵੀ ਗਿਆ। ਮੈਂ ਤੇਰੇ ਲਈ ਪ੍ਰਸ਼ਾਦਾ ਲੈ ਕੇ ਆਇਆ ਹਾਂ। ਇਸ ਦਾ ਮਤਲਬ ਹੈ ਕਿ ਜਿਹੜੇ ਪ੍ਰਸ਼ਾਦਾ ਲੈ ਕੇ ਪਿੱਛੇ-ਪਿੱਛੇ ਫਿਰਦੇ ਹਨ, ਉਹ ਪੁੱਛਦੇ ਪਏ ਹਨ ਤੇ ਚੇਤੇ

ਰੱਖਿਉ, ਦੀਵੇ ਪਿੱਛੇ ਹੀ ਪਤੰਗੇ ਜਾਂਦੇ ਹਨ, ਕਮਲ ਦੇ ਫੁੱਲ ਪਿੱਛੇ ਹੀ ਭਵਰੇ ਜਾਂਦੇ ਹਨ। ਉਹ ਚੋਜੀ ਪ੍ਰੀਤਮ ਸੀ ਜਿਸ ਦੇ ਪਿੱਛੇ ਪ੍ਰਸ਼ਾਦਾ ਲੈ ਕੇ ਮਹਾਂਪੁਰਸ਼ ਤੁਰਦੇ ਹਨ, ਪਰ ਉਹ ਨਜ਼ਰ ਨਹੀਂ ਆਏ।

ਬਹੁਤ ਕੁਝ ਦੁਨੀਆਂ ਨੇ ਕਿਹਾ, ਪਰ ਅਖ਼ੀਰ ਮਨ ਵਿਚ ਆਇਆ ਕਿ ਸੱਚੇ ਪਾਤਿਸ਼ਾਹ ! ਕਰਨੀ ਤਾਂ ਤੇਰੇ ਦਰ ਦੀ ਸੇਵਾ ਹੈ, ਜੇ ਇਥੇ ਨਹੀਂ ਤਾਂ ਪੰਜਾਬ ਦੀ ਧਰਤੀ 'ਤੇ ਹੀ ਸਹੀ। ਜਿਸ ਨੇ ਬਾਰਾਂ ਸਾਲ ਗਾਗਰ ਢੋਈ ਹੋਵੇ, ਕੁਬੋਲ ਸੁਣੇ ਹੋਣ, ਗੁਰਮੁਖੋ ! ਫਿਰ ਗੁਰੂ ਕਿੰਨਾ ਕੁ ਨੇੜੇ ਹੋਵੇਗਾ। ਇਥੋਂ ਤੁਰੇ ਪਰ ਤੁਰਨ ਲੱਗਿਆਂ ਕਿਹੋ ਜਿਹਾ ਬਿਰਹਾ ਹੋਵੇਗਾ। ਸੱਚੇ ਪਾਤਿਸ਼ਾਹ ! ਪੰਜਾਬ ਦੀ ਧਰਤੀ ਤੋਂ ਤਾਂਘ ਲੈ ਕੇ ਆਇਆ ਸੀ ਪਰ ਅੱਜ ਮੈਂ ਵਾਪਿਸ ਜਾ ਰਿਹਾ ਹਾਂ।

ਚੋਜੀ ਪ੍ਰੀਤਮ ਦੇ ਅੰਦਰ ਨੂੰ ਇਸ ਬਿਰਹਾ ਨੇ ਖਿੱਚ ਪਾਈ। ਧਿਆਨ ਵਿਚ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਫੜ ਲਏ। ਇਹ ਅਤਿਕਥਨੀ ਨਹੀਂ, ਸਚਾਈ ਹੈ। ਚਰਨ ਫੜ ਕੇ ਅਰਦਾਸਾਂ ਕੀਤੀਆਂ ਕਿ ਸੱਚੇ ਪਾਤਿਸ਼ਾਹ ! ਆਏ ਸਾਂ ਤੇਰੀ ਬਿਰਹਾ ਦੀ ਤਾਂਘ ਲੈ ਕੇ, ਪਰ ਮੇਰਾ ਤਾਂ ਗ਼ਰੀਬ ਦਾ ਤੂੰ ਹੀ ਹੈਂ। ਸੁਰਤ ਜੁੜੀ, ਅੰਦਰ ਟਿੱਕਿਆ, ਸਮਾਂ ਭੁੱਲ ਗਿਆ, ਸਥਾਨ ਭੁੱਲ ਗਿਆ। ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹੋਇਆ ਤੇ ਚੋਜੀ ਪ੍ਰੀਤਮ ਨੇ ਆਪਣਾ ਹੱਥ ਸਿਰ ਉੱਪਰ ਰੱਖ ਦਿੱਤਾ। ਨੇਤਰ ਖੁੱਲ੍ਹਦੇ ਹਨ ਤਾਂ ਪੁੱਛਦੇ ਹਨ ਕਿ ਕਿਸ ਧਰਤੀ 'ਤੇ ਅਤੇ ਕਿਵੇਂ ਵਾਪਿਸ ਜਾਵਾਂ ? ਦਾਤਾ ! ਤੇਰੇ ਚਰਨਾਂ ਦੀ ਸੇਵਾ ਕਰਨ ਆਇਆ ਸਾਂ ਪਰ ਇਹ ਕੁਝ ਵਾਪਰਿਆ ਹੈ। ਵਾਪਿਸ ਤੁਰਿਆ ਹਾਂ। ਹਜ਼ੂਰ ਨੇ ਕਿਹਾ, ਵਾਪਿਸ ਨਹੀਂ ਜਾਣਾ। ਤੁਸੀਂ ਉਥੇ ਜਾਉ, ਜਿੱਥੇ ਅਸੀਂ ਖ਼ੁਦ ਲੰਗਰ ਛੱਕਦੇ ਰਹੇ ਸਾਂ। ਜਿੱਥੇ ਸਾਡੀਆਂ ਫ਼ੌਜਾਂ ਲੰਗਰ ਛੱਕਦੀਆਂ ਰਹੀਆਂ ਸਨ। ਜਿਸ ਥਾਂ 'ਤੇ ਗੁਰੂ ਦੀ ਬਾਣੀ ਦੇ ਅਰਥ ਬੋਧ ਸਿਖਾਏ ਗਏ, ਉਸ ਥਾਂ 'ਤੇ ਲੰਗਰ ਪ੍ਰਗਟ ਕਰੋ।

ਮੇਰੇ ਚੋਜੀ ਪ੍ਰੀਤਮ ਨੇ ਇੰਨੀ ਮੇਹਰ ਕੀਤੀ ਅਤੇ ਕਹਿਣ ਲੱਗੇ— ਜਾ ਅੱਜ ਤੋਂ ਬਾਅਦ ਖੀਸਾ ਮੇਰਾ ਤੇ ਹੱਥ ਤੇਰਾ। ਕਿੰਨਾ ਵੱਡਾ ਵਿਸ਼ਵਾਸ ਹੈ। ਕਹਿਣ ਮਾਤਰ ਸ਼ਬਦ ਅਸੀਂ ਸਾਰੇ ਕਹਿ ਦੇਵਾਂਗੇ ਕਿ ਖੀਸਾ ਮੇਰਾ ਤੇ ਹੱਥ ਤੇਰਾ। ਇਥੇ ਸੱਕੇ ਪਿਉ ਖੀਸੇ ਨੂੰ ਹੱਥ ਨਹੀਂ ਲਾਉਣ ਦਿੰਦੇ। ਮਹਾਂਪੁਰਸ਼ਾਂ ਦੀ ਕਮਾਈ ਕਿੰਨੀ ਹੈ। ਚੋਜੀ ਪ੍ਰੀਤਮ ਨੇ ਕਿਹਾ— ਜਾ ਪੁੱਤਰਾ, ਮੇਰੀ ਜੇਬ ਅੱਜ ਤੋਂ ਬਾਅਦ ਤੇਰੇ ਹਵਾਲੇ ਕੀਤੀ। ਚੇਤੇ ਰੱਖਿਉ, ਸੱਕਾ ਪੁੱਤਰ ਵੀ ਹੋਵੇ ਤਾਂ ਪਿਉ ਕਈ ਵਾਰੀ ਤਜੋਰੀ ਨੂੰ ਤਾਲਾ ਲਾ ਕੇ ਰੱਖਦਾ ਹੈ। ਕਿਉਂ ? ਇਥੋਂ ਤੱਕ ਕਿ ਆੜ੍ਹਤੀ ਲੋਕ ਵੀ ਮੁਨਸ਼ੀ ਨੂੰ ਕਹਿ ਦਿੰਦੇ ਹਨ ਕਿ ਮੁੰਡੇ ਨੂੰ ਨਾ ਦੱਸ ਦੇਵੀਂ ਕਿ ਮੇਰੇ ਕੋਲ ਇੰਨੇ ਰੁਪਈਏ ਹਨ। ਉਹ ਆਪਣਾ ਬਟੂਆ ਨਹੀਂ ਫੋਲਣ ਦਿੰਦੇ। ਕਹਿਣ ਲੱਗੇ-

*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥*
*ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥*

(ਅੰਗ ੧੩੮੨)

ਜਦੋਂ ਉਹਦੇ ਹੋ ਗਏ ਤਾਂ ਉਦੋਂ ਮਹਾਂਪੁਰਸ਼ਾਂ ਦੇ ਅੰਦਰੋਂ ਆਵਾਜ਼ ਨਿਕਲੀ ਹੋਵੇਗੀ-

*ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥*

(ਅੰਗ ੧੦੯੬)

ਬਾਪੂ ! ਜੇ ਤੂੰ ਨਾਲ ਖਲੋ ਗਿਆ ਤਾਂ ਲੋਹ ਲੰਗਰ ਤਪਣਗੇ। ਉਸ ਦਿਨ ਦੇ ਤਪੇ ਹਨ ਤੇ ਚੇਤੇ ਰੱਖਿਉ, ਜਿੰਨੀ ਦੇਰ ਤੱਕ ਇਹ ਧਰਤੀ ਦਾ ਟੁੱਕੜਾ ਰਹੇਗਾ, ਇਹ ਤੱਪਦੇ ਹੀ ਰਹਿਣਗੇ। ਧੰਨ ਗੁਰੂ ਗ੍ਰੰਥ ਸਾਹਿਬ ਕ੍ਰਿਪਾ ਕਰਨ।

ਕੱਲ ਅਸੀਂ ਵਿਚਾਰ ਕੀਤੀ ਸੀ ਕਿ ਸੰਤ ਬਾਬਾ ਨਿਧਾਨ ਸਿੰਘ ਜੀ ਬਿਰਹਾ ਦੀ ਤਾਂਘ ਅਤੇ ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਦਾ ਪਿਆਰ ਅੰਦਰ ਲੈ ਕੇ ਟਿੱਕ ਗਏ। ਇਤਿਹਾਸ ਕਹਿੰਦਾ ਹੈ ਕਿ ਕਰੋੜਾਂ ਸੂਰਜਾਂ ਦਾ ਚਾਨਣ ਹੈ, ਪ੍ਰਕਾਸ਼ ਹੈ। ਨੇਤਰ ਖੁੱਲ੍ਹੇ ਤਾਂ ਪ੍ਰਤੱਖ ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਦੇ ਦੀਦਾਰ ਹੋਏ। ਹਜ਼ੂਰ ਦੇ ਚਰਨਾਂ ਵਿਚ ਆਪਣਾ ਮਸਤਕ ਝੁਕਾਇਆ। ਮੱਥਾ ਟੇਕਿਆ ਤੇ ਬਿਰਹਾ ਦੇ ਭਿੱਜੇ ਹੋਏ ਨੇਤਰਾਂ ਨਾਲ ਚੋਜੀ ਪ੍ਰੀਤਮ ਦੇ ਚਰਨ ਧੋ ਦਿੱਤੇ। ਇਸ ਦੇ ਸਬੰਧ ਵਿਚ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਇਕ ਪਦਾ ਹੈ-

*ਸਫਲ ਦਰਸਨੁ ਪੇਖਤ ਪੁਨੀਤ॥*
*ਪਰਸਤ ਚਰਨ ਗਤਿ ਨਿਰਮਲ ਰੀਤ॥*
*ਭੇਟਤ ਸੰਗਿ ਰਾਮ ਗੁਨ ਰਵੇ॥*
*ਪਾਰਬ੍ਰਹਮ ਕੀ ਦਰਗਹ ਗਵੇ॥*
*ਸੁਨਿ ਕਰਿ ਬਚਨ ਕਰਨ ਆਘਾਨੇ॥*
*ਮਨਿ ਸੰਤੋਖੁ ਆਤਮ ਪਤੀਆਨੇ॥*
*ਪੂਰਾ ਗੁਰ ਅਖੵਓ ਜਾ ਕਾ ਮੰਤ੍ਰ॥*
*ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥*

(ਸੁਖਮਨੀ ਸਾਹਿਬ)

ਸਫਲ ਦਰਸ਼ਨ ਦਾ ਅਰਥ ਹੈ ਗੁਰੂ ਦੇ ਦਰਸ਼ਨ ਨਿਹਫਲ ਨਹੀਂ। ਗੁਰੂ ਜੀ ਦੇ ਦੀਦਾਰ ਨਿਹਫਲ ਨਹੀਂ। ਜਦੋਂ ਅੱਖਾਂ ਨਾਲ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਗੁਰੂ ਜੀ ਦੇ ਪ੍ਰਤੱਖ ਦਰਸ਼ਨ ਅੰਦਰ ਨੂੰ ਅੱਤ ਦਾ ਪਵਿੱਤਰ ਕਰ ਗਏ। ਦਰਸ਼ਨਾਂ ਤੋਂ ਬਾਅਦ ਫਿਰ ਅਗਲੀ ਕ੍ਰਿਪਾ ਕੀ ਹੋਈ ? ਕਹਿਣ ਲੱਗੇ—ਪਹਿਲਾਂ ਦਰਸ਼ਨ ਕੀਤੇ, ਫਿਰ ਗੁਰੂ ਜੀ ਦੇ ਚਰਨ ਘੁੱਟ ਕੇ ਫੜੇ ਤੇ ਫੜਨ ਦੀ ਦੇਰ ਸੀ ਕਿ ਅੰਦਰ ਨਾਮ ਦੀਆਂ ਤਾਰਾਂ ਜੁੜ ਗਈਆਂ। ਗੁਰੂ ਜੀ ਦੇ ਦਰਸ਼ਨਾਂ ਵਿਚ ਪ੍ਰਮਾਤਮਾ ਦੇ ਗੁਣ, ਪ੍ਰਮਾਤਮਾ ਦੀ ਸਿਫ਼ਤ, ਪ੍ਰਮਾਤਮਾ ਦੇ ਨਾਮ ਦਾ ਖ਼ਜ਼ਾਨਾ ਧੁਰ ਅੰਦਰ ਸਮਾਅ ਗਿਆ। ਦਰਸ਼ਨਾਂ ਤੋਂ ਬਾਅਦ

ਚਰਨ, ਚਰਨਾਂ ਤੋਂ ਬਾਅਦ ਫਿਰ ਬਚਨ। ਮਹਾਰਾਜ ਕਹਿੰਦੇ ਹਨ, ਸਰਵਨ ਪਵਿੱਤਰ ਹੋ ਗਏ। ਗੁਰੂ ਜੀ ਦੀ ਅੰਮ੍ਰਿਤ ਦ੍ਰਿਸ਼ਟੀ ਪਈ, ਬਚਨ ਹੋਏ ਤੇ ਪ੍ਰਤੱਖ ਦਰਸ਼ਨਾਂ ਨੇ ਪਿਆਰਿਉ, ਉਹ ਅਵਸਥਾ ਬਖ਼ਸ਼ ਦਿੱਤੀ ਜਿਸ ਅਵਸਥਾ ਨੂੰ ਵੱਡੇ-ਵੱਡੇ ਜੋਗੀ ਤੇ ਮੁਨੀਸ਼ਰ ਤੜਫਦੇ ਹਨ। ਕੱਲ ਅਸੀਂ ਇਥੇ ਵਿਚਾਰ ਰੋਕੀ ਸੀ-

*ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥*
*ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥*

(ਅੰਗ ੧੦੯੬)

ਗੁਰੂ ਰਾਮਦਾਸ ਜੀ ਨੇ ਬਾਣੀ ਵਿਚ ਇਕ ਬਚਨ ਕਹੇ। ਕਹਿੰਦੇ ਹਨ ਕਿ ਹਰ ਬੰਦਾ ਕਿਸੇ ਨਾ ਕਿਸੇ ਦੇ ਸਹਾਰੇ 'ਤੇ, ਕਿਸੇ ਨਾ ਕਿਸੇ ਧੜੇ ਵਿਚ ਜੀਉਂਦਾ ਹੈ, ਪਰ ਮਹਾਂਪੁਰਸ਼ ਦੀ ਅਵਸਥਾ ਕੀ ਹੈ ? ਹਜ਼ੂਰ ਨੇ ਫ਼ੁਰਮਾਇਆ ਹੈ ਕਿ ਕੋਈ ਇਨਸਾਨ ਇਸ ਕਰਕੇ ਜੀਉਂਦਾ ਹੈ ਕਿ ਮੇਰੇ ਪੁੱਤਰ ਕੋਲ ਬੜੀ ਲਿਆਕਤ ਹੈ। ਮੇਰਾ ਪੁੱਤਰ ਜੋ ਬਿਜ਼ਨਸ ਕਰ ਰਿਹਾ ਹੈ, ਮੈਨੂੰ ਕਿਸੇ ਦੀ ਪ੍ਰਵਾਹ ਨਹੀਂ। ਮੇਰੇ ਪੁੱਤਰ ਦੇ ਹੱਥ ਵਿਚ ਬਹੁਤ ਵੱਡਾ ਗੁਣ ਹੈ। ਕੋਈ ਇਸ ਸਹਾਰੇ 'ਤੇ ਜੀਉਂਦਾ ਹੈ ਕਿ ਇਸ ਘਰ ਨਾਲ ਮੇਰਾ ਰਿਸ਼ਤਾ ਬਣਿਆ ਹੋਇਆ ਹੈ। ਮੇਰੇ ਦਾਮਾਦ ਕੋਲ ਬੜੀ ਲਿਆਕਤ ਹੈ। ਤੀਸਰਾ ਇਸ ਕਰਕੇ ਜੀਉਂਦਾ ਹੈ ਕਿ ਮੇਰੀ ਸਰਦਾਰਾਂ ਨਾਲ, ਚੌਧਰੀਆਂ ਨਾਲ, ਰਾਜ-ਨੇਤਾਵਾਂ ਨਾਲ ਬੜੀ ਦੋਸਤੀ ਹੈ। ਚੌਥਾ ਇਸ ਕਰਕੇ ਜੀਉਂਦਾ ਹੈ ਕਿ ਹਰ ਬੰਦਾ ਮੇਰੀ ਲਿਆਕਤ ਤੋਂ ਪ੍ਰਭਾਵਿਤ ਹੈ, ਪਰ ਗੁਰੂ ਰਾਮਦਾਸ ਜੀ ਨੇ ਕਿਹਾ ਕਿ ਜਿਸ ਦੇ ਵੱਲ ਪ੍ਰਮਾਤਮਾ ਹੋਵੇ, ਉਹ ਕਦੀ ਦੁਨੀਆਂ ਦੇ ਬੰਦੇ ਦੇ ਹੱਥਾਂ ਵੱਲ ਨਹੀਂ ਵੇਖਦਾ। ਉਹ ਜੀਉਂਦਾ ਹੈ ਤਾਂ ਕੇਵਲ ਪ੍ਰਮਾਤਮਾ ਦੇ ਸਹਾਰੇ। ਗੁਰੂ ਜੀ ਦਾ ਬਾਣੀ ਵਿਚ ਬਚਨ ਆਉਂਦਾ ਹੈ-

*ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥*

ਕੋਈ ਇਸ ਸਹਾਰੇ ਜੀਉਂਦਾ ਹੈ ਕਿ ਮੇਰੇ ਮਿੱਤਰਾਂ ਕੋਲ, ਮੇਰੇ ਪੁੱਤਰਾਂ ਕੋਲ, ਮੇਰੇ ਭਰਾਵਾਂ ਕੋਲ ਬੜੀ ਤਾਕਤ ਹੈ, ਪਰ ਮਹਾਂਪੁਰਸ਼ ਦਾ ਸਹਾਰਾ ਕੀ ਹੈ ?

*ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥*
*ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥*
*ਹਮਾਰਾ ਧੜਾ ਹਰਿ ਰਹਿਆ ਸਮਾਈ॥ ੧ ॥*
*ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥*
*ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ*
*ਹਉ ਹਰਿ ਗੁਣ ਗਾਵਾ ਅਸੰਖ ਅਨੇਕ॥ ੧ ॥ ਰਹਾਉ॥*

(ਅੰਗ ੩੬੬)

ਧੜਾ ਕੇਵਲ ਸਮਰੱਥ ਗੁਰੂ ਤੇ ਪ੍ਰਮਾਤਮਾ ਹੈ। ਹਜ਼ੂਰ ਨੇ ਮੇਹਰ ਕੀਤੀ। ਉਹਨਾਂ ਨੇ

ਆਪਣੀ ਅਸੀਸ ਬਖ਼ਸ਼ੀ ਤੇ ਜਦੋਂ ਪ੍ਰਮਾਤਮਾ ਵੱਲ ਹੋ ਜਾਏ ਤਾਂ ਫਿਰ ਕਿਸੇ ਚੀਜ਼ ਦੀ ਵੀ ਕਮੀ ਨਹੀਂ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਇਕ ਬਚਨ ਕਿਹਾ ਹੈ। ਕਈ ਵਾਰੀ ਜਦੋਂ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਦੇ ਅਸਥਾਨਾਂ 'ਤੇ ਕਥਾ ਕਰਦਿਆਂ ਵਿਚਾਰ ਕਰਨ ਜਾਈਦਾ ਹੈ ਤਾਂ ਦੇਖੋ ਸਾਦ-ਮੁਰਾਦੇ ਲਿਬਾਸ ਹਨ। ਹਜ਼ੂਰ ਨੇ ਬਾਣੀ ਵਿਚ ਇਸ਼ਾਰੇ ਕੀਤੇ ਹਨ। ਕਹਿਣ ਲੱਗੇ, ਇਹ ਤਾਂ ਪ੍ਰਮਾਤਮਾ ਦੇ ਰੰਗ ਹਨ। ਉਹ ਬੰਦਗੀ ਵਾਲੇ ਨੂੰ ਦਾਤ ਦਿੰਦਾ ਹੈ। ਸੋਹਣੀ ਪੁਸ਼ਾਕ ਪਾਉਂਦਾ ਹੈ। ਕਿਸੇ ਬੰਦਗੀ ਵਾਲੇ ਦੇ ਅੰਦਰ ਇੰਨਾ ਖ਼ਜ਼ਾਨਾ ਟਿਕਾਅ ਦਿੰਦਾ ਹੈ ਕਿ ਬਾਹਰ ਦੇਖਣ ਨੂੰ ਲੱਗਦਾ ਹੈ ਕਿ ਮੈਲੇ ਪੁਰਾਣੇ ਕੱਪੜੇ ਹਨ। ਬਾਹਰ ਕੇਵਲ ਖੱਦਰ ਦੇ ਕੱਪੜੇ ਹਨ, ਪਰ ਅੰਦਰ ਜਦੋਂ ਝਾੜੀ ਮਾਰ ਕੇ ਦੇਖੋ ਤਾਂ ਇਕ-ਇਕ ਦੇ ਅੰਦਰ ਪ੍ਰਮਾਤਮਾ ਦੇ ਖ਼ਜ਼ਾਨੇ ਦੀ ਰੇਸ਼ਮ ਪਈ ਹੋਈ ਹੈ। ਆਸਾ ਦੀ ਵਾਰ ਅਸੀਂ ਪੜ੍ਹਦੇ ਹਾਂ-

*ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥*

ਬਾਹਰੋਂ ਸਾਦ-ਮਰਾਦੇ ਕੱਪੜੇ ਹਨ, ਪਰ ਅੰਦਰ ਉਹਨਾਂ ਦੇ ਨਾਮ ਦੀ ਕੀਮਤੀ ਰੇਸ਼ਮ ਹੈ-

*ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ੇ ਵੀਚਾਰਿ॥*

ਉਹ ਮਹਾਂਪੁਰਸ਼-

*ਰੰਗਿ ਹਸਹਿ ਰੰਗਿ ਰੋਵਹਿ*

ਉਸ ਦੇ ਪਿਆਰ ਵਿਚ ਆਏ ਹੱਸਦੇ ਹਨ ਅਤੇ ਪ੍ਰੇਮ ਵਿਚ ਆਏ ਇਕਾਂਤ ਵਿਚ ਬੈਠੇ ਪਿਆਰੇ ਦੀ ਯਾਦ ਵਿਚ ਰੋਈ ਵੀ ਜਾਂਦੇ ਹਨ, ਪਰ ਉਹਨਾਂ ਦਾ ਰੋਣਾ ਦੁੱਖ ਦਾ ਰੋਣਾ ਨਹੀਂ।

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥*

ਮੌਜ ਆਈ ਤੇ ਕਿੰਨੇ-ਕਿੰਨੇ ਦਿਨ ਬੋਲਦੇ ਨਹੀਂ। ਮਹਾਰਾਜ ਕਹਿੰਦੇ ਹਨ, ਭਾਈ! ਬਾਹਰ ਦੇ ਬਸਤਰ ਦੇਖ ਕੇ, ਬਾਹਰ ਦੇ ਸਰੀਰ ਦੀ ਹਰਕਤ ਨੂੰ ਦੇਖ ਕੇ ਕਿਤੇ ਭਰਮ ਵਿਚ ਨਾ ਪੈ ਜਾਈਂ।-

*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥*

(ਅੰਗ ੪੭੩)

ਰੱਬ ਤੋਂ ਬਿਨਾਂ ਕਿਸੇ ਦੀ ਪ੍ਰਵਾਹ ਨਹੀਂ-

*ਜਾ ਤੂ ਮੇਰੇ ਵਲਿ ਹੈ ਤਾ ਕਿਆ ਮੁਹਛੰਦਾ॥*

*ਤੁਧੁ ਸਭੁ ਕਿਛੁ ਮੈਨੋ ਸਉਪਿਆ*

ਜਿਹੜਾ ਸਭੁ ਸ਼ਬਦ ਹੈ ਇਸ ਦੇ ਵਿਚ ਬੜੀ ਵੱਡੀ ਰਹਿਮਤ ਗੁਰੂ ਜੀ ਨੇ ਰੱਖ ਦਿੱਤੀ

ਹੈ। ਇਕ ਸ਼ਬਦ ਹੈ ਬਹੁਤ ਕੁਝ। ਚੇਤੇ ਰੱਖਿਉ, ਬਹੁਤ ਸ਼ਬਦ ਦੀ ਵੀ ਹੱਦ ਹੈ, ਪਰ 'ਸਭੁ' ਸ਼ਬਦ ਦੀ ਕੋਈ ਹੱਦ ਨਹੀਂ। ਸਭ ਕੁਝ ਦਾ ਅਰਥ ਹੀ ਇਹ ਹੈ ਕਿ ਬਾਕੀ ਕੋਈ ਚੀਜ਼ ਬਚੀ ਹੀ ਨਹੀਂ। 'ਸਭੁ' ਦਾ ਅਰਥ ਜੋ ਕੁਝ ਦੀਨ ਤੇ ਦੁਨੀਆਂ ਦਾ ਸੀ, ਉਹ ਸਭ ਕੁਝ ਮੈਂ ਤੇਰੀ ਝੋਲੀ ਵਿਚ ਪਾ ਦਿੱਤਾ।-

*ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥*

ਬੰਦੇ ਦਾ ਅੱਖਰੀ ਅਰਥ ਹੁੰਦਾ ਹੈ ਗ਼ੁਲਾਮ। ਮੈਂ ਤੇਰਾ ਬੰਦਾ ਹਾਂ। ਤੇਰਾ ਗ਼ੁਲਾਮ ਹਾਂ। ਮੈਂ ਤੇਰੇ ਚਰਨਾਂ ਵਿਚ ਝੁੱਕਿਆ ਹਾਂ। ਤੁਸੀਂ ਸਭ ਕੁਝ ਮੈਨੂੰ ਬਖ਼ਸ਼ ਦਿੱਤਾ ਹੈ।-

*ਲਖਮੀ ਤੋਟਿ ਨ ਆਵਈ*

ਕਦੀ ਘਾਟਾ ਨਹੀਂ ਪਵੇਗਾ।

*ਲਖਮੀ ਤੋਟ ਨ ਆਵਈ ਖਾਇ ਖਰਚਿ ਰਹੰਦਾ॥*

(ਅੰਗ ੧੦੯੬)

ਜਿੰਨੀ ਮਰਜ਼ੀ ਖ਼ਰਚੀ ਜਾਵੇ, ਜਿੰਨੀ ਮਰਜ਼ੀ ਖਾਧੀ ਜਾਵੇ, ਜਿਸ ਦੇ ਵੱਲ ਗੁਰੂ ਖਲੋ ਜਾਏ, ਉਸ ਨੂੰ ਨਾ ਰੁਪਏ ਦਾ ਘਾਟਾ ਪੈਂਦਾ ਹੈ ਤੇ ਨਾ ਕਦੀ ਅੰਨ ਦਾ ਘਾਟਾ ਪੈਂਦਾ ਹੈ।

ਭਾਈ ਨੰਦ ਲਾਲ ਜੀ ਨੇ ਆਪਣੀ ਰਚਨਾ ਵਿਚ ਸ਼ਬਦ ਕਿਹਾ। ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਸਿਫ਼ਤ ਕਰਨ ਵਿਚ ਉਹਨਾਂ ਕਮਾਲ ਕਰ ਦਿੱਤੀ। ਉਹਨਾਂ ਦੀ ਰਚਨਾ ਜਿਹੜੀ ਜ਼ਿੰਦਗੀਨਾਮਾ ਹੈ, ਉਸ ਦੇ ਵਿਚ ਉਹਨਾਂ ਨੇ ਇਕ ਬਚਨ ਕਿਹਾ। ਕਹਿੰਦੇ ਹਨ, ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ! ਮੈਂ ਤੇਰੇ ਦਰਬਾਰ ਵਿਚ ਆਪਣੀਆਂ ਅੱਖਾਂ ਨਾਲ ਦੇਖਦਾ ਹਾਂ ਕਿ ਆਸਮਾਨ ਦੇ ਉੱਪਰ ਚੰਦਰਮਾ ਹੈ ਤੇ ਜ਼ਮੀਨ ਦੇ ਵਿਚ ਸਭ ਤੋਂ ਨੀਵੀਂ ਥਾਂ ਸਮੁੰਦਰ ਦੀ ਡੂੰਘਾਈ ਹੈ। ਪਹਾੜਾਂ ਦੀ ਖੱਡ ਨਹੀਂ, ਕਿਉਂਕਿ ਪਹਾੜ ਦੀ ਖੱਡ ਦਾ ਤਾਂ ਥਾਹ ਪਾਇਆ ਜਾ ਸਕਦਾ ਹੈ, ਪਰ ਸਮੁੰਦਰ ਦੀ ਗਹਿਰਾਈ ਕਿਸ ਨੇ ਮਾਪੀ ਹੈ ? ਕਦੀ ਨਹੀਂ ਮਾਪੀ।

ਉਹਨਾਂ ਇਕ ਬਚਨ ਕਿਹਾ ਹੈ— ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ! ਜਿਸ ਦੇ ਸਿਰ ਉੱਪਰ ਆਪ ਜੀ ਹੱਥ ਰੱਖਦੇ ਹੋ। ਜਿਸ ਨੂੰ ਆਪਣੀ ਰਸਨਾ ਤੋਂ ਆਪ ਜੀ ਬਚਨ ਦੇ ਦੇਵੋ ਤੇ ਜਿਹੜਾ ਤੁਹਾਡੇ ਚਰਨਾਂ ਵਿਚ ਇਕ ਵਾਰੀ ਮੱਥਾ ਟੇਕ ਦੇਵੇ ਤਾਂ ਚੰਦਰਮਾ ਤੋਂ ਲੈ ਕੇ ਸਮੁੰਦਰ ਤੱਕ ਜਿੰਨੇ ਖ਼ਜ਼ਾਨੇ ਤੂੰ ਪੈਦਾ ਕੀਤੇ ਹਨ ਮੇਰੇ ਮਾਲਕਾ ! ਉਸ ਦੇ ਚਰਨਾਂ ਵਿਚ ਆ ਕੇ ਝੁੱਕ ਜਾਂਦੇ ਹਨ। ਉਸ ਦੀ ਪਾਈ ਹੋਈ ਪਾਟੀ ਕੁੜਤੀ ਦੇ ਸਾਹਮਣੇ ਸ਼ਹਿਨਸ਼ਾਹ ਦੀ ਪੁਸ਼ਾਕ ਦੀ ਵੀ ਰੰਚਕ ਮਾਤਰ ਕੀਮਤ ਨਹੀਂ। ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸਿੱਖ, ਲਾਡਲੇ ਕਵੀ, ਉਹਨਾਂ ਦੇ ਸ਼ਬਦ ਵੈਸੇ ਫ਼ਾਰਸੀ ਦੇ ਸ਼ਬਦ ਹਨ ਪਰ ਉਹ ਕਹਿੰਦੇ ਹਨ, ਕਿ ਜੇ ਤੂੰ ਵੱਡੇ ਰੁਤਬੇ ਪਾਉਣਾ ਚਾਹੁੰਦਾ ਹੈਂ ਤਾਂ ਫਿਰ ਆਪਣੇ ਆਪ ਨੂੰ ਝੁਕਾਉਣ ਦੀ ਜਾਚ ਸਿਖ ਲੈ। ਵੱਡਾ ਹੋਣਾ ਹੈ ਤਾਂ ਫਿਰ ਝੁੱਕਣ ਦੀ ਜਾਚ ਸਿਖ ਲੈ। ਜੇ ਝੁੱਕਿਆ ਨਾ ਤਾਂ ਫਿਰ

ਵੱਡਾਪਣ ਨਹੀਂ।

ਤੁਸੀਂ ਦੇਖੋ, ਰੁੱਖ ਧਰਤੀ 'ਤੇ ਲਾਉਂਦੇ ਹਾਂ। ਜਿਹੜਾ ਰੁੱਖ ਨੀਵਾਂ ਹੈ, ਤੇਜ਼ ਹਵਾ ਆਏ ਤਾਂ ਉਹ ਝੁੱਕ ਜਾਂਦਾ ਹੈ, ਪਰ ਜਦੋਂ ਤੂਫ਼ਾਨ ਲੰਘਦਾ ਹੈ ਤਾਂ ਉਹ ਫਿਰ ਦੁਬਾਰਾ ਖੜਾ ਹੋ ਜਾਂਦਾ ਹੈ। ਜਿਹੜੇ ਅੜਨ ਦਾ ਯਤਨ ਕਰਦੇ ਹਨ, ਉਹ ਜਾਂ ਤਾਂ ਜੜ੍ਹਾਂ ਤੋਂ ਪੁੱਟੇ ਜਾਂਦੇ ਹਨ ਜਾਂ ਅੱਧ ਵਿਚਕਾਰੋਂ ਟੁੱਟ ਜਾਂਦੇ ਹਨ। ਬੰਦਗੀ ਕਰ, ਜਿਨਾ ਵੱਡਾ ਰੱਬ ਹੈ, ਤੈਨੂੰ ਓਨਾ ਵੱਡਾ ਕਰ ਦੇਵੇਗਾ। ਬਾਣੀ ਵਿਚ ਤਾਂ ਪ੍ਰਮਾਣ ਆਉਂਦੇ ਹਨ-

*ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ*
*ਜੋ ਸਭਨਾ ਉਪਰਿ ਹੁਕਮੁ ਚਲਾਏ॥*

(ਅੰਗ ੮੯)

ਚੰਦਰਮਾ ਤੋਂ ਲੈ ਕੇ ਸਮੁੰਦਰ ਦੀ ਡੂੰਘਾਈ ਤੱਕ ਹਰ ਚੀਜ਼ ਉਸ ਦੇ ਹੁਕਮ ਵਿਚ ਹੈ।

ਸੂਫ਼ੀਆਂ ਵਿਚ ਇਕ ਮਹਾਂਪੁਰਸ਼ ਹੋਏ ਹਨ। ਕਹਿੰਦੇ ਹਨ, ਉਹਨਾਂ ਦੇ ਅੰਦਰ ਲਗਨ ਲੱਗ ਗਈ। ਪ੍ਰਮਾਤਮਾ ਨੇ ਦਇਆ ਕੀਤੀ, ਉਹਨਾਂ ਦੇ ਅੰਦਰ ਬੈਰਾਗ ਆਇਆ। ਘਰ ਬਾਹਰ ਛੱਡ ਦਿੱਤਾ। ਉਹ ਦਰਵੇਸ਼ ਆਮ ਬੰਦਾ ਨਹੀਂ ਸੀ, ਉਹ ਰਾਜਾ ਸੀ। ਉਸ ਦਾ ਨਾਮ ਸੀ ਹਜ਼ਰਤ ਇਬਰਾਹਿਮ ਅਦਮ ਬਲਖ਼ੀ। ਇਕ ਦਿਨ ਇਸ ਦੇ ਕਿਲ੍ਹੇ ਦੇ ਸਾਹਮਣੇ ਕੋਈ ਫ਼ਕੀਰ ਆ ਗਿਆ। ਉਹ ਸੰਤਰੀ ਨਾਲ ਝਗੜੀ ਜਾਏ। ਕਹਿੰਦਾ ਹੈ, ਮੈਂ ਇਕ ਰਾਤ ਰਹਿਣਾ ਹੈ ਤੇ ਜਿਹੜਾ ਪਹਿਰੇਦਾਰ ਸੀ, ਉਸ ਨੇ ਕਿਹਾ ਫ਼ਕੀਰ ਬਾਬਾ, ਇਹ ਮਹਿਲ ਹੈ, ਸਰਾਂ ਨਹੀਂ। ਉਹ ਕਹਿੰਦਾ ਹੈ ਮਹਿਲ ਤੇ ਸਰਾਂ ਵਿਚ ਵੀ ਅੰਤਰ ਹੈ ? ਪਹਿਰੇਦਾਰ ਕਹਿੰਦਾ ਹੈ, ਹਾਂ। ਮਹਿਲ ਦਾ ਅਰਥ ਹੈ ਜਿਹੜਾ ਇਕ ਦਾ ਹੀ ਟਿਕਾਣਾ ਹੋਵੇ ਤੇ ਸਰਾਂ ਦਾ ਅਰਥ ਹੈ ਜਿੱਥੇ ਰੋਜ਼ ਲੋਕ ਕਮਰੇ ਬਦਲਣ ਵਾਲੇ ਆਉਂਦੇ ਰਹਿਣ। ਫ਼ਕੀਰ ਕਹਿੰਦਾ ਹੈ ਜੇ ਤੇਰੇ ਮੁਤਾਬਿਕ ਸਰਾਂ ਉਸ ਨੂੰ ਕਹਿੰਦੇ ਹਨ ਜਿੱਥੇ ਲੋਕ ਥਾਂ ਬਦਲਦੇ ਹਨ ਤਾਂ ਸੱਚ ਜਾਣੀ, ਇਹ ਮਹਿਲ ਨਹੀਂ, ਸਰਾਂ ਹੈ। ਮੈਨੂੰ ਸਰਾਂ ਵਿਚ ਇਕ ਰਾਤ ਰਹਿਣ ਦੇ।

ਝਗੜਾ ਸ਼ੁਰੂ ਹੋ ਗਿਆ। ਇੰਨੀ ਦੇਰ ਨੂੰ ਇਬਰਾਹਿਮ ਬਾਹਰ ਆਇਆ। ਉਸ ਨੇ ਦੇਖਿਆ। ਸੰਤਰੀ ਨੂੰ ਪੁੱਛਦਾ ਹੈ ਕਿ ਇਹ ਫ਼ਕੀਰ ਕਿਉਂ ਬਖੇੜਾ ਕਰੀ ਬੈਠਾ ਹੈ ? ਕੱਪੜੇ ਉਸ ਦੇ ਪਾਟੇ ਜਿਹੇ ਸਨ, ਪਰ ਚਿਹਰੇ 'ਤੇ ਜਿਹੜੀ ਰੱਬ ਦੀ ਦਇਆ ਵਰਤਦੀ ਸੀ, ਉਹ ਕਹਿੰਦੀ ਸੀ ਕਿ ਕੱਪੜੇ ਨਾ ਦੇਖ, ਅੰਦਰ ਦੇਖ, ਰੱਬ ਕਿੰਨਾ ਕੁ ਵਰਤਦਾ ਪਿਆ ਹੈ। ਕਿਉਂਕਿ ਜੋ ਕੁਝ ਅੰਦਰ ਹੈ, ਉਹ ਚਿਹਰੇ ਤੋਂ ਝਲਕਦਾ ਹੈ। ਉਸ ਨੇ ਆ ਕੇ ਸੰਤਰੀ ਨੂੰ ਕਿਹਾ ਕਿ ਫ਼ਕੀਰ ਨਾਲ ਬਖੇੜਾ ਕਿਉਂ ? ਸੰਤਰੀ ਨੇ ਕਿਹਾ, ਬਾਦਸ਼ਾਹ ਸਲਾਮਤ ! ਗੱਲ ਸਿਰਫ਼ ਇੰਨੀ ਕੁ ਹੈ ਕਿ ਇਹ ਸੱਜਣ ਆਇਆ ਹੈ ਤੇ ਇਸ ਨੇ ਆ ਕੇ ਕਿਹਾ ਹੈ, ਮੈਂ ਇਸ ਸਰਾਂ ਵਿਚ ਰਹਿਣਾ ਹੈ। ਮੈਂ ਤੇਰਾ ਨੌਕਰ ਹਾਂ ਤੇ ਮੈਂ ਰੋਕ ਕੇ ਇਸ ਨੂੰ ਇੰਨੇ ਕੁ ਸ਼ਬਦ ਕਹੇ ਕਿ ਇਹ ਸਰਾਂ ਨਹੀਂ, ਇਹ ਮਹਿਲ ਹੈ। ਇਸ ਮਹਿਲ ਵਿਚ ਬਾਦਸ਼ਾਹ ਸਲਾਮਤ ਦਾ ਟਿਕਾਣਾ ਹੈ। ਸਰਾਂ ਉਹ ਹੁੰਦੀ ਹੈ ਜਿੱਥੇ

ਵੱਸਣ ਵਾਲੇ ਲੋਕ ਬਦਲਦੇ ਰਹਿਣ। ਇਸ ਨੇ ਝਗੜਾ ਸ਼ੁਰੂ ਕਰ ਦਿੱਤਾ ਹੈ ਅਤੇ ਬਹਿਸ ਕਰਕੇ ਕਹਿੰਦਾ ਹੈ ਕਿ ਮੈਂ ਸਰਾਂ ਵਿਚ ਰਹਿਣਾ ਹੈ।

ਬਾਦਸ਼ਾਹ ਨੇ ਕਿਹਾ, ਫ਼ਕੀਰ ਬਾਬਾ! ਇਹ ਮੰਤਰੀ ਸੱਚ ਕਹਿ ਰਿਹਾ ਹੈ। ਫ਼ਕੀਰ ਨੇ ਕਿਹਾ, ਬਾਦਸ਼ਾਹ! ਮੈਂ ਅੱਜ ਤੋਂ ਤੀਹ ਸਾਲ ਪਹਿਲਾਂ ਇਥੇ ਆਇਆ ਸੀ, ਮੇਰੀ ਉਮਰ 100 ਸਾਲ ਤੋਂ ਜ਼ਿਆਦਾ ਹੈ। ਇਥੇ ਕੋਈ ਹੋਰ ਬੰਦਾ ਸੀ। ਕਹਿਣ ਲੱਗਾ, ਉਹ ਮੇਰਾ ਬਾਪ ਸੀ। ਕਹਿੰਦਾ ਹੈ ਕਿ ਉਹ ਕਿੱਥੇ ਗਏ? ਉਹ ਕੂਚ ਕਰ ਗਏ ਹਨ। ਫ਼ਕੀਰ ਕਹਿੰਦਾ ਹੈ, ਮੈਂ ਤੇਰੇ ਬਾਪ ਤੋਂ ਪੱਚੀ ਸਾਲ ਪਹਿਲਾਂ ਵੀ ਆਇਆ ਸੀ, ਇਥੇ ਇਕ ਬਜ਼ੁਰਗ ਸੀ। ਕਹਿੰਦਾ ਹੈ, ਉਹ ਮੇਰਾ ਦਾਦਾ ਸੀ। ਉਹ ਕਿੱਥੇ ਗਿਆ? ਕਹਿਣ ਲੱਗਾ—ਉਹ ਵੀ ਦੁਨੀਆਂ ਤੋਂ ਚਲਿਆ ਗਿਆ। ਫਿਰ ਮੈਨੂੰ ਦੱਸ ਬਾਦਸ਼ਾਹ, ਇਹ ਮਹਿਲ ਹੈ ਕਿ ਸਰਾਂ ਹੈ? ਫਕੀਰ ਕਹਿੰਦਾ ਹੈ ਕਿ ਬਾਹਰ ਦੀ ਸਰਾਂ ਵਿਚ ਤਾਂ ਦੋ ਦਿਨਾਂ ਤੋਂ ਬਾਅਦ ਲੋਕ ਥਾਂ ਬਦਲ ਦਿੰਦੇ ਹਨ, ਪਰ ਤੇਰੇ ਮਹਿਲ ਵਿਚ 30 ਸਾਲਾਂ ਬਾਅਦ ਥਾਂ ਬਦਲਿਆ, ਹੈ ਤਾਂ ਸਰਾਂ ਹੀ ਨਾ। ਮੈਂ ਤੈਨੂੰ ਸੱਚ ਦੱਸਾਂ, ਟਿਕਾਣਾ ਤੇਰਾ ਵੀ ਕੋਈ ਨਹੀਂ। ਹੋ ਸਕਦਾ ਹੈ ਚੌਥੀ ਵਾਰ ਫੇਰਾ ਪਾਵਾਂ ਤੇ ਤੇਰਾ ਇਥੇ ਪੁੱਤਰ ਬੈਠਾ ਹੋਵੇ, ਇਸ ਲਈ ਇਹ ਸਰਾਂ ਹੈ, ਮਹਿਲ ਨਹੀਂ।

ਬਾਦਸ਼ਾਹ ਨੂੰ ਉਸ ਵੇਲੇ ਇੰਨੀ ਠੋਕਰ ਵੱਜੀ ਕਿ ਰਾਜ-ਭਾਗ ਛੱਡ ਦਿੱਤਾ। ਜਦੋਂ ਪ੍ਰਮਾਤਮਾ ਕਿਸੇ ਦਾ ਜੀਵਨ ਬਦਲਦਾ ਹੈ ਤਾਂ ਵਖਿਆਨਾਂ ਦੀ ਲੋੜ ਨਹੀਂ ਪੈਂਦੀ। ਕਮਾਈ ਵਾਲਾ ਇਕ ਸ਼ਬਦ ਹੀ ਕਹਿ ਦੇਵੇ ਤਾਂ ਬਸ ਇਕ ਸ਼ਬਦ ਹੀ ਜ਼ਿੰਦਗੀ ਵਿਚ ਨਵੀਂ ਤਬਦੀਲੀ ਲਿਆ ਸਕਦਾ ਹੈ। ਉਸ ਨੇ ਕਿਹਾ ਕਿ ਫਿਰ ਇਸ ਘਰ ਵਿਚ ਰਹਿ ਕੇ ਕੀ ਕਰਨਾ ਹੈ। ਘਰ-ਬਾਰ ਉਸ ਨੇ ਛੱਡ ਦਿੱਤਾ। ਕਈ ਸਾਲ ਉਸ ਨੇ ਬੰਦਗੀ ਕੀਤੀ।

ਕਈ ਸਾਲਾਂ ਤੋਂ ਬਾਅਦ ਅੱਜ ਇਬਰਾਹਿਮ ਵਾਪਿਸ ਆਇਆ। ਜਦੋਂ ਵਾਪਿਸ ਆਇਆ ਤਾਂ ਆਪਣੇ ਰਾਜ ਦੀ ਹੱਦ ਵਿਚ ਆ ਗਿਆ। ਉਹ ਇਕ ਨਦੀ ਦੇ ਕੰਢੇ 'ਤੇ ਬੈਠ ਗਿਆ। ਲੋਕਾਂ ਨੂੰ ਪਤਾ ਲੱਗਾ ਕਿ ਕੋਈ ਸੰਤ ਆਇਆ ਹੈ ਕਈ ਸਾਲਾਂ ਬਾਅਦ। ਉਸ ਦੇ ਕੇਸ ਵੱਧੇ ਹੋਏ ਸਨ। ਲੋਕ ਇਕੱਠੇ ਹੋ ਗਏ। ਦਰਸ਼ਨ ਕਰਨ ਲਈ ਦੁਨੀਆਂ ਆਉਣ ਲੱਗ ਪਈ। ਜਦੋਂ ਇਸ ਦੇ ਪੁੱਤਰਾਂ ਨੂੰ ਜਿਹੜੇ ਰਾਜ-ਭਾਗ ਸਾਂਭੀ ਬੈਠੇ ਸਨ, ਪਤਾ ਲੱਗਾ ਕਿ ਸਾਡੇ ਰਾਜ ਵਿਚ ਕੋਈ ਫ਼ਕੀਰ ਆਇਆ ਹੈ ਤਾਂ ਆਪਣੀ ਬਜ਼ੁਰਗ ਮਾਂ ਨੂੰ ਨਾਲ ਲੈ ਕੇ ਦਰਸ਼ਨ ਕਰਨ ਚਲੇ ਗਏ।

ਜਦੋਂ ਦਰਸ਼ਨ ਕੀਤੇ ਤੇ ਫ਼ਕੀਰ ਨੇ ਨੇਤਰ ਖੋਲ੍ਹੇ ਤਾਂ ਮਾਈ ਨੇ ਪਹਿਚਾਣ ਲਿਆ ਕਿ ਇਹ ਤਾਂ ਮੇਰਾ ਸੁਆਮੀ ਹੈ। ਬੱਚਿਆਂ ਨੂੰ ਕਹਿਣ ਲੱਗੀ ਕਿ ਇਹ ਤੁਹਾਡਾ ਬਾਪ ਹੈ। ਉਹਨਾਂ ਨੇ ਜਦੋਂ ਬੋਲਿਆ ਤਾਂ ਆਵਾਜ਼ ਪਹਿਚਾਣ ਲਈ। ਉਸ ਸਮੇਂ ਉਹਨਾਂ ਨੇ ਕਿਹਾ ਘਰ ਚੱਲ। ਕਿਸੇ ਚੀਜ਼ ਦੀ ਕਮੀ ਨਹੀਂ, ਨੌਕਰ-ਚਾਕਰ ਹਨ। ਫ਼ਕੀਰਾਂ ਵਾਲੇ ਕੱਪੜੇ ਪਾ ਕੇ ਬੈਠ ਗਿਆ ਹੈਂ, ਲੋਕ ਕੀ ਕਹਿਣਗੇ? ਕਹਿਣ ਲੱਗਾ—ਪੁੱਤਰਾ! ਮੈਂ ਸਰਾਂ ਵਿਚ ਰਹਿਣਾ ਛੱਡ ਦਿੱਤਾ

ਹੈ। ਮੈਂ ਵੱਸਦੀ ਵਿਚ ਰਹਿੰਦਾ ਹਾਂ। ਰਹਿੰਦਾ ਸੀ ਉਹ ਸ਼ਮਸ਼ਾਨ ਭੂਮੀ ਵਿਚ। ਉਸ ਨੇ ਕਿਹਾ ਮੈਂ ਵੱਸਦੀ ਵਿਚ ਰਹਿੰਦਾ ਹਾਂ। ਕਹਿਣ ਲੱਗਾ—ਬਾਬਾ! ਇਹ ਵੱਸਦੀ ਹੈ? ਉਸ ਨੇ ਕਿਹਾ—ਪੁੱਤਰ! ਮਹਿਲਾਂ ਵਿਚ ਰਹਿਣ ਵਾਲੇ ਉਜੜਨਗੇ, ਪਰ ਜਿਹੜੇ ਸ਼ਮਸ਼ਾਨ ਭੂਮੀ ਵਿਚ ਇਕ ਵਾਰੀ ਵੱਸ ਗਏ, ਕਦੀ ਨਹੀਂ ਉਜੜਦੇ।

ਪੁੱਤਰਾਂ ਨੇ ਕਿਹਾ, ਬਾਪੂ! ਘਰ ਚੱਲ, ਲੋਕ ਕੀ ਕਹਿਣਗੇ। ਫ਼ਕੀਰ ਨੇ ਸੂਈ ਕੱਢੀ ਤੇ ਸੂਈ ਕੱਢ ਕੇ ਨਦੀ ਵਿਚ ਸੁੱਟ ਦਿੱਤੀ। ਕਹਿਣ ਲੱਗਾ, ਪੁੱਤਰੋ! ਤੁਹਾਡੇ ਕੋਲ ਰਾਜ ਭਾਗ ਹੈ? ਕਹਿੰਦੇ ਹਨ, ਬਾਪੂ! ਤੇਰੀਆਂ ਹੱਦਾਂ ਤੋਂ ਅੱਗੇ ਵੀ ਰਾਜ ਭਾਗ ਵਧਾ ਦਿੱਤਾ ਹੈ। ਫ਼ਕੀਰ ਕਹਿਣ ਲੱਗਾ ਕਿ ਤੁਹਾਡੀ ਬੜੀ ਚੱਲਦੀ ਹੈ। ਇਹ ਪਾਣੀ ਵਿਚ ਡਿੱਗੀ ਹੋਈ ਮੇਰੀ ਸੂਈ ਮੈਨੂੰ ਵਾਪਿਸ ਲਿਆ ਦਿਉ। ਉਹਨਾਂ ਕਿਹਾ ਕਿ ਇਹ ਕੋਈ ਵੱਡੀ ਗੱਲ ਹੈ, ਹੁਣੇ ਲੈ। ਤੈਰਾਕ ਲਿਆਂਦੇ। ਉਹ ਟੁੱਭੀ ਮਾਰਨ ਕੇ ਲੱਭਦੇ ਰਹੇ, ਪਰ ਸੂਈ ਨਾ ਲੱਭੀ।

ਸੱਤ-ਅੱਠ ਦਿਨ ਹੋ ਗਏ, ਫਿਰ ਵੀ ਸੂਈ ਨਾ ਮਿਲੀ। ਫ਼ਕੀਰ ਹੱਸ ਕੇ ਕਹਿਣ ਲੱਗਾ, ਆਖ਼ਿਰ ਤੁਹਾਡੀ ਚੱਲਦੀ ਹੈ, ਕੱਢੋ ਮੇਰੀ ਸੂਈ। ਜਦੋਂ ਨਾ ਨਿਕਲੀ ਤਾਂ ਕਹਿਣ ਲੱਗੇ, ਕਿਉਂ ਬਜ਼ੁਰਗਾ, ਜ਼ਿੱਦ ਕਰਨ ਲੱਗ ਪਿਆ ਹੈਂ? ਤੈਨੂੰ ਹੋ ਕੀ ਗਿਆ ਹੈ? ਕਹਿੰਦਾ ਹੈ ਪੁੱਤਰੋ! ਫਿਰ ਤੁਹਾਡੀਆਂ ਬਾਹਾਂ ਖੜੀਆਂ ਹਨ? ਕਹਿਣ ਲੱਗੇ, ਬਿਲਕੁਲ। ਫ਼ਕੀਰ ਨੇ ਨਜ਼ਰ ਭਰ ਕੇ ਮੱਛੀ ਵੱਲ ਦੇਖਿਆ ਤੇ ਕਹਿਣ ਲੱਗਾ, ਮੇਰੀ ਸੂਈ ਵਾਪਿਸ ਦੇ। ਮੱਛੀ ਨੇ ਮੂੰਹ ਵਿਚ ਸੂਈ ਲਿਆਂਦੀ ਤੇ ਫ਼ਕੀਰ ਦੇ ਚਰਨਾਂ ਵਿਚ ਰੱਖ ਦਿੱਤੀ। ਕਹਿਣ ਲੱਗਾ ਪੁੱਤਰੋ! ਕਿਹੜਾ ਰਾਜ ਲਵਾਂ? ਇਕ ਤੁਹਾਡਾ ਰਾਜ ਹੈ ਜਿਸ ਦੀਆਂ ਹੱਦਾਂ ਵੱਧੀਆਂ ਹਨ, ਪਰ ਤੁਹਾਡੇ ਰਾਜ ਦੇ ਨੌਕਰ ਤਾਂ ਇਕ ਸੂਈ ਵੀ ਨਹੀਂ ਲੱਭ ਸਕੇ। ਜਿਹੜਾ ਰਾਜ ਰੱਬ ਨੇ ਮੈਨੂੰ ਦੇ ਦਿੱਤਾ ਹੈ, ਇੱਥੇ ਤਾਂ ਮੱਛੀਆਂ ਵੀ ਮੇਰੇ ਹੁਕਮ ਵਿਚ ਚੱਲਦੀਆਂ ਪਈਆਂ ਹਨ। ਸੱਚ ਹੈ, ਇਹ ਮਨੋ-ਕਲਪਿਤ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸਿੱਖ ਕਹਿੰਦੇ ਹਨ—ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ! ਜਿਸ ਦੇ ਸਿਰ ਉੱਤੇ ਤੁਸੀਂ ਹੱਥ ਰੱਖ ਦਿੱਤਾ ਹੈ, ਚੰਦਰਮਾ ਤੋਂ ਲੈ ਕੇ ਸਮੁੰਦਰ ਤੱਕ ਪੂਰੇ ਦੇ ਪੂਰੇ ਖ਼ਜ਼ਾਨੇ ਉਹਦਾ ਪਾਣੀ ਭਰਦੇ ਹਨ। ਧੰਨ ਗੁਰੂ ਗ੍ਰੰਥ ਸਾਹਿਬ ਜੀ ਮੋਹਰ ਲਾਉਂਦੇ ਹਨ—

*ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ*
*ਜੋ ਸਭਨਾ ਉਪਰਿ ਹੁਕਮੁ ਚਲਾਏ॥*

ਨਾਮ ਹੁਕਮ ਚਲਾਉਂਦਾ ਹੈ।

*ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ॥*
*ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ॥*
*ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭ ਪੈਰੀ ਪਾਏ॥*

*ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ॥*

(ਅੰਗ ੮੯)

ਨਾਮ ਦੇ ਅੱਗੇ ਹਰ ਚੀਜ਼ ਝੁਕਦੀ ਹੈ। ਗੁਰੂ ਜੀ ਦੀ ਚਾਕਰੀ ਵੀ ਚੰਗੀ ਹੈ ਤੇ ਗ਼ੁਲਾਮੀ ਵੀ ਚੰਗੀ ਹੈ। ਗੁਰੂ ਜੀ ਕਹਿੰਦੇ ਹਨ-

*ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥*
*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥*

ਪਰ ਚਾਕਰੀ ਵੀ ਕਿਸੇ ਕ੍ਰਿਪਾ ਲਈ ਹੈ-

*ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥*

ਦੋ ਮਰਜ਼ੀਆਂ ਹਨ, ਇਕ ਗਾਰਬ ਵਾਦ ਕਰਦੇ ਹਨ ਤੇ ਦੂਜੇ ਚਾਕਰੀ ਕਰਦੇ ਹਨ-

*ਹੁਰਮਤ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ॥*

(ਆਸਾ ਦੀ ਵਾਰ)

ਗੁਰੂ ਜੀ ਨੇ ਕਰਤਾਰਪੁਰ ਭਾਈ ਲਹਿਣਾ ਜੀ ਨੂੰ ਇਕ ਸ਼ਬਦ ਕਿਹਾ, ਚਲਾ ਜਾ ਆਪਣੇ ਘਰ ਨੂੰ। ਸਾਰੇ ਚੱਲੇ ਗਏ ਹਨ। ਕਹਿਣ ਲੱਗੇ ਦਾਤਾ ! ਘਰਾਂ ਵਾਲੇ ਸਾਰੇ ਚਲੇ ਗਏ, ਪਰ ਮੇਰਾ ਘਰ ਹੀ ਤੁਸੀਂ ਹੋ। ਦੱਸੋ ਤੁਹਾਨੂੰ ਛੱਡ ਕੇ ਕਿਥੇ ਜਾਣਾ ਹੈ। ਸਤਿਗੁਰੂ ਨੂੰ ਕਿਹਾ ਕਿ ਮੇਰਾ ਘਰ ਤੁਸੀਂ ਹੋ। ਇਤਿਹਾਸ ਕਹਿੰਦਾ ਹੈ ਕਿ ਸੀਨੇ ਨਾਲ ਲਾਇਆ ਬਾਬੇ ਨੇ। ਮੁਰਦਾ ਛੱਕਣ ਦੀ ਗੱਲ ਵੀ ਚੱਲੀ ਤੇ ਹਕੀਕਤ ਵਿਚ ਕੋਈ ਦੋ ਰਾਵਾਂ ਨਹੀਂ। ਹਜ਼ੂਰ ਨੇ ਉਥੇ ਵੀ ਕਿਰਪਾ ਕੀਤੀ ਤੇ ਕਹਿਣ ਲੱਗੇ, ਘਰ ਨੂੰ ਚਲਾ ਜਾ। ਮਹਾਰਾਜ ! ਮੇਰਾ ਘਰ ਕੋਈ ਨਹੀਂ। ਗੁਰੂ ਜੀ ਕਹਿਣ ਲੱਗੇ, ਪੁਰਖਾ ! ਜੇ ਤੂੰ ਗੁਰੂ ਨੂੰ ਘਰ ਬਣਾਇਆ ਹੈ ਤਾਂ ਮੈਂ ਵੀ ਘਰ ਬੜੇ ਲੱਭੇ ਪਰ ਤੇਰੇ ਵਰਗਾ ਘਰ ਕੋਈ ਨਹੀਂ ਮਿਲਿਆ। ਅੱਜ ਤੋਂ ਬਾਅਦ ਮੇਰਾ ਨਿਵਾਸ ਲਹਿਣਾ ਜੀ ਦੇ ਘਰ ਵਿਚ ਹੋਵੇਗਾ, ਘਰ ਲੱਭ ਲਿਆ ਹੈ।

ਨੌਕਰੀ ਵੀ ਚੰਗੀ ਹੈ ਗੁਰੂ ਦੀ, ਪਰ ਗੁਰਮੁਖੋ ! ਜਿਹੜੇ ਵਿੱਕ ਜਾਣ, ਹਜ਼ੂਰ ਖ਼ੁਦ ਵਿੱਕੇ। ਉਹਨਾਂ ਬਾਣੀ ਵਿਚ ਕਿਹਾ ਹੈ, ਭਾਈ ! ਬੰਦਾ ਵਿਕਦਾ ਹੈ ਬੰਦੇ ਦੀ ਹੱਟੀ 'ਤੇ। ਕਹਿੰਦੇ ਹਨ, ਇਸ ਗ਼ੁਲਾਮੀ ਨਾਲੋਂ ਤਾਂ ਮੌਤ ਚੰਗੀ ਹੈ। ਕਹਿਣ ਲੱਗੇ, ਕਿੰਨੇ ਭਾਗਾਂ ਵਾਲੇ ਹਾਂ, ਜਿਹੜੇ ਗੁਰੂ ਦੀ ਹੱਟੀ 'ਤੇ ਵਿਕੇ। ਧੰਨ ਗੁਰੂ ਅਰਜਨ ਦੇਵ ਜੀ ਨੇ ਕਿਹਾ, ਭਾਈ ! ਜਿਹੜੇ ਸਿੱਖ ਵਿੱਕਦੇ ਹਨ, ਉਹ-

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*

ਵਿਕਣ ਦਾ ਅਰਥ ਹੈ-

*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥*

(ਅੰਗ ੨੮੬)

ਫਿਰ ਕਿੰਨੇ ਕਾਰਜ ਰਾਸ ਹੁੰਦੇ ਹਨ ਜਦੋਂ ਦੁਨੀਆਂ ਤੋਂ ਤੁਰਦਾ ਹੈ। ਜਿਨ੍ਹਾਂ ਨੇ ਆਪਣੇ ਆਪ ਨੂੰ ਵੇਚਿਆ ਹੈ, ਹਜ਼ੂਰ ਨੇ ਉਹਨਾਂ 'ਤੇ ਕਿਰਪਾ ਕੀਤੀ।

ਵੇਖੋ ਠੰਡਾ ਬੁਰਜ ਕਹਿਣ ਨੂੰ ਸੌਖਾ ਹੈ, ਪਰ ਜਿਹੜੀ ਉਥੇ ਤਿੰਨ ਚਾਰ ਦਿਨ ਮਾਤਾ ਨੇ ਰਹਿਮਤ ਵਰਤਾਈ, ਉਹ ਕਿਤੇ ਲੱਭੇਗੀ ? ਚਮਕੌਰ ਦੀ ਗੜ੍ਹੀ ਦੀ ਉਹ ਰਾਤ ਤੇ ਸਵੇਰੇ ਲਾਲਾਂ ਨੇ ਸ਼ਹੀਦ ਹੋਣਾ ਹੈ। ਉਥੇ ਕਿੰਨੀ ਕੁ ਕ੍ਰਿਪਾ ਵਾਪਰੀ। ਕਹਿੰਦੇ ਹਨ ਕਿ ਸਵਾ ਲੱਖ ਨਾਲ ਇਕ ਲੜਿਆ। ਸਰਹੰਦ ਦੀਆਂ ਨੀਂਹਾਂ, ਦਿੱਲੀ ਦਾ ਚਾਂਦਨੀ ਚੌਕ ਤੇ ਸੱਚ ਜਾਣੋ, ਇਹ ਪਵਿੱਤਰ ਅਸਥਾਨ ਜਿੱਥੇ ਅੰਤਲੀਆਂ ਖੇਡਾਂ ਵਰਤਾਈਆਂ, ਉਥੇ ਬਹੁਤ ਕੁਝ ਰਹਿਮਤਾਂ ਟਿਕਾਅ ਦਿੱਤੀਆਂ। ਧੰਨ ਗੁਰੂ ਗੋਬਿੰਦ ਸਿੰਘ ਜੀ ਕਿਰਪਾ ਕਰਨ। ਆਪ ਤਰਸ ਕਰਕੇ ਤਿਨਕਾ ਮਾਤਰ ਜੀਵਨ ਕਮਾਉਣ ਦੀ ਸੋਝੀ ਵਰਤਣ ਤੇ ਤੁਸੀਂ ਅਰਦਾਸ ਕਰਿਓ ਕਿ ਧੰਨ ਗੁਰੂ ਗ੍ਰੰਥ ਸਾਹਿਬ ਜੀ ! ਤਿਨਕਾ ਮਾਤਰ ਕਰਨੀ ਬਖ਼ਸ਼ ਦਿਉ। ਪਰ ਕਿਹਾ ਜਾਂਦਾ ਹੈ, ਕਿ ਕਰਨੀ ਉੱਤੇ ਤੇਰਾ ਤਰਸ ਹੈ। ਪਰ ਤੁਸੀਂ ਤਰਸ ਕਰੋ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨਾ। ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

# ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਧੰਨ ਗੁਰੂ ਅਮਰਦਾਸ ਜੀ ਦੀ ਇਕ ਪਾਵਨ ਪਵਿੱਤਰ ਪਉੜੀ ਹੈ, ਜੋ ਆਪ ਰੋਜ਼ਾਨਾ ਨਿਤਨੇਮ ਵਿਚ ਪੜ੍ਹਦੇ ਹੋ-

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥*

ਇਸ ਦੇ ਅਰਥ ਹਨ—ਧੰਨ ਗੁਰੂ ਅਮਰਦਾਸ ਜੀ ਤੀਸਰੇ ਗੁਰਦੇਵ ਉਸ ਸੱਚੇ ਮਾਲਕ ਦੇ ਸਨਮੁਖ ਹੋ ਕੇ ਇਹ ਬੇਨਤੀ ਕਰ ਰਹੇ ਹਨ ਕਿ ਹੇ ਮੇਰੇ ਸੱਚੇ ਮਾਲਕ ! ਉਹ ਕਿਹੜੀ ਵਸਤੂ ਹੈ ਜਿਹੜੀ ਤੇਰੇ ਘਰ ਦੇ ਅੰਦਰ ਨਹੀਂ। ਦੇਖੋ ਇਥੇ ਗਿਣਤੀ ਸ਼ਬਦ ਨਹੀਂ ਵਰਤਿਆ। ਤੇਰੇ ਘਰ ਅੰਦਰ ਸੈਂਕੜੇ ਵਸਤੂਆਂ ਹਨ। ਤੇਰੇ ਘਰ ਵਿਚ ਹਜ਼ਾਰਾਂ ਵਸਤੂਆਂ ਹਨ। ਤੇਰੇ ਘਰ ਵਿਚ ਕਰੋੜਾਂ ਵਸਤੂਆਂ ਹਨ। ਇਥੋਂ ਤੱਕ ਕਿ ਕੋਈ ਸੰਖਿਆ ਦਾ ਜ਼ਿਕਰ ਹੀ ਨਹੀਂ ਕੀਤਾ, ਸਗੋਂ ਇਕੋ ਸ਼ਬਦ ਹਜ਼ੂਰ ਨੇ ਕਹਿ ਦਿੱਤਾ ਕਿ ਸਭ ਕੁਝ। ਇਸ ਦਾ ਮਤਲਬ ਹੈ ਕਿ ਦੁਨੀਆਂ ਦੀ ਕੋਈ ਅਜਿਹੀ ਚੀਜ਼ ਨਹੀਂ ਜਿਹੜੀ ਮੇਰੇ ਪ੍ਰਮਾਤਮਾ ਦੇ ਘਰ ਵਿਚ ਨਹੀਂ।

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥*

ਪਰ ਨਾਲ ਇਕ ਬਚਨ ਕਹਿ ਦਿੱਤਾ ਕਿ ਹੈ ਤਾਂ ਸਭ ਕੁਝ ਤੇਰੇ ਘਰ ਵਿਚ, ਪਰੰਤੂ ਮਿਲਦਾ ਉਹਨਾਂ ਨੂੰ ਹੈ ਜਿਨ੍ਹਾਂ ਦੀ ਝੋਲੀ ਵਿਚ ਤੁਸੀਂ ਆਪ ਖ਼ੈਰ ਪਾਉਂਦੇ ਹੋ।-

*ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥*

ਜਿਸ ਨੂੰ ਤੂੰ ਦੇਵੇਂ। ਪਰ ਅਸੀਂ ਜੋ ਦੁਨੀਆਦਾਰ ਲੋਕ ਹਾਂ, ਸਾਡੀ ਮੰਗ ਕਿੰਨੀ ਕੁ ਹੈ ? ਯਾਦ ਰੱਖਿਓ, ਹੈ ਸਭ ਕੁਝ, ਪਰ ਸਾਡੀ ਮੰਗ ਤਾਂ ਇਕ ਕੀੜੀ ਦੇ ਮੂੰਹ ਜਿੰਨੀ ਵੀ ਨਹੀਂ। ਇਸ ਸਮੁੰਦਰ ਵਿਚੋਂ ਬੁੱਕ ਭਰਨ ਜਿੰਨੀ ਵੀ ਨਹੀਂ। ਉਸ ਪ੍ਰਮਾਤਮਾ ਦੇ ਘਰ ਵਿਚ ਸਭ ਕੁਝ ਹੈ ਤੇ ਜੋ ਭਾਵਨਾ ਨਾਲ ਮੰਗਦਾ ਹੈ, ਉਸੇ ਨੂੰ ਹੀ ਦਾਤ ਮਿਲਦੀ ਹੈ।

ਕਈ ਵਾਰੀ ਅਸੀਂ ਸੰਸਾਰੀ ਮੰਗ ਕਰਦੇ ਹਾਂ, ਪਰੰਤੂ ਆਮ ਤੌਰ 'ਤੇ ਸਾਡਾ ਚੌਗਿਰਦਾ

ਇਹ ਗੱਲ ਕਹਿੰਦਾ ਹੈ ਕਿ ਗੁਰੂ ਕੋਲੋਂ ਕੇਵਲ ਨਾਮ ਮੰਗੋ। ਗੁਰਮੁਖੋ ! ਇਹ ਮੰਗ ਕੇਵਲ ਜ਼ਬਾਨੀ ਮੰਗ ਨਹੀਂ। ਜੇ ਮੇਰਾ ਮਨ ਅਜੇ ਇਹ ਕਹਿ ਰਿਹਾ ਹੈ ਕਿ ਮੇਰੇ ਘਰ ਦਾ ਅਜੇ ਗੁਜ਼ਾਰਾ ਨਹੀਂ ਚੱਲਦਾ, ਮੈਨੂੰ ਰੋਟੀ ਚਾਹੀਦੀ ਹੈ ਤੇ ਮੈਂ ਉਤੋਂ ਦਿਖਾਉਣ ਲਈ ਕੇਵਲ ਕਹਾਂ ਕਿ ਕੇਵਲ ਨਾਮ ਚਾਹੀਦਾ ਹੈ ਤਾਂ ਚੇਤੇ ਰੱਖੋ ਕਿ ਮੂੰਹ ਤੋਂ ਹੋਰ ਹੋ ਜਾਵਾਂਗਾ ਅਤੇ ਮਨ ਤੋਂ ਹੋਰ ਹੋ ਜਾਵਾਂਗਾ। ਕੱਚੇ ਬੰਦੇ ਨੂੰ ਢੋਈ ਨਹੀਂ। ਜੋ ਕੁਝ ਤੂੰ ਮਨ ਤੋਂ ਮੰਗਣਾ ਚਾਹੁੰਦਾ ਹੈਂ, ਉਹੀ ਕੁਝ ਮੁਖ ਤੋਂ ਹੋਵੇ। ਸਾਨੂੰ ਸਮਝਾਉਣ ਲਈ ਇਕ ਬਚਨ ਕਿਹਾ ਹੈ ਧੰਨ ਗੁਰੂ ਅਰਜਨ ਸਾਹਿਬ ਜੀ ਨੇ। ਕਹਿਣ ਲੱਗੇ ਕਿ ਹੇ ਮਾਲਕ ! ਇਸ ਸੰਸਾਰ ਵਿਚ ਹਰ ਬੰਦਾ ਜੋ ਪੰਜਾਂ ਤੱਤਾਂ ਦੇ ਸਰੀਰ ਵਿਚ ਵਿਚਰਦਾ ਹੈ, ਉਸ ਦੇ ਅੰਦਰ ਦੀ ਇਕ ਇੱਛਾ ਹੈ ਕਿ ਮੇਰਾ ਸੰਸਾਰ ਵਿਚ ਮਾਨ ਜ਼ਰੂਰ ਹੋਵੇ। ਕੋਈ ਬੰਦਾ ਨਹੀਂ ਚਾਹੁੰਦਾ ਕਿ ਮੇਰੀ ਬੇਇੱਜ਼ਤੀ ਹੋਵੇ। ਕੋਈ ਇਨਸਾਨ ਨਹੀਂ ਚਾਹੁੰਦਾ ਕਿ ਮੇਰਾ ਨਿਰਾਦਰ ਹੋਵੇ। ਕਹਿਣ ਲੱਗੇ—ਮਾਲਕ ! ਕੋਈ ਕਹਿੰਦਾ ਹੈ ਕਿ ਮੈਨੂੰ ਇੱਜ਼ਤ ਦੀ ਲੋੜ ਹੈ, ਕੋਈ ਚਾਹੁੰਦਾ ਹੈ ਕਿ ਮੈਨੂੰ ਤਾਕਤ ਦੀ ਲੋੜ ਹੈ, ਮੈਂ ਇਕੱਲਾ ਰਹਿ ਗਿਆ ਹਾਂ। ਗੁਰੂ ਅਰਜਨ ਸਾਹਿਬ ਕਹਿਣ ਲੱਗੇ ਕਿ ਉਸ ਦੇ ਘਰ ਸਭ ਕੁਝ ਹੈ। ਜਿਸ ਦਿਨ ਮੈਨੂੰ ਇੱਜ਼ਤ ਦੀ ਲੋੜ ਪਈ ਤਾਂ ਮੈਂ ਇੱਜ਼ਤ ਵੀ ਤੇਰੇ ਚਰਨਾਂ ਤੋਂ ਮੰਗਾਂਗਾ। ਤਾਕਤ ਦੀ ਲੋੜ ਪਈ ਤਾਂ ਤਾਕਤ ਵੀ ਤੇਰੇ ਚਰਨਾਂ ਤੋਂ ਮੰਗਾਂਗਾ। ਧਨ ਦੀ ਲੋੜ ਪਈ ਤਾਂ ਮੈਂ ਮੂੰਹ 'ਚੋਂ ਬੋਲ ਕੇ ਧਨ ਵੀ ਤੇਰੇ ਕੋਲੋਂ ਮੰਗਾਂਗਾ। ਜੇ ਸੰਤਾਨ ਦੀ ਲੋੜ ਪਈ ਤਾਂ ਪੁੱਤਰ-ਧੀਆਂ ਦੀਆਂ ਦਾਤਾਂ ਤੇਰੇ ਕੋਲੋਂ ਮੰਗਾਂਗਾ। ਜੇ ਮੇਰੇ ਤਨ ਨੂੰ ਰੋਗ ਲੱਗ ਜਾਏ, ਡਾਕਟਰ ਜਵਾਬ ਦੇ ਜਾਵੇ ਤਾਂ ਮੈਂ ਅਰੋਗਤਾ ਵੀ ਤੇਰੇ ਘਰੋਂ ਮੰਗਾਂਗਾ, ਕਿਉਂਕਿ ਤੇਰੇ ਘਰ ਵਿਚ ਸਭ ਕੁਝ ਹੈ। ਸਤਿਗੁਰੂ ਨੇ ਬਾਣੀ ਵਿਚ ਫ਼ੁਰਮਾਇਆ ਹੈ-

*ਜਨ ਕੋ ਪ੍ਰਭੁ ਸੰਗੇ ਅਸਨੇਹੁ॥*
*ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ॥ ੧॥ ਰਹਾਉ॥*

(ਅੰਗ ੧੩੦੭)

ਮੰਗਿਆ ਕੀ ?-

ਮਾਨ ਮੰਗੋ। ਇਕ ਪਾਸੇ ਬਾਣੀ ਵਿਚ ਕਹਿ ਰਹੇ ਹਨ-

*ਸਾਧੋ ਮਨ ਕਾ ਮਾਨੁ ਤਿਆਗਉ॥*

(ਅੰਗ ੨੧੯)

ਯਾਦ ਰੱਖਿਓ, ਮਲੀਨਤਾ ਵਾਲਾ ਮਾਨ ਬੰਦੇ ਨੂੰ ਖ਼ੁਆਰ ਕਰਦਾ ਹੈ, ਪਰ ਅੰਦਰ ਸ਼ੁੱਧ ਹੋਵੇ ਤੇ ਲੋਕ ਧੱਕੇ ਮਾਰਨ ਤਾਂ ਭਗਤ ਵੀ ਕਹਿਣ ਲਈ ਮਜਬੂਰ ਹੋ ਜਾਂਦਾ ਹੈ ਕਿ ਜੇ ਮੈਨੂੰ ਠੁੱਢੇ ਵੱਜ ਗਏ ਤਾਂ ਤੇਰਾ ਨਾਮ ਕਿਸ ਨੇ ਲੈਣਾ ਹੈ। ਕੀ ਇਹ ਮਾਨ ਨਹੀਂ ? ਬਾਬਾ ਨਾਮਦੇਵ ਜੀ ਦਾ ਅਸੀਂ ਬਚਨ ਪੜ੍ਹਦੇ ਹਾਂ-

*ਹਸਤ ਖੇਲਤ ਤੇਰੇ ਦੇਹੁਰੇ ਆਇਆ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ॥ ੧॥*

*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ੧ ॥ ਰਹਾਉ ॥*

(ਅੰਗ ੧੧੬੪)

ਜਦੋਂ ਸਮਾਜ ਨੇ ਮਾਨ ਨਾ ਦਿੱਤਾ ਤਾਂ ਉਸ ਮਾਨ ਨੂੰ ਹਾਸਿਲ ਕਰਨ ਲਈ ਮਹਾਂਪੁਰਸ਼ ਨੇ ਕਿਹਾ-

*ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥*
*ਤੂੰ ਨ ਬਿਸਾਰੇ ਰਾਮਈਆ ॥ ੧ ॥ ਰਹਾਉ ॥*
*ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥*
*ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥*

(ਅੰਗ ੧੨੯੨)

ਉਸ ਦੇ ਵਿਚ ਅਸੀਂ ਇਕ ਬਚਨ ਪੜ੍ਹਦੇ ਹਾਂ-

*ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥ ੨ ॥*

(ਅੰਗ ੧੨੯੨)

ਜੇ ਮਰਨ ਤੋਂ ਬਾਅਦ ਲੋਕ ਕਹਿਣ ਕਿ ਨਾਮਦੇਵ ਸੱਚਖੰਡਿ ਵਾਸੀ ਹੈ ਤਾਂ ਇਹਨਾਂ ਨੂੰ ਕਿਵੇਂ ਪਤਾ ਲੱਗੇਗਾ ਜਿਹੜੇ ਮੈਨੂੰ ਮੰਦਿਰ ਵਿਚੋਂ ਧੱਕੇ ਪਏ ਮਾਰਦੇ ਹਨ। ਇਸ ਦਾ ਮਤਲਬ ਹੈ ਕਿ ਵਿਅਕਤੀ ਨੂੰ ਮਾਨ ਚਾਹੀਦਾ ਹੈ। ਜੇ ਇੱਜ਼ਤ ਦੀ ਲੋੜ ਪਈ ਤਾਂ ਤੇਰੇ ਦਰ ਤੋਂ ਹੀ ਮੰਗਾਂਗਾ।

ਜਿਨ੍ਹਾਂ ਨੂੰ ਮਾਨ ਮਿਲਿਆ, ਉਹ ਹੰਕਾਰ ਵਿਚ ਨਹੀਂ ਆਏ। ਜਿਨ੍ਹਾਂ ਨੂੰ ਮਾਨ ਮਿਲਿਆ, ਉਹ ਸ਼ੁਕਰ ਵਿਚ ਜੁੜ ਗਏ। ਕੀ ਭਗਤ ਰਵਿਦਾਸ ਜੀ ਨੂੰ ਮਾਨ ਮਿਲਿਆ ਤੇ ਉਹ ਸ਼ੁਕਰ ਵਿਚ ਨਹੀਂ ਜੁੜੇ ? ਮਾਨ ਮਿਲਦਿਆਂ ਹੀ ਉਹਨਾਂ ਇਕੋ ਦੱਮ ਕਿਹਾ-

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥ ੧ ॥ ਰਹਾਉ ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥*

(ਅੰਗ ੧੧੦੬)

ਗੁਰੂ ਰਾਮਦਾਸ ਜੀ ਨੂੰ ਮਾਨ ਮਿਲਿਆ ਤੇ ਉਹਨਾਂ ਨੇ ਸ਼ੁਕਰ ਵਿਚ ਬਚਨ ਕਹੇ-

*ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ ॥*
*ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥*

*ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ॥ ੩ ॥*
*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥*

(ਅੰਗ ੧੬੭)

ਮਾਨ ਸੱਚਾ ਮਿਲਿਆ। ਕਹਿਣ ਲੱਗੇ-

*ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥ ੪ ॥*

(ਅੰਗ ੨੬੭)

ਅੱਗੇ ਫ਼ੁਰਮਾਂਦੇ ਹਨ-

*ਮਾਨੁ ਮਾਂਗਉ ਤਾਨ ਮਾਂਗਉ*

(ਅੰਗ ੧੩੦੭)

ਤਾਣ ਦਾ ਅਰਥ ਹੈ ਸ਼ਕਤੀ। ਚੇਤੇ ਰੱਖੋ, ਜਿਸ ਦਿਨ ਪਰਿਵਾਰ ਦੇ ਲੋਕ, ਸ਼ਹਿਰ ਦੇ ਲੋਕ, ਬਰਾਦਰੀ ਦੇ ਲੋਕ ਅਤੇ ਆਪਣੇ ਨਜ਼ਦੀਕ ਦੇ ਲੋਕ ਵੀ ਮਾਨ ਨਾ ਦੇਣ ਅਤੇ ਤੇਰਾ ਬੱਲ ਖ਼ਤਮ ਹੋ ਜਾਏ ਤਾਂ ਉਸ ਦਿਨ ਅਰਦਾਸ ਕਰੀਂ। ਅਰਦਾਸ ਵਿਚ ਇੰਨੀ ਕੁ ਤਾਕਤ ਹੈ ਕਿ ਜੇ ਬੱਲ ਦੇਣ 'ਤੇ ਆਵੇ ਤਾਂ ਕੀੜੀ ਨੂੰ ਪਾਤਿਸ਼ਾਹੀ ਦੇ ਦਿੰਦਾ ਹੈ ਅਤੇ ਬਾਦਸ਼ਾਹਾਂ ਨੂੰ ਰਾਖ ਕਰ ਦਿੰਦਾ ਹੈ। ਕੀ ਉਸ ਘਰ ਵਿਚ ਬੱਲ ਨਹੀਂ ? ਅਸੀਂ ਦੋ ਬਚਨ ਪੜ੍ਹਦੇ ਹਾਂ-

*ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥*
*ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥*

ਜਿਨ੍ਹਾਂ ਨੂੰ ਤਾਣ ਮਿਲਿਆ, ਉਹਨਾਂ ਸ਼ਬਦ ਕਹੇ-

*ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥*
*ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥*

(ਅੰਗ ੧੪੨੯)

*ਮਾਨੁ ਮਾਂਗਉ ਤਾਨੁ ਮਾਂਗਉ*

ਅਗਲੇ ਬਚਨ ਹਨ-

*ਧਨੁ ਲਖਮੀ ਸੁਤ ਦੇਹ॥ ੧ ॥*

ਦੌਲਤ, ਪਦਾਰਥ, ਸੁਤ, ਪੁੱਤਰ ਦੇ। ਦੇਹ ਦਾ ਅਰਥ ਹੈ ਤਨ। ਤਨ ਨੂੰ ਬੀਮਾਰੀ ਲੱਗ ਜਾਏ, ਡਾਕਟਰ ਕਹਿੰਦੇ ਹਨ ਕਿ ਇਲਾਜ ਨਹੀਂ। ਮੈਂ ਅਰੋਗਤਾ ਦੀ ਦਾਤ ਵੀ ਤੇਰੇ ਕੋਲੋਂ ਮੰਗਣੀ ਹੈ। ਕੀ ਪ੍ਰਮਾਤਮਾ ਦੇ ਘਰ ਵਿਚ ਕਿਸੇ ਚੀਜ਼ ਦੀ ਕਮੀ ਹੈ ? ਬਿਲਕੁਲ ਨਹੀਂ। ਸਿਰਫ਼ ਅੰਦਰ ਦਾ ਵਿਸ਼ਵਾਸ ਜੇ ਬਣ ਜਾਵੇ ਤੇ ਸਾਹਿਬ ਜਿਸ 'ਤੇ ਤਰੁੱਠ ਪਵੇ, ਉਸ ਦੀ ਝੋਲੀ ਵਿਚ

ਹੀ ਇਹ ਦਾਤ ਪਾ ਦਿੰਦੇ ਹਨ।

ਗੁਰੂ ਅਰਜਨ ਦੇਵ ਜੀ ਦਾ ਇਕ ਬਚਨ ਹੈ ਸਲੋਕ ਸਹਸਕ੍ਰਿਤੀ ਵਿਚ ਕਿ ਉਸ ਦੇ ਘਰ ਕੀ ਕੁਝ ਹੈ। ਕਹਿੰਦੇ ਹਨ ਜਿਹੜੇ ਲੋਕ ਆਪਣੀ ਜ਼ਿੰਦਗੀ ਦੇ ਹਰ ਮੁਕਾਮ ਵਿਚ ਪਿੱਛੇ ਰਹਿ ਗਏ ਹਨ, ਉਹ ਗੁਰੂ ਦੀ ਸੇਵਾ ਕਰਨ। ਪਿੱਛੇ ਰਹਿਣ ਵਾਲਿਆਂ ਨੂੰ ਸੇਵਾ ਆਗੂ ਬਣਾ ਦਿੰਦੀ ਹੈ। ਜਿਹੜੇ ਲੋਕ ਜ਼ਿੰਦਗੀ ਵਿਚ ਹਰ ਥਾਂ ਤੋਂ ਨਿਰਾਸ਼ ਹੋ ਗਏ ਹਨ, ਉਹ ਗੁਰੂ ਦੀ ਸੇਵਾ ਕਰਨ। ਨਿਰਾਸ਼ਿਆਂ ਦੀ ਆਸ ਹੈ ਗੁਰੂ ਦੀ ਸੇਵਾ। ਜਿਹੜੇ ਲੋਕ ਰੋਟੀ ਤੋਂ ਆਤੁਰ ਹਨ, ਧੰਨ ਗੁਰੂ ਗ੍ਰੰਥ ਸਾਹਿਬ ਕ੍ਰਿਪਾ ਕਰਦੇ ਹਨ ਕਿ ਉਹ ਸੇਵਾ ਕਰਨ। ਨਿਰਧਨਾਂ ਨੂੰ ਧਨਵਾਨ ਬਣਾਉਂਦੀ ਹੈ ਗੁਰੂ ਦੀ ਸੇਵਾ। ਜਿਸ ਬੰਦੇ ਕੋਲ ਕੀਰਤਨ ਦੀ ਦਾਤ ਨਹੀਂ ਅਤੇ ਜੇ ਉਸ ਨੂੰ ਕੀਰਤਨ ਦੀ ਦਾਤ ਚਾਹੀਦੀ ਹੈ, ਤਾਂ ਉਹ ਗਲੇ ਤੋਂ ਕੀਰਤਨ ਕਰੇ, ਰਸਨਾ ਨਾਲ ਬੋਲੇ, ਪਰ ਹੱਥੀਂ ਸੇਵਾ ਕਰੇ। ਸੇਵਾ ਕਰਨ ਵਾਲਿਆਂ ਨੂੰ ਕੀਰਤਨ ਮਿਲਦਾ ਹੈ। ਜੇ ਤੂੰ ਭਗਤੀ ਦੀ ਦਾਤ ਮੰਗਣ ਆਇਆ ਹੈਂ ਤਾਂ ਸੇਵਾ ਕਰ, ਮੂੰਹ ਤੋਂ ਨਾਮ ਜੱਪ, ਤੈਨੂੰ ਭਗਤੀ ਦਾ ਰੰਗ ਲੱਗੇਗਾ। ਜੇ ਤੇਰਾ ਤਨ ਰੋਗੀ ਹੋ ਗਿਆ ਹੈ ਤਾਂ ਫਿਰ ਅਰਦਾਸ ਕਰ। ਸੇਵਾ ਕਰਨ ਵਾਲੇ ਅਰੋਗ ਵੀ ਹੋ ਜਾਂਦੇ ਹਨ। ਹਜ਼ੂਰ ਦੇ ਬਚਨ ਅਸੀਂ ਪੜ੍ਹਦੇ ਹਾਂ-

*ਪਾਛੰ ਕਰੋਤਿ ਅਗ੍ਰਣੀਵਹਿ ਨਿਰਾਸੰ ਆਸ ਪੂਰਨਹ॥*
*ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ॥*
*ਭਗਤ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ॥*
*ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ॥*

(ਅੰਗ ੧੩੫੫)

ਕਿਹੜੀ ਚੀਜ਼ ਹੈ ਜਿਹੜੀ ਗੁਰੂ ਦੀ ਸੇਵਾ ਵਿਚੋਂ ਨਹੀਂ ਮਿਲਦੀ। ਆਨੰਦ ਸਾਹਿਬ ਜੀ ਦੀ ਬਾਣੀ ਵਿਚ ਇਕ ਪਉੜੀ ਆਉਂਦੀ ਹੈ ਕਿ ਗੁਰੂ ਦੇ ਨਾਲ ਅਸੀਂ ਰਹੀਏ। ਤੂੰ ਗੁਰੂ ਦੇ ਨਾਲ ਰਹਿਣਾ ਸਿਖ, ਤਾਂ ਗੁਰੂ ਤੇਰੇ ਨਾਲ ਹਮੇਸ਼ਾ ਰਹੇਗਾ। ਬਾਣੀ ਵਿਚ ਦੋ ਗੱਲਾਂ ਬੜੀਆਂ ਅਸਚਰਜ ਆਈਆਂ ਹਨ। ਨਾਮ ਨੂੰ ਸੰਭਾਲੋ ਤੇ ਨਾਮ ਤੁਹਾਨੂੰ ਸੰਭਾਲੇਗਾ।

*ਸਿਮਰਿ ਸਿਮਰਿ ਸਿਮਰਿ ਸੁਖੁ ਪਾਵਹੁ॥*

(ਅੰਗ ੨੯੦)

ਨਾਮ ਨੂੰ ਸਿਮਰ ਕੇ ਸਦਾ ਸੁਖੀ ਰਹੋ।

*ਸਾਸ ਸਾਸ ਸਮਾਲੇ॥*

ਤੂੰ ਨਾਮ ਨੂੰ ਸੰਭਾਲ ਤੇ ਨਾਮ ਤੈਨੂੰ ਸੰਭਾਲੇਗਾ।

ਇਕ ਸਾਲ ਅਸੀਂ ਗੁਰੂ ਨਾਲ ਰਹੀਏ ਤਾਂ ਗੁਰੂ ਸਾਡੀ ਆਤਮਾ ਨਾਲ ਜੁੱਗਾਂ ਤੱਕ ਰਹੇਗਾ। ਕਿਵੇਂ ? ਬੱਚਾ ਜਨਮ ਲੈਂਦਾ ਹੈ। ਮਾਂ ਉਸ ਨੂੰ ਆਪਣੀ ਗੋਦ ਵਿਚ ਬਿਠਾ ਕੇ ਲੋਰੀਆਂ

ਦਿੰਦੀ ਹੈ। ਆਪਣੇ ਸੀਨੇ ਵਿਚੋਂ ਅੰਮ੍ਰਿਤ ਦੁੱਧ ਪਿਲਾਉਂਦੀ ਹੈ। ਹੱਥ ਹਨ, ਪਰ ਜੰਮਦੇ ਬੱਚੇ ਦੇ ਹੱਥਾਂ ਵਿਚ ਸ਼ਕਤੀ ਨਹੀਂ। ਪੈਰ ਹਨ, ਪਰ ਪੈਰਾਂ ਵਿਚ ਸਮਰੱਥਾ ਨਹੀਂ। ਅੱਖਾਂ ਹਨ, ਪਰ ਅੱਖਾਂ ਵਿਚ ਚੰਗਾ ਮੰਦਾ ਦੇਖਣ ਦੀ ਸੋਝੀ ਨਹੀਂ। ਉਸ ਵੇਲੇ ਜਨਮ ਦੇਣ ਵਾਲੀ ਮਾਂ ਪੰਘੂੜੇ ਵਿਚ ਪਏ ਹੋਏ, ਮੰਜੇ 'ਤੇ ਲੇਟੇ ਹੋਏ ਬੱਚੇ ਨੂੰ ਆਪਣੇ ਹੱਥੀਂ ਸੰਭਾਲਦੀ ਹੈ। ਐ ਮਾਂ ! ਤੂੰ ਇਕ ਸਾਲ, ਦੋ ਸਾਲ, ਦੱਸ ਸਾਲ ਬੱਚੇ ਨੂੰ ਸੰਭਾਲ ਤੇ ਫਿਰ ਜਦੋਂ ਤੈਨੂੰ ਬੁਢੇਪੇ ਨੇ ਗਰੱਸ ਲਿਆ, ਤੂੰ ਮੰਜੇ 'ਤੇ ਪੈ ਗਈ ਅਤੇ ਜਿਸ ਨੂੰ ਤੂੰ ਸੰਭਾਲਦੀ ਰਹੀ, ਉਹ ਬੱਚਾ ਤੈਨੂੰ ਸੰਭਾਲੇਗਾ। ਕਿਉਂਕਿ ਜੇ ਤੂੰ ਸੰਭਾਲਿਆ ਹੈ ਤਾਂ ਉਹ ਤੈਨੂੰ ਸੰਭਾਲੇਗਾ।

ਮੇਰੇ ਸਤਿਗੁਰੂ ਨੇ ਬਾਣੀ ਵਿਚ ਕਿਹਾ ਹੈ ਕਿ ਗੁਰੂ ਨਾਲ ਕਿਵੇਂ ਰਹੀਏ ? ਕੀ ਅਸੀਂ ਜਾਗ੍ਰਿਤੀ ਯਾਤਰਾ ਵਿਚ ਨਾਲ ਤੁਰਦੇ ਹਾਂ ਗੁਰੂ ਨਾਲ ? ਚੰਗੀ ਗੱਲ ਹੈ। ਗੁਰਮੁਖੋ ! ਜੇ ਗੁਰੂ ਨਾਲ ਰਹਿਣਾ ਹੈ ਤਾਂ ਮਨ ਕਰਕੇ ਗੁਰੂ ਨਾਲ ਰਹੀਏ।

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥*

ਕਿਵੇਂ ਸਾਨੂੰ ਮਿਲੇ ? ਕਹਿਣ ਲੱਗੇ, ਬਸ ਪਹਿਲੀ ਪਉੜੀ ਪੜ੍ਹ ਲੈ-

*ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥*

ਸਦਾ ਤੂੰ ਰੱਬ ਦੇ ਨਾਲ ਰਹਿ। ਮਹਾਰਾਜ ! ਜੇਕਰ ਰੱਬ ਦੇ ਨਾਲ ਰਹੀਏ ਤਾਂ ਮਿਲੇਗਾ ਕੀ ? ਹਜ਼ੂਰ ਨੇ ਫੁਰਮਾਇਆ-

*ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥*

ਇਥੇ ਫਿਰ ਸਭ ਕੁਝ ਆ ਗਿਆ। ਇਸ ਦਾ ਮਤਲਬ ਹੈ ਕਿ ਤਨ ਦਾ ਦੁੱਖ ਨਹੀਂ, ਕੇਵਲ ਮਨ ਦਾ ਦੁੱਖ ਨਹੀਂ, ਜੋ ਕੁਝ ਵੀ ਤੇਰੇ ਦੁੱਖ ਹਨ, ਸਭ ਕੁਝ ਉਸ ਦੇ ਘਰ ਵਿਚ ਹੈ ਤਾਂ ਤੇਰੇ ਸਾਰੇ ਦੁੱਖ ਵੀ ਖੰਡਨ ਹੋ ਜਾਂਦੇ ਹਨ।

*ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥*
*ਹਰਿ ਨਾਲ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥*

ਅਗਲਾ ਕੰਮ ਕੀ ਕਰੇਗਾ ?-

*ਅੰਗੀਕਾਰੁ ਓਹੁ ਕਰੇ ਤੇਰਾ*

ਪਿਆਰਿਆ ! ਕੋਈ ਇਨਸਾਨ ਤੁਰਦਾ ਹੈ। ਅਸੀਂ ਦੇਖਦੇ ਹਾਂ ਕਿ ਸਿਆਸੀ ਬੰਦੇ ਚੱਲਦੇ ਹਨ ਤਾਂ ਪੰਜ-ਦੱਸ ਬੰਦੇ ਉਹਨਾਂ ਦੇ ਨਾਲ ਤੁਰਨਗੇ। ਇਕ ਗੱਲ ਬੜੀ ਸਪੱਸ਼ਟ ਹੈ ਕਿ ਜਿਸ ਨੇ ਸਿਆਸਤ ਵਿਚ ਚੱਲਣਾ ਹੈ, ਉਸ ਦੇ ਲਈ ਖਿੰਡਾਉ ਬਹੁਤ ਜ਼ਰੂਰੀ ਹੈ ਤੇ ਜਿਸ ਨੇ ਪ੍ਰਮਾਰਥ ਵਿਚ ਤੁਰਨਾ ਹੈ, ਉਸ ਦੇ ਲਈ ਅੰਦਰ ਦਾ ਟਿਕਾਅ ਬਹੁਤ ਜ਼ਰੂਰੀ ਹੈ। ਜਿਸ ਨੇ ਸਿਆਸਤ ਨੂੰ ਕਮਾਉਣਾ ਹੈ, ਉਸ ਦੇ ਲਈ ਮਿੱਤਰਾਂ ਦੀ ਗਿਣਤੀ ਬਹੁਤ ਚਾਹੀਦੀ ਹੈ ਤੇ ਜਿਸ ਨੇ ਪ੍ਰਮਾਰਥ

ਨੂੰ ਕਮਾਉਣਾ ਹੈ, ਉਸ ਦੇ ਲਈ ਇਕ ਮਿੱਤਰ ਪ੍ਰਮਾਤਮਾ ਹੀ ਚਾਹੀਦਾ ਹੈ।

ਹਜ਼ੂਰ ਕਹਿਣ ਲੱਗੇ ਕਿ ਇਕ ਆਦਮੀ ਤੁਰਦਾ ਹੈ, ਉਸ ਦੇ ਬੋਡੀਗਾਡ ਉਸ ਦੇ ਪਿੱਛੇ ਤੁਰਦੇ ਹਨ। ਤੂੰ ਰੱਬ ਨਾਲ ਰਹੋ, ਪ੍ਰਮਾਤਮਾ ਤੇਰਾ ਬੋਡੀਗਾਡ, ਤੇਰਾ ਅੰਗ-ਰੱਖਿਅਕ ਬਣ ਕੇ ਤੇਰੇ ਨਾਲ ਚੱਲੇਗਾ। ਤੀਸਰੀ ਗੱਲ ਕਿ ਤੂੰ ਚਾਹੁੰਦਾ ਹੈਂ ਕਿ ਮੇਰੇ ਕਾਰਜ ਰਾਸ ਹੋਣ।

*ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥*
*ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥*
*ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥*

ਫਿਰ ਸ਼ਬਦ ਆ ਗਿਆ ਸਭਿ-

*ਸਭਨਾ ਗਲਾ ਸਮਰਥੁ ਸੁਆਮੀ*

ਜਦੋਂ ਬੰਦਾ ਕਹਿੰਦਾ ਹੈ ਕਿ ਕੀ ਮੇਰੇ ਕੰਮ ਰੱਬ ਇਕੱਲਾ ਕਰ ਲਏਗਾ ? ਗੁਰੂ ਅਮਰਦਾਸ ਜੀ ਨੇ ਕਿਹਾ-

*ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥*
*ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥*

SIKHBOOKCLUB.COM

(ਅਨੰਦ ਸਾਹਿਬ)

ਉਸ ਹਰੀ ਨਾਲ ਰਹਿਣਾ ਹੈ ਸਿਮਰਨ ਕਰਕੇ। ਦੇਖੋ, ਅਸੀਂ ਆਪਣੇ ਨਾਲ ਹੀ ਰਹਿੰਦੇ ਹਾਂ। ਅੰਗ-ਸੰਗ ਦੇ ਅਰਥ ਕੀ ਹਨ ? ਗੁਰਮੁਖੋ ! ਪਹਿਲਾ ਸ਼ਬਦ ਅੰਗ ਵਰਤਿਆ, ਸੰਗ ਬਾਅਦ ਵਿਚ ਹੈ। ਕਿਉਂਕਿ ਜਿਹੜਾ ਸੰਗ ਹੈ, ਉਹ ਕਈ ਵਾਰੀ ਅੰਗ ਟੁੱਟ ਜਾਂਦਾ ਹੈ, ਪਰ ਜਿਹੜਾ ਅੰਗ ਹੈ ਉਹ ਸੰਗ ਹੀ ਰਹੇਗਾ।

ਮੈਂ ਘਰੋਂ ਤੁਰਦਾ ਹਾਂ ਤਾਂ ਕੀ ਮੈਂ ਇਹ ਕਹਿ ਕੇ ਆਇਆ ਹਾਂ ਕਿ ਅੱਖਾਂ ਮੇਰੀਆਂ ਅੰਗ ਹਨ, ਪਰ ਅੱਜ ਅੱਖਾਂ ਵਿਚ ਨੀਂਦ ਹੈ, ਮੈਂ ਅੱਖਾਂ ਨੂੰ ਅੱਜ ਕੀਰਤਨ ਦਰਬਾਰ ਵਿਚ ਨਹੀਂ ਲੈ ਕੇ ਜਾਣਾ। ਜਿੰਨਾ ਮਰਜ਼ੀ ਥੱਕਿਆ ਹੋਵੇ, ਚੇਤੇ ਰੱਖੀਂ, ਜਿਹੜੇ ਅੰਗ ਹਨ, ਉਹ ਸੰਗ ਹੀ ਰਹਿੰਦੇ ਹਨ। ਕੰਨ ਸਾਡੇ ਕੋਲ ਹਨ, ਸਾਡੇ ਅੰਗ ਹਨ, ਪਰ ਕਦੀ ਕਿਸੇ ਨੇ ਕੰਨ ਦੀ ਪੀੜਾ ਨੂੰ ਦੇਖ ਕੇ ਇਸ ਅੰਗ ਨੂੰ ਘਰ ਛੱਡਿਆ ਹੈ ? ਹੱਥ, ਪੈਰ, ਗੋਡੇ ਜੇ ਨਾ ਚੱਲਣ ਤਾਂ ਕਿਸੇ ਨੇ ਕਿਹਾ ਹੈ ਕਿ ਮੈਂ ਗੋਡੇ ਨਾਲ ਲੈ ਕੇ ਨਹੀਂ ਜਾਣਾ। ਮੇਰੇ ਅੰਗ ਹਨ, ਕੀ ਮੈਂ ਘਰ ਛੱਡ ਜਾਂਦਾ ? ਨਹੀਂ, ਜਿਹੜਾ ਅੰਗ ਹੁੰਦਾ ਹੈ, ਉਹ ਸੰਗ ਜ਼ਰੂਰ ਰਹਿੰਦਾ ਹੈ। ਬਸ ਮਨੁੱਖਾ ! ਤੂੰ ਗੁਰੂ ਨੂੰ ਆਪਣਾ ਅੰਗ ਬਣਾ ਲੈ। ਜਿਸ ਦਿਨ ਅੰਗ ਬਣਾ ਲਿਆ, ਗੁਰੂ ਤੇਰੇ ਸੰਗ ਰਹੇਗਾ। ਇਹੀ ਕਾਰਨ ਹੈ ਕਿ ਕਈਆਂ ਨੇ ਗੁਰੂ ਨੂੰ ਅੰਗ ਬਣਾਇਆ। ਆਇਆ ਸੀ ਲਹਿਣਾ ਤੇ ਬਣ ਗਿਆ ਅੰਗਦ। ਅੰਗਦ ਦਾ ਅਰਥ ਹੈ ਸਰੀਰ ਦਾ ਅੰਗ। ਭਗਤ ਰਵਿਦਾਸ ਜੀ ਕਹਿਣ ਲੱਗੇ-

# ਨਿਗੁਣਿਆ ਨੋ ਆਪੇ ਬਖਸਿ ਲਏ

ਸੋਰਠਿ ਮਹਲਾ ੩ ਦੁਤੁਕੀ॥

*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥*
*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥ ੧॥*
*ਹਰਿ ਜੀਉ ਆਪੇ ਬਖਸਿ ਮਿਲਾਇ॥*
*ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ॥ ਰਹਾਉ॥*
*ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥*
*ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥ ੨॥*
*ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥*
*ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥ ੩॥*
*ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ॥*
*ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ॥ ੪॥*
*ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥*
*ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ॥ ੫॥*
*ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ॥*
*ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥ ੬॥*
*ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ॥*
*ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥ ੭॥*
*ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ॥*
*ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥ ੮॥੨॥*

(ਅੰਗ ੬੩੮)

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਇਹ ਅੰਮ੍ਰਿਤ ਬਚਨ ਤੀਸਰੇ ਗੁਰਦੇਵ ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਦੇ ਪਾਵਨ ਪਵਿੱਤਰ ਮੁਖਾਬਿੰਦ ਤੋਂ ਅਸਟਪਦੀ ਰੂਪ ਵਿਚ ਉਚਾਰਨ ਕੀਤੇ ਗਏ ਹਨ। ਗੁਰੂ ਗ੍ਰੰਥ ਸਾਹਿਬ ਜੀ ਦਾ ਰਾਗ ਸੋਰਠਿ ਹੈ, ਜਿਸ ਵਿਚ ਇਹ ਅਮੋਲਕ ਬਚਨ ਦਰਜ ਹਨ। ਇਸ ਸਾਰੀ ਅਸਟਪਦੀ ਦਾ ਸਮੁੱਚਾ ਭਾਵ ਇਹ ਹੈ ਕਿ ਜੋ ਵੀ ਇਨਸਾਨ ਭਾਵਨਾ ਨਾਲ ਸਤਿਗੁਰੂ ਦੀ ਸੇਵਾ ਕਰੇ, ਪ੍ਰਮਾਤਮਾ ਦੇ ਨਾਮ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਵੇ ਤਾਂ ਨਾਮ ਵਿਚ ਇੰਨੀ ਬਰਕਤ ਹੈ ਕਿ ਕਰੋੜਾਂ ਅਪਰਾਧ ਕਰਨ ਵਾਲੇ ਉਹਨਾਂ ਨੂੰ ਵੀ ਸਮਰੱਥ ਸਤਿਗੁਰੂ ਦੀ ਕੀਤੀ ਹੋਈ ਸੇਵਾ ਪ੍ਰਭੂ ਦੇ ਦਰ 'ਤੇ ਬਖ਼ਸ਼ਵਾ ਦਿੰਦੀ ਹੈ।

ਸੋਰਠਿ ਮਹਲਾ ੩ ਦੁਤੁਕੀ॥

*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥*

ਇਸ ਪਾਵਨ ਪਵਿੱਤਰ ਬਚਨ ਦੇ ਉਚਾਰਨ ਕਰਤਾ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਇਸ ਅੰਮ੍ਰਿਤ ਬਚਨ ਦੀ ਆਰੰਭਤਾ ਵਿਚ ਇਹ ਬਚਨ ਕਰਦੇ ਹਨ ਕਿ ਜਿਨ੍ਹਾਂ ਇਨਸਾਨਾਂ ਦੇ ਅੰਦਰ ਕੋਈ ਵੀ ਗੁਣ ਨਹੀਂ, ਨਿਗੁਣੇ ਹਨ ਅਤੇ ਜਿਨ੍ਹਾਂ ਦੀ ਸਮਾਜ ਵਿਚ, ਸੰਸਾਰ ਵਿਚ ਕਿਤੇ ਵੀ ਕੋਈ ਕੀਮਤ ਨਹੀਂ ਤੇ ਸਾਰਾ ਜੀਵਨ ਉਹਨਾਂ ਨੇ ਅਪਰਾਧ ਕੀਤੇ ਹਨ, ਹਜ਼ੂਰ ਫ਼ੁਰਮਾ ਰਹੇ ਹਨ ਕਿ ਉਹਨਾਂ ਉੱਤੇ ਪਾਰਬ੍ਰਹਮ ਪ੍ਰਮੇਸ਼ਰ ਆਪ ਹੀ ਕ੍ਰਿਪਾ ਕਰਦੇ ਹਨ। ਇਹੋ ਜਿਹੇ ਔਗੁਣ ਵਾਲਿਆਂ ਨੂੰ ਪ੍ਰਮਾਤਮਾ ਬਖ਼ਸ਼ ਦਿੰਦਾ ਹੈ, ਪਰ ਵਸੀਲਾ ਕਿਹੜਾ ਹੈ ਬਖ਼ਸ਼ਣ ਦਾ ?

SIKHBOOKCLUB.COM

ਗੁਰੂ ਅਮਰਦਾਸ ਜੀ ਮੇਹਰ ਕਰ ਰਹੇ ਹਨ ਕਿ ਪੂਰੇ ਸਤਿਗੁਰੂ ਦੀ ਸੇਵਾ ਵਿਚ ਆਪ ਪ੍ਰਮਾਤਮਾ ਉਹਨਾਂ ਨੂੰ ਲਾ ਦਿੰਦੇ ਹਨ ਤੇ ਗੁਰੂ ਦੀ ਸੇਵਾ ਵਿਚ ਲੱਗੇ ਹੋਏ ਨਿਗੁਣੇ ਬੰਦੇ ਵੀ ਬਖ਼ਸ਼ੇ ਜਾਂਦੇ ਹਨ-

*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥ ੧॥*

ਗੁਰੂ ਅਮਰਦਾਸ ਜੀ ਬਖ਼ਸ਼ਿਸ਼ ਕਰਦੇ ਹਨ ਕਿ ਸਤਿਗੁਰੂ ਦੀ ਸੇਵਾ ਸਭ ਤੋਂ ਉੱਤਮ ਹੈ, ਪਰ ਇਸ ਗੱਲ ਦੀ ਵੀ ਸਮਝ ਤਾਂ ਹੀ ਪਈ, ਜਿਸ ਦਿਨ ਗੁਰੂ ਦੀ ਸੇਵਾ ਕਰਦਿਆਂ ਜਗਿਆਸੂ ਦਾ ਮਨ ਪ੍ਰਮਾਤਮਾ ਦੇ ਨਾਮ ਵਿਚ ਜੁੜ ਗਿਆ। ਜਿਨ੍ਹਾਂ ਦੇ ਮਨ ਪ੍ਰਮਾਤਮਾ ਦੇ ਨਾਮ ਵਿਚ ਜੁੜ ਗਏ, ਉਹਨਾਂ ਨੂੰ ਇਸ ਗੱਲ ਦੀ ਸਮਝ ਪੈ ਗਈ ਕਿ ਸਤਿਗੁਰੂ ਦੀ ਸੇਵਾ ਤੋਂ ਉੱਤਮ ਹੋਰ ਕੋਈ ਦਾਤ ਨਹੀਂ।

ਗੁਰੂ ਅਮਰਦਾਸ ਜੀ ਦੇ ਇਸ ਸ਼ਬਦ ਦੇ ਨਾਲ ਇਤਿਹਾਸ ਦੀ ਇਕ ਬਹੁਤ ਅਹਿਮ ਘਟਨਾ ਜੋ ਅੰਮ੍ਰਿਤਸਰ ਸਾਹਿਬ ਜੀ ਦੀ ਧਰਤੀ 'ਤੇ ਹਰਿਮੰਦਰ ਸਾਹਿਬ ਵਿਚ ਵਾਪਰੀ ਹੋਈ ਘਟਨਾ ਹੈ। 12 ਅਕਤੂਬਰ ਸੰਨ 1920 ਦੀ ਇਹ ਘਟਨਾ ਹੈ। ਇਸ ਦਿਨ ਕੁਝ ਸਿੱਖ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਦਰਬਾਰ ਸਾਹਿਬ ਆਏ। ਉਹਨਾਂ ਵਿਚੋਂ ਇਕ ਭਾਈ ਮਹਿਤਾਬ ਸਿੰਘ

ਸਨ ਜਿਨ੍ਹਾਂ ਨੇ ਖ਼ਾਲਸਾ ਬਰਾਦਰੀ ਦੇ ਨਾਮ 'ਤੇ ਇਕ ਜੱਥੇਬੰਦੀ ਬਣਾਈ ਸੀ। ਜਦੋਂ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਦਰਬਾਰ ਸਾਹਿਬ ਦੇ ਅੰਦਰ ਉਹ ਆਏ ਤਾਂ ਉਸ ਵੇਲੇ ਪੁਜਾਰੀਆਂ ਨੇ ਉਨ੍ਹਾਂ ਨੂੰ ਇਹ ਸ਼ਬਦ ਕਹੇ ਕਿ ਤੁਹਾਡੇ ਕੜਾਹ ਪ੍ਰਸਾਦਿ ਦੀ ਅਰਦਾਸ ਕਰਵਾਉਣ ਦਾ ਇਕ ਵੇਲਾ ਮੁਕੱਰਰ ਹੈ। ਇਸ ਵੇਲੇ ਤੁਹਾਡੇ ਕੜਾਹ ਪ੍ਰਸਾਦਿ ਦੀ ਦੇਗ ਦੀ ਅਰਦਾਸ ਨਹੀਂ ਹੋ ਸਕਦੀ ਪਰ ਉਸ ਦਾ ਕਹਿਣਾ ਸੀ ਕਿ ਗੁਰੂ ਜੀ ਨੇ ਇਹ ਮਰਯਾਦਾ ਨਹੀਂ ਸੀ ਬਣਾਈ ਕਿ ਮਨੁੱਖਤਾ ਦੇ ਵਿਚ ਵੰਡੀਆਂ ਪਾਉ।

ਪੁਜਾਰੀ ਬ੍ਰਾਹਮਣਵਾਦ ਦੇ ਪ੍ਰਭਾਵ ਥੱਲੇ ਸਨ ਤੇ ਉਹਨਾਂ ਨੇ ਉੱਚੀ ਨੀਵੀਂ ਜਾਤ ਦਾ ਵਿਤਕਰਾ ਬਣਾ ਕੇ ਜਿਹੜੇ ਨੀਵੀਆਂ ਜਾਤਾਂ ਨਾਲ ਸਬੰਧਿਤ ਸਨ, ਉਹਨਾਂ ਦੀ ਅਰਦਾਸ ਤੇ ਉਹਨਾਂ ਦੇ ਪ੍ਰਸਾਦਿ ਕਰਾਉਣ ਦਾ ਵੇਲਾ ਵੀ ਮੁਕੱਰਰ ਕਰ ਦਿੱਤਾ। ਉਸ ਵੇਲੇ ਉਹਨਾਂ ਗੁਰਸਿੱਖਾਂ ਨੇ ਕਿਹਾ ਕਿ ਅਸੀਂ ਧੰਨ ਗੁਰੂ ਰਾਮਦਾਸ ਜੀ ਦੇ ਪਵਿੱਤਰ ਚਰਨਾਂ ਵਿਚ ਅਰਦਾਸ ਕਰਾਉਣ ਆਏ ਹਾਂ ਤੇ ਇਥੇ ਕਿਸੇ ਸਮੇਂ ਕੋਈ ਵੀ ਆ ਸਕਦਾ ਹੈ ਪਰ ਪੁਜਾਰੀ ਮੰਨੇ ਨਹੀਂ।

ਜਦੋਂ ਹਰਿਮੰਦਰ ਸਾਹਿਬ ਦੇ ਅੰਦਰ ਥੋੜ੍ਹੀ ਜਿਹੀ ਉੱਚੀ ਆਵਾਜ਼ ਵਿਚ ਬੋਲ ਬਾਲਾ ਹੋਇਆ ਤਾਂ ਸਿਆਣੇ ਸੱਜਣਾਂ ਨੇ ਵਿਚ ਬੈਠ ਕੇ ਇਹ ਸ਼ਬਦ ਕਹੇ ਕਿ ਇਸ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਵਿੱਤਰ ਸਰੂਪ ਨੂੰ ਅਸੀਂ ਜ਼ਾਹਰਾ ਗੁਰੂ ਮੰਨਦੇ ਹਾਂ। ਗੁਰੂ ਦੇ ਇਕ ਇਕ ਬਚਨ 'ਤੇ ਵਿਸ਼ਵਾਸ ਦਿਵਾਉਂਦੇ ਹਾਂ, ਇਸ ਲਈ ਅਸੀਂ ਆਪਣੇ ਵਿਚਾਰ ਰੱਖਣ ਦੀ ਥਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਕਰਕੇ ਪੁੱਛ ਲਈਏ ਕਿ ਸੱਚੇ ਪਾਤਿਸ਼ਾਹ ! ਜਿਹੜੇ ਇਹ ਸੱਜਣ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਆਏ ਹਨ, ਕੀ ਇਹਨਾਂ ਨੂੰ ਤੁਸੀਂ ਆਪਣੇ ਚਰਨਾਂ ਵਿਚ ਰਲਾ ਲਿਆ ਹੈ ? ਕੀ ਇਹਨਾਂ ਦੀ ਕੜਾਹ ਪ੍ਰਸਾਦਿ ਦੀ ਦੇਗ ਪ੍ਰਵਾਨ ਹੋ ਸਕੇਗੀ ?

ਗੁਰਮੁਖੋ ! ਉਸੇ ਵੇਲੇ ਅਰਦਾਸ ਕੀਤੀ ਗਈ ਕਿ ਹੇ ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ! ਇਸ ਵੇਲੇ ਇਕ ਦੁਬਿਧਾ ਖੜੀ ਹੋ ਗਈ ਹੈ। ਇਹ ਪੁਜਾਰੀ ਕਹਿ ਰਹੇ ਹਨ ਕਿ ਕੜਾਹ ਪ੍ਰਸਾਦਿ ਦੀ ਦੇਗ ਪ੍ਰਵਾਨ ਨਹੀਂ ਕੀਤੀ ਜਾ ਸਕਦੀ, ਕਿਉਂਕਿ ਇਹ ਅਛੂਤ ਜਾਤੀ ਵਿਚੋਂ ਹਨ। ਤੁਸੀਂ ਗੁਰੂ ਰਾਮਦਾਸ ਜੀ ! ਆਪ ਕ੍ਰਿਪਾ ਕਰਕੇ ਬਖ਼ਸ਼ਿਸ਼ ਕਰੋ ਕਿ ਕੀ ਇਹ ਕੜਾਹ ਪ੍ਰਸਾਦਿ ਦੀ ਦੇਗ ਇਹਨਾਂ ਭਾਵਨਾ ਵਾਲੇ ਸਿੱਖਾਂ ਦੀ ਪ੍ਰਵਾਨ ਹੋ ਸਕਦੀ ਹੈ ?

ਉਸ ਵੇਲੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਤੋਂ ਬਾਅਦ ਜਿਹੜਾ ਹੁਕਮ ਆਇਆ ਸੀ, ਉਹ ਅੱਜ ਦੀ ਇਹ ਅਸਟਪਦੀ ਸੀ। ਜਦੋਂ ਇਹ ਹੁਕਮ ਲਿਆ ਤੇ ਜਦੋਂ ਇਹ ਸ਼ਬਦ ਆਏ ਕਿ ਸਮਰੱਥ ਗੁਰੂ ਤਾਂ ਔਗੁਣਾਂ ਨਾਲ ਭਰਿਆਂ ਹੋਇਆਂ ਨੂੰ ਵੀ ਆਪਣੇ ਵਿਚ ਰਲਾ ਲੈਂਦੇ ਹਨ। ਗੁਰੂ ਤਾਂ ਨਿਗੁਣਿਆਂ ਨੂੰ ਵੀ ਆਪਣੇ ਸੀਨੇ ਨਾਲ ਲਾਉਂਦੇ ਹਨ। ਇਹ ਪਵਿੱਤਰ ਸ਼ਬਦ ਸੁਣਨ ਦੀ ਦੇਰ ਸੀ ਕਿ ਸਾਰੀ ਸੰਗਤ ਦੇ ਨੇਤਰ ਜਲ ਨਾਲ ਪੂਰਤ ਹੋ ਗਏ। ਇਸ ਹੁਕਮਨਾਮੇ ਤੋਂ ਬਾਅਦ ਪੁਜਾਰੀਆਂ ਨੂੰ ਹਰਿਮੰਦਰ ਸਾਹਿਬ ਦੀ

ਸੇਵਾ ਛੱਡਣੀ ਪੈ ਗਈ ਸੀ।

ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਵਿਚ ਇਕ ਗੱਲ ਬੜੀ ਸਪੱਸ਼ਟ ਹੈ ਕਿ ਇਥੇ ਅਪਰਾਧੀ ਨੂੰ ਧੱਕੇ ਮਾਰ ਕੇ ਬਾਹਰ ਨਹੀਂ ਕੱਢਿਆ ਜਾਂਦਾ। ਇਥੇ ਔਗੁਣਾਂ ਨਾਲ ਭਰੇ ਹੋਏ ਨੂੰ ਦੁਰਕਾਰਿਆ ਨਹੀਂ ਜਾਂਦਾ। ਇਥੇ ਗੁਨਾਹ ਕਰਨ ਵਾਲੇ ਤੋਂ ਨਫ਼ਰਤ ਨਹੀਂ ਕੀਤੀ ਜਾਂਦੀ। ਜੇ ਔਗੁਣਾਂ ਨਾਲ ਭਰਿਆ, ਗੁਨਾਹਾਂ ਨਾਲ ਭਰਿਆ ਵੀ ਗੁਰੂ ਦੀ ਸ਼ਰਨ ਵਿਚ ਆ ਜਾਏ ਤਾਂ ਸਮਰੱਥ ਸਤਿਗੁਰੂ ਇਹੋ ਜਿਹੇ ਪਾਪੀਆਂ ਨੂੰ ਵੀ ਤਾਰ ਦਿੰਦੇ ਹਨ। ਸਲੋਕ ਸਹਸਕ੍ਰਿਤੀ ਵਿਚ ਦਾਤਾਰ ਜੀ ਨੇ ਇਕ ਬਖ਼ਸ਼ਿਸ਼ ਭਰਿਆ ਬਚਨ ਸਾਨੂੰ ਦਿੱਤਾ ਹੈ। ਕਹਿੰਦੇ ਹਨ ਕਿ ਕਿਹੜੀ ਦਾਤ ਹੈ ਜਿਹੜੀ ਸਮਰੱਥ ਸਤਿਗੁਰੂ ਦੀ ਸੇਵਾ ਵਿਚੋਂ ਸਾਨੂੰ ਨਹੀਂ ਪ੍ਰਾਪਤ ਹੋ ਸਕਦੀ ? ਸੱਚੇ ਪਾਤਿਸ਼ਾਹ ! ਕਿਹੜੀਆਂ-ਕਿਹੜੀਆਂ ਬਖ਼ਸ਼ਿਸ਼ਾਂ ਹਨ ਜਿਹੜੀਆਂ ਸੇਵਾ ਵਿਚੋਂ ਮਿਲਦੀਆਂ ਹਨ ? ਧੰਨ ਗੁਰੂ ਅਰਜਨ ਸਾਹਿਬ ਨੇ ਫੁਰਮਾਇਆ ਹੈ ਕਿ ਕਈ ਵਾਰੀ ਆਪਣੀ ਤਾਕਤ ਦੇ ਜ਼ੋਰ ਨਾਲ, ਆਪਣੇ ਸੀਨੇ ਦੇ ਜ਼ੋਰ ਨਾਲ ਜੀਵਨ ਵਾਲੇ, ਕਮਾਈ ਵਾਲੇ, ਕਰਨੀ ਵਾਲੇ ਲੋਕਾਂ ਨੂੰ ਸੰਸਾਰਕ ਤੌਰ 'ਤੇ ਵੀ ਪਿੱਛੇ ਧੱਕਿਆ ਜਾਂਦਾ ਹੈ।

ਜੀਵਨ ਦੀ ਕਦਰ ਵੀ ਕੇਵਲ ਉਸ ਦੀ ਨਜ਼ਰ ਵਿਚ ਹੈ ਜਿਹੜਾ ਆਪ ਜੀਵਨ ਕਮਾਉਣ ਤੁਰਿਆ ਹੈ। ਜਵਾਰੀ ਦੀ ਨਜ਼ਰ ਵਿਚ ਭਗਤ ਦੀ ਕੀਮਤ ਨਹੀਂ। ਜਵਾਰੀ ਦੀ ਨਜ਼ਰ ਵਿਚ ਕੇਵਲ ਜੂਆ ਖੇਡਣ ਵਾਲੇ ਦੀ ਹੀ ਕੀਮਤ ਹੈ। ਵਿਕਾਰਾਂ ਵਿਚ ਫੱਸੇ ਹੋਏ ਬੰਦੇ ਦੇ ਸਾਹਮਣੇ ਕੋਈ ਨਿਰਮਲ ਹਿਰਦੇ ਵਾਲਾ ਆ ਜਾਏ ਤਾਂ ਉਹ ਰੰਗਿਆਂ ਹੋਇਆਂ ਦੀ ਨਿੰਦਿਆ ਕਰਨਗੇ ਤੇ ਵਿਕਾਰੀ ਬੰਦਿਆਂ ਨੂੰ ਸ਼ਾਬਾਸ਼ ਦੇਣਗੇ। ਪ੍ਰਮਾਤਮਾ ਵਾਲੇ ਦੀ ਕਦਰ ਵੀ ਉਸ ਦੀ ਨਜ਼ਰ ਵਿਚ ਹੀ ਹੈ, ਜਿਸ ਨੂੰ ਪ੍ਰਮਾਤਮਾ ਨੇ ਆਪਣੇ ਅੰਦਰ ਦਾ ਜੀਵਨ ਬਖ਼ਸ਼ਿਆ ਹੈ।

ਧੰਨ ਗੁਰੂ ਅਰਜਨ ਸਾਹਿਬ ਨੇ ਕਿਹਾ ਹੈ ਕਿ ਸਮਾਜ ਦਾ ਇਕ ਸੁਭਾਅ ਹੈ ਕਿ ਕਈ ਵਾਰੀ ਜੀਵਨ ਕਮਾਉਣ ਵਾਲਿਆਂ ਨੂੰ ਪਿੱਛੇ ਧੱਕਿਆ ਜਾਂਦਾ ਹੈ ਤੇ ਚਲਾਕੀ ਚੁਸਤੀ ਕਰਨ ਵਾਲੇ ਬੰਦੇ ਕਈ ਵਾਰੀ ਆਗੂ ਬਣ ਕੇ ਅੱਗੇ ਆ ਖਲੋਂਦੇ ਹਨ। ਪਰ ਹੇ ਮਨਾਂ ! ਤੂੰ ਸੇਵਾ 'ਤੇ ਭਰੋਸਾ ਰੱਖ ਕੇ ਤੁਰ। ਬੰਦਿਆਂ ਦੇ ਹੱਥ ਤਾਂ ਤੈਨੂੰ ਪਿੱਛੇ ਧੱਕਣ ਦਾ ਯਤਨ ਕਰਨਗੇ, ਪਰ ਜਿਨ੍ਹਾਂ ਹੱਥਾਂ ਨਾਲ ਤੂੰ ਗੁਰੂ ਦੀ ਸੇਵਾ ਕਰਦਾ ਹੈਂ ਤੇ ਜਿਸ ਨੂੰ ਕੋਈ ਵੀ ਨਹੀਂ ਜਾਣਦਾ, ਪਿੱਛੇ ਰਹਿਣ ਵਾਲਿਆਂ ਨੂੰ, ਸਤਿਗੁਰੂ ਦੀ ਸੇਵਾ ਆਗੂ ਬਣਾ ਦਿੰਦੀ ਹੈ। ਉਹ ਮਾਨਵਤਾ ਦੀ ਅਗਵਾਈ ਕਰਦੇ ਹਨ।

ਸਤਿਗੁਰੂ ਨੇ ਦੂਜਾ ਬਚਨ ਕੀਤਾ। ਕਹਿਣ ਲੱਗੇ ਕਿ ਜਿਸ ਬੰਦੇ ਦੀ ਕਿਤੋਂ ਵੀ ਆਸ ਨਾ ਪੂਰੀ ਹੋਵੇ। ਆਪਣੀ ਜ਼ਿੰਦਗੀ ਵਿਚ ਉਹ ਨਿਰਾਸ਼ ਹੋ ਚੁੱਕਾ ਹੈ। ਕਿਤੇ ਵੀ ਗਿਆ, ਉਸ ਦੇ ਅੰਦਰ ਦਾ ਭਰੋਸਾ ਡੋਲ ਚੁੱਕਾ ਹੈ ਅਤੇ ਉਸ ਦੀ ਆਸ ਨਹੀਂ ਪੂਰੀ ਹੋਈ ਤਾਂ ਗੁਰੂ ਦੀ ਸੇਵਾ ਨਿਰਾਸ਼ ਰਹਿਣ ਵਾਲਿਆਂ ਦੀਆਂ ਆਸਾਂ ਪੂਰੀਆਂ ਕਰ ਦਿੰਦੀ ਹੈ।

ਤੀਸਰਾ ਬਚਨ ਕੀਤਾ ਕਿ ਜਿਸ ਇਨਸਾਨ ਦੇ ਕੋਲ ਪੇਟ ਭਰਨ ਲਈ ਰੋਟੀ ਨਹੀਂ, ਤਨ ਢੱਕਣ ਲਈ ਬਸਤਰ ਨਹੀਂ, ਰਹਿਣ ਲਈ ਮਕਾਨ ਨਹੀਂ, ਗੁਰੂ ਦੀ ਸੇਵਾ ਇੰਨੀ ਉੱਤਮ ਹੈ ਕਿ ਜਿਹੜੇ ਟੱਕੇ-ਟੱਕੇ ਦੀ ਖ਼ਾਤਰ ਸਹਿਕਦੇ ਪਏ ਹਨ ਤਾਂ ਗੁਰੂ ਦੀ ਸੇਵਾ, ਰਹਿਮਤ ਕਰੇ ਦਾਤਾ, ਉਹਨਾਂ ਨਿਰਧਨਾਂ ਨੂੰ ਵੀ ਧਨਵਾਨ ਬਣਾ ਦਿੰਦੀ ਹੈ।

ਚੌਥਾ ਬਚਨ ਕਿਹਾ ਕਿ ਜਿਹੜੇ ਬੰਦੇ ਰੋਗੀ ਹਨ, ਵੈਦਾਂ ਹਕੀਮਾਂ ਨੇ ਇਹ ਜਵਾਬ ਦੇ ਦਿੱਤਾ ਕਿ ਤੇਰਾ ਇਲਾਜ ਕੋਈ ਨਹੀਂ, ਤੇਰੀ ਦਵਾਈ ਕੋਈ ਨਹੀਂ। ਪਰ ਗੁਰੂ ਅਰਜਨ ਸਾਹਿਬ ਜੀ ਕਹਿਣ ਲੱਗੇ ਕਿ ਤੂੰ ਗੁਰੂ ਦੇ ਚਰਨਾਂ ਵਿਚ ਆਈਂ। ਸੇਵਾ ਵਿਚ ਇੰਨੀ ਸਮਰੱਥਾ ਹੈ ਕਿ ਇਥੇ ਉਹ ਰੋਗੀ ਜਿਨ੍ਹਾਂ ਦਾ ਕਿਤੇ ਵੀ ਇਲਾਜ ਨਹੀਂ ਹੁੰਦਾ, ਗੁਰੂ ਦੀ ਸੇਵਾ ਉਹਨਾਂ ਨੂੰ ਵੀ ਅਰੋਗਤਾ ਦੇ ਦਿੰਦੀ ਹੈ।

ਉਸ ਤੋਂ ਅੱਗੇ ਪੰਜਵਾਂ ਬਚਨ ਕਿਹਾ ਕਿ ਜੇ ਤੂੰ ਆਗੂ ਨਹੀਂ ਬਣਨਾ ਚਾਹੁੰਦਾ, ਤੇਰੇ ਤਨ ਨੂੰ ਕੋਈ ਰੋਗ ਨਹੀਂ ਲੱਗਾ ਅਤੇ ਤੂੰ ਜ਼ਿੰਦਗੀ ਵਿਚ ਕਦੀ ਨਿਰਾਸ਼ ਨਹੀਂ ਹੋਇਆ ਤਾਂ ਯਾਦ ਰੱਖੀਂ, ਜੇ ਤੇਰੇ ਅੰਦਰ ਭਗਤੀ ਦਾ ਚਾਅ ਹੈ ਤਾਂ ਤੂੰ ਸੇਵਾ ਕਰੀਂ। ਪ੍ਰਮਾਤਮਾ ਦੀ ਸੇਵਾ ਤੇਰੇ ਅੰਦਰ ਭਗਤੀ ਦਾ ਰੰਗ ਲਾਏਗੀ ਤੇ ਭਾਵੇਂ ਤੇਰਾ ਗਲਾ ਨਾ ਵੀ ਚੱਲੇ, ਪਰ ਜੇ ਤੇਰੇ ਅੰਦਰ ਕੀਰਤਨ ਕਰਨ ਦਾ ਚਾਅ ਹੈ ਤਾਂ ਤੂੰ ਸੇਵਾ ਕਰੀਂ। ਗੁਰੂ ਦੀ ਸੇਵਾ ਤਾਂ ਗੂੰਗਿਆਂ ਬੰਦਿਆਂ ਨੂੰ ਵੀ ਗੰਧਰਬ ਕੀਰਤਨੀਏ ਬਣਾ ਦਿੰਦੀ ਹੈ। ਸਤਿਗੁਰੂ ਦੇ ਬਚਨ ਹਨ-

*ਪਾਛੰ ਕਰੋਤਿ ਅਗ੍ਰਣੀਵਹਿ ਨਿਰਾਸੰ ਆਸ ਪੂਰਨਹ ॥*
*ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ ॥*
*ਭਗਤ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥*
*ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ ॥*

(ਅੰਗ ੨੯੦)

ਕਿਹੜੀ ਚੀਜ਼ ਹੈ ਜਿਹੜੀ ਗੁਰੂ ਦੀ ਸੇਵਾ ਵਿਚੋਂ ਨਹੀਂ ਮਿਲਦੀ। ਆਪ ਦੇਖਦੇ ਹੋ ਕਿ ਜਿਹੜੇ ਸੱਜਣ ਲੋਹੇ ਦਾ ਕੰਮ ਕਰਦੇ ਹਨ ਜਾਂ ਲੋਹੇ ਨੂੰ ਤਪਾ ਕੇ ਕੋਈ ਚੀਜ਼ ਬਣਾਉਂਦੇ ਹਨ, ਉਹਨਾਂ ਲੁਹਾਰ ਵੀਰਾਂ ਦੀ ਕਿਰਤ ਨੂੰ ਕਦੀ ਰੀਝ ਨਾਲ ਦੇਖੋ। ਉਹਨਾਂ ਨੇ ਲੋਹਾ ਲਿਆਂਦਾ ਤੇ ਭੱਠੀ ਦੇ ਵਿਚ ਲੋਹਾ ਟਿਕਾਅ ਦਿੱਤਾ। ਉਸ ਲੋਹੇ ਦੇ ਉੱਪਰ ਕੋਲੇ ਰੱਖ ਦਿੱਤੇ। ਇਕ ਪਾਸੇ ਉਹ ਲੋਹਾ ਤਪਣ ਲੱਗਦਾ ਹੈ। ਜਦੋਂ ਅੱਗ ਸ਼ਾਂਤ ਹੁੰਦੀ ਹੈ ਤਾਂ ਉਸ ਨੂੰ ਹਵਾ ਦੇ ਕੇ, ਪੱਖਾ ਮਾਰ ਕੇ ਉਸ ਬੁੱਝਦੀ ਹੋਈ ਅੱਗ ਨੂੰ ਫਿਰ ਤੇਜ਼ ਕਰ ਦਿੰਦੇ ਹਨ। ਜਦੋਂ ਕੋਲੇ ਬੁੱਝਣ ਲੱਗਦੇ ਹਨ ਤਾਂ ਉਹਨਾਂ ਉੱਪਰ ਹੋਰ ਕੋਲੇ ਪਾਏ ਜਾਂਦੇ ਹਨ ਤਾਂ ਜੋ ਇਹ ਅੱਗ ਤੇਜ਼ ਹੋ ਕੇ ਇਸ ਲੋਹੇ ਨੂੰ ਸਾੜ ਸਕੇ। ਕਈ ਵਾਰੀ ਕੀ ਹੁੰਦਾ ਹੈ ਕਿ ਲੁਹਾਰ ਵੀਰ ਆਪਣੇ ਹੱਥਾਂ ਵਿਚ ਸੰਨ੍ਹੀ ਫੜਦੇ ਹਨ। ਜਿਹੜਾ ਪਾਸਾ ਲੋਹੇ ਦਾ ਸੜਨ ਤੋਂ ਬਿਨਾਂ ਰਹਿ ਗਿਆ ਹੈ, ਉਸ ਤੱਪਦੇ ਹੋਏ ਲੋਹੇ ਨੂੰ ਘੁੱਟ ਕੇ ਸੰਨ੍ਹੀ ਨਾਲ ਫੜ ਕੇ ਬੱਲਦੇ ਹੋਏ ਕੋਲਿਆਂ ਦੇ ਉੱਪਰ ਰੱਖਦੇ ਹਨ, ਕਿਉਂਕਿ ਕੋਈ

ਵੀ ਇਹੋ ਜਿਹੀ ਥਾਂ ਨਾ ਰਹੇ ਜਿੱਥੇ ਲੋਹੇ ਨੂੰ ਸੇਕ ਨਾ ਲੱਗਿਆ ਹੋਵੇ। ਸਤਿਗੁਰੂ ਕਹਿੰਦੇ ਹਨ ਕਿ ਕਈ ਵਾਰੀ ਇਹ ਤੇਜ਼ ਅੱਗ ਇੰਨਾ ਕੁ ਪ੍ਰਭਾਵ ਪਾਉਂਦੀ ਹੈ ਕਿ ਲੋਹਾ ਸੜ ਕੇ ਬਿਲਕੁਲ ਨਿਕੰਮਾ ਹੋ ਜਾਂਦਾ ਹੈ। ਮਨੂਰ ਲੋਹੇ, ਸੜ ਚੁੱਕੇ ਲੋਹੇ ਨੂੰ ਲੁਹਾਰ ਵੀਰ ਵੀ ਆਪਣੇ ਘਰਾਂ ਵਿਚ ਰੱਖਣ ਲਈ ਤਿਆਰ ਨਹੀਂ। ਹਜ਼ੂਰ ਨੇ ਕਿਹਾ, ਹੇ ਇਨਸਾਨ ! ਨਿਗੁਰੇ ਬੰਦੇ ਦਾ ਜੀਵਨ ਕੀ ਹੈ ?

ਸਤਿਗੁਰੂ ਨੇ ਕਿਹਾ ਹੈ ਕਿ ਇਨਸਾਨ ਦਾ ਸਰੀਰ ਇਕ ਲੁਹਾਰ ਦੀ ਭੱਠੀ ਬਣ ਚੁੱਕਾ ਹੈ। ਉਸ ਭੱਠੀ ਵਿਚ ਤਾਂ ਕਿਤੇ ਸ਼ਾਮ ਨੂੰ ਅੱਗ ਸ਼ਾਂਤ ਹੋ ਜਾਂਦੀ ਹੈ, ਪਰ ਚੇਤੇ ਰੱਖੋ ਕਿ ਇਹ ਭੱਠੀ ਦਿਨੇ ਵੀ ਅੱਗ ਤਪਾਉਂਦੀ ਹੈ, ਰਾਤ ਨੂੰ ਵੀ ਇਸ ਭੱਠੀ ਵਿਚ ਵਾਸ਼ਨਾਵਾਂ ਤੇ ਸੁਪਨਿਆਂ ਦੀ ਅੱਗ ਤੱਪੀ ਹੋਈ ਲੱਗਦੀ ਹੈ।

ਇਨਸਾਨ ਦਾ ਸਰੀਰ ਇਕ ਲੁਹਾਰ ਦੀ ਭੱਠੀ ਹੈ। ਇਸ ਵਿਚ ਮਨ ਲੋਹਾ ਬਣਿਆ ਬੈਠਾ ਹੈ। ਮਨ ਰੂਪੀ ਲੋਹੇ ਦੇ ਉੱਤੇ ਪੰਜਾਂ ਵਿਕਾਰਾਂ ਦੀ ਅੱਗ ਲੱਗੀ ਹੋਈ ਹੈ ਤੇ ਜਦੋਂ ਕਿਤੇ ਇਹ ਸ਼ਾਂਤ ਹੋਣ ਲੱਗਦੀ ਹੈ ਤਾਂ ਜਿਹੜੇ ਬੰਦੇ ਨੇ ਜ਼ਿੰਦਗੀ ਵਿਚ ਪਾਪ ਕੀਤੇ ਹਨ ਪਿਆਰਿਉ ! ਉਹ ਕੀਤੇ ਹੋਏ ਪਾਪ ਹੀ ਕੋਲੇ ਬਣ ਕੇ ਫਿਰ ਅੱਗ ਨੂੰ ਤੇਜ਼ ਕਰਦੇ ਹਨ। ਪਾਪਾਂ ਦੇ ਕੋਲੇ ਪਏ ਹਨ। ਮਨ ਲੋਹਾ ਸੜਦਾ ਪਿਆ ਹੈ। ਪੰਜਾਂ ਵਿਕਾਰਾਂ ਦੀ ਅੱਗ ਨੇ ਇਸ ਨੂੰ ਤਪਾਇਆ ਹੈ। ਚਿੰਤਾ ਦੀ ਸੰਨ੍ਹੀ ਨੇ ਕੋਈ ਵੀ ਪਾਸਾ ਇਸ ਮਨ ਦਾ ਰਹਿਣ ਨਹੀਂ ਦਿੱਤਾ। ਸੱਚੀ-ਮੁੱਚੀ ਮਨ ਸੜ ਕੇ ਨਿਕੰਮਾ ਮਨੂਰ ਹੋ ਗਿਆ। ਇੰਨੀ ਜ਼ਿੰਦਗੀ ਤਬਾਹ ਹੋ ਚੁੱਕੀ ਹੈ ਕਿ ਪਰਿਵਾਰ ਦੇ ਜੀਵ ਵੀ ਇਸ ਬੰਦੇ 'ਤੇ ਭਰੋਸਾ ਨਹੀਂ ਕਰਦੇ। ਬਰਾਦਰੀ ਦੇ ਲੋਕ ਵੀ ਇਹੋ ਜਿਹੇ 'ਤੇ ਯਕੀਨ ਨਹੀਂ ਕਰਦੇ। ਇਥੋਂ ਤੱਕ ਕਿ ਧਰਮ ਦੀ ਦੁਨੀਆਂ ਵਿਚ ਵੀ ਕਈ ਵਾਰੀ ਲੋਕ ਇਸ ਦੀ ਗੱਲ 'ਤੇ ਭਰੋਸਾ ਨਹੀਂ ਕਰਦੇ।

ਨਿਕੰਮੇ ਬੰਦੇ ਨੂੰ ਨਾ ਪਰਿਵਾਰ ਰੱਖਦਾ ਹੈ, ਨਾ ਸੰਸਾਰ ਰੱਖਦਾ ਹੈ। ਖਿਮਾ ਕਰਿਉ, ਸੜ ਚੁੱਕੇ ਬੰਦੇ ਨੂੰ ਤਾਂ ਕਈ ਵਾਰੀ ਰੱਬ ਵੀ ਕਹਿੰਦਾ ਹੈ ਕਿ ਇਸ ਨਿਕੰਮੇ ਨੂੰ ਮੇਰੇ ਘਰ ਵਿਚ ਢੋਈ ਕਿੱਥੇ ਮਿਲੇਗੀ। ਪਰ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਗੁਰੂ ਦੀ ਸੇਵਾ, ਗੁਰੂ ਦੀ ਰਹਿਮਤ ਸਬੰਧੀ ਮਾਰੂ ਰਾਗ ਵਿਚ ਇਹ ਬਚਨ ਕਿਹਾ ਹੈ-

*ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥*
*ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥ ੩ ॥*

(ਅੰਗ ੯੯੦)

ਗੁਰੂ ਗ੍ਰੰਥ ਸਾਹਿਬ ਜੀ ਨੇ ਇਕ ਕ੍ਰਿਪਾ ਕੀਤੀ। ਕਹਿੰਦੇ ਹਨ ਕਿ ਸੜ ਚੁੱਕੇ ਲੋਹੇ ਨੂੰ ਤਾਂ ਘਰ ਵਿਚ ਵੀ ਥਾਂ ਨਹੀਂ, ਪਰ ਜਿਹੜੇ ਮਨ ਸੜ ਕੇ ਮਨੂਰ ਬਣ ਗਏ ਹਨ, ਉਹ ਕਦੀ ਸਮਰੱਥ ਗੁਰੂ ਦੀ ਸੇਵਾ ਵਿਚ ਆ ਡਿੱਗਣ ਤਾਂ ਗੁਰੂ ਸੜ ਚੁੱਕੇ ਮਨਾਂ ਨੂੰ ਵੀ ਪਰਤ ਕੇ ਸੋਨਾ ਬਣਾ ਦਿੰਦੇ ਹਨ—

*ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥੪॥*

(ਅੰਗ ੬੯੦)

ਉਹ ਸੜ ਚੁੱਕੇ ਮਨ ਵੀ ਸੋਨਾ ਬਣ ਗਏ, ਜਿਹੜੇ ਸਤਿਗੁਰੂ ਦੀ ਸੇਵਾ ਵਿਚ ਆ ਗਏ। ਧੰਨ ਗੁਰੂ ਨਾਨਕ ਸਾਹਿਬ ਜੀ ਦਾ ਅਮੋਲਕ ਬਚਨ ਹੈ ਕਿ ਪ੍ਰਮਾਤਮਾ ਨੇ ਆਪ ਇਹ ਸਾਰੀ ਕਾਇਨਾਤ ਸਿਰਜੀ ਹੈ। ਉਸ ਨੇ ਇਹੋ ਜਿਹੀ ਖੇਡ ਵਰਤਾਈ ਹੈ ਕਿ ਇਸ ਸੰਸਾਰ ਵਿਚ ਇਕ ਇਨਸਾਨ ਉਹ ਹਨ ਜਿਹੜੇ ਅੰਦਰੋਂ ਅੱਤ ਦੇ ਨਿਰਮਲ ਹਨ ਤੇ ਇਕ ਬੰਦੇ ਉਹ ਹਨ, ਜਿਹੜੇ ਜਨਮ ਤੋਂ ਲੈ ਕੇ ਆਪਣੀ ਜ਼ਿੰਦਗੀ ਦੇ ਕਈ ਦਹਾਕੇ ਲੰਘ ਜਾਣ 'ਤੇ ਵੀ ਆਪਣੇ ਅੰਦਰ ਦਾ ਔਗੁਣ ਛੱਡਣ ਲਈ ਤਿਆਰ ਨਹੀਂ। ਕਹਿੰਦੇ ਹਨ ਕਿ ਪ੍ਰਮੇਸ਼ਰ ਜੀ ! ਖੋਟੇ ਤੇ ਖਰੇ ਤੁਸੀਂ ਬਣਾਏ ਹਨ। ਤੇਰੀ ਅਸਚਰਜ ਖੇਡ ਹੈ ਕਿ ਜਿਸ ਵੇਲੇ ਖੋਟੇ ਤੇਰੇ ਘਰ ਵੱਲ ਗਏ ਤਾਂ ਤੂੰ ਆਪਣੇ ਖ਼ਜ਼ਾਨਿਆਂ ਵਿਚੋਂ ਖੋਟਿਆਂ ਨੂੰ ਟਣਕਾ ਕੇ ਬਾਹਰ ਕੱਢ ਦਿੱਤਾ। ਜੇ ਪੁੱਛਿਆ ਤਾਂ ਉੱਤਰ ਮਿਲਿਆ ਕਿ ਇਸ ਖ਼ਜ਼ਾਨੇ ਵਿਚ ਕੇਵਲ ਖਰਿਆਂ ਨੂੰ ਥਾਂ ਮਿਲਦੀ ਹੈ।

ਸਤਿਗੁਰੂ ਨੇ ਕਿਹਾ ਹੈ ਕਿ ਗੁਰੂ ਦੀ ਸੇਵਾ ਲੱਗੀ ਹੈ। ਖੋਟਿਆ, ਜੇ ਤੈਨੂੰ ਪ੍ਰਮਾਤਮਾ ਨੇ ਆਪਣੇ ਘਰ ਵਿਚ ਥਾਂ ਨਹੀਂ ਦਿੱਤੀ ਤਾਂ ਤੂੰ ਗੁਰੂ ਦੇ ਭਾਂਡਿਆਂ ਵਿਚ ਖਲੋ ਜਾ। ਚੇਤੇ ਰੱਖੀਂ ਕਿ ਇਸ ਸੇਵਾ ਵਿਚ ਜੁੜਨ ਨਾਲ ਪ੍ਰਮਾਤਮਾ ਖੋਟਿਆਂ ਨੂੰ ਖਰਿਆਂ ਬਣਾ ਕੇ ਪ੍ਰਮਾਤਮਾ ਦੀ ਹਜ਼ੂਰੀ ਵਿਚ ਪ੍ਰਵਾਨ ਕਰਾ ਦਿੰਦੀ ਹੈ। ਹਜ਼ੂਰ ਨੇ ਫੁਰਮਾਇਆ-

*ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ॥*
*ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥*
*ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ॥*
*ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ॥*
*ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ॥*
*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥*

(ਅੰਗ ੧੪੩)

*ਸਤਿਗੁਰ ਦੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥੧॥*

ਜਦੋਂ ਪ੍ਰਮਾਤਮਾ ਦੇ ਨਾਮ ਵਿਚ ਆਪਣੇ ਚਿੱਤ ਨੂੰ ਜੋੜਿਆ ਤਾਂ ਸਮਝ ਪਈ ਕਿ ਬਾਕੀ ਸਾਰੀਆਂ ਕਿਰਤਾਂ ਵਿਚੋਂ ਗੁਰੂ ਦੀ ਸੇਵਾ ਹੀ ਉੱਤਮ ਹੈ।

*ਹਰਿ ਜੀਉ ਆਪੇ ਬਖਸਿ ਮਿਲਾਇ॥*

ਪ੍ਰਮਾਤਮਾ ਜੀ ਆਪ ਤਰੁੱਠ ਪਏ। ਆਪੇ ਹੀ ਅਪਰਾਧੀਆਂ ਦੇ ਪਾਪ ਖੰਡਨ ਕਰ ਦਿੱਤੇ।

ਆਪ ਹੀ ਗੁਨਾਹਾਂ ਨਾਲ ਭਰਿਆਂ ਹੋਇਆਂ ਦੇ ਗੁਨਾਹ ਖ਼ਤਮ ਕਰ ਦਿੱਤੇ। ਇਕੱਲਾ ਬਖ਼ਸ਼ਿਆ ਨਹੀਂ, ਬਖ਼ਸ਼ਿਸ਼ ਤੋਂ ਬਾਅਦ ਆਪਣੇ ਨਾਲ ਵੀ ਮਿਲਾ ਲਿਆ।

*ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ॥ ਰਹਾਉ॥*

ਕਹਿੰਦੇ ਹਨ ਕਿ ਹੇ ਭਾਈ ! ਅਸੀਂ ਗੁਣਾਂ ਤੋਂ ਹੀਣੇ ਹਾਂ। ਸਾਡੇ ਕੋਲ ਕੋਈ ਵੀ ਗੁਣ ਨਹੀਂ। ਸਾਨੂੰ ਗੁਣਾਂ ਤੋਂ ਹੀਣਿਆਂ ਨੂੰ ਸਮਰੱਥ ਸਤਿਗੁਰੂ ਨੇ ਆਪ ਕ੍ਰਿਪਾ ਕਰਕੇ ਬਖ਼ਸ਼ ਲਿਆ ਹੈ।

*ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥*

ਜਦੋਂ ਸੱਚੇ ਸ਼ਬਦ ਦੀ ਵਿਚਾਰ ਕੀਤੀ ਅਤੇ ਗੁਰੂ ਜੀ ਦੇ ਅੰਮ੍ਰਿਤ ਬਚਨਾਂ ਨੂੰ ਆਪਣੇ ਅੰਦਰ ਘੋਖਿਆ ਤਾਂ ਫਿਰ ਇਸ ਗੱਲ ਦੀ ਸਮਝ ਪਈ ਕਿ ਪਤਾ ਨਹੀਂ ਕਿੰਨੇ ਵੱਡੇ ਵੱਡੇ ਗੁਨਾਹ ਕਰਨ ਵਾਲਿਆਂ ਨੂੰ ਵੀ ਸਮਰੱਥ ਗੁਰੂ ਨੇ ਵੀ ਬਖ਼ਸ਼ ਦਿੱਤਾ।

*ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥ ੨॥*

ਇਸ ਭਵ ਸਾਗਰ ਤੋਂ ਸਤਿਗੁਰੂ ਜੀ ਨੇ ਆਪਣੇ ਜਹਾਜ਼ ਵਿਚ ਚਾੜ੍ਹ ਕੇ ਸਾਰੇ ਅਪਰਾਧੀਆਂ ਨੂੰ ਪਾਰ ਕਰ ਦਿੱਤਾ।

*ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥*

ਗੁਰੂ ਅਮਰਦਾਸ ਜੀ ਕਹਿ ਰਹੇ ਹਨ ਕਿ ਜਿਹੜੇ ਸੜ ਚੁੱਕੇ ਲੋਹੇ ਹਨ, ਉਹ ਵੀ ਸੋਨਾ ਬਣ ਗਏ, ਜਦੋਂ ਉਹਨਾਂ ਨੂੰ ਸਤਿਗੁਰੂ ਪਾਰਸ ਮਿਲ ਗਿਆ।

*ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥ ੩॥*

ਉਹਨਾਂ ਨੇ ਆਪਾ ਭਾਵ ਛੱਡ ਦਿੱਤਾ। ਆਪਣੀ ਹੰਗਤਾ ਨੂੰ ਛੱਡ ਦਿੱਤਾ ਅਤੇ ਗੁਰੂ ਦੇ ਸ਼ਬਦ ਨੂੰ ਸਹਾਰਾ ਬਣਾਇਆ। ਜਿਨ੍ਹਾਂ ਨੇ ਸ਼ਬਦ ਨੂੰ ਸਹਾਰਾ ਬਣਾ ਕੇ ਆਪਣੀ ਹੋਂਦ ਛੱਡ ਦਿੱਤੀ, ਉਹਨਾਂ ਦੀ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਗਈ।

*ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ॥*

ਸਾਹਿਬ ਕਹਿੰਦੇ ਹਨ ਕਿ ਮੈਂ ਆਪਣੇ ਸਤਿਗੁਰ ਤੋਂ ਕੁਰਬਾਨ ਜਾਂਦਾ ਹਾਂ। ਸਦੀਵ ਕਾਲ ਲਈ ਆਪਣੇ ਗੁਰੂ ਤੋਂ ਮੈਂ ਆਪਣੇ ਆਪ ਨੂੰ ਫ਼ਿਦਾਅ ਕਰਦਾ ਹਾਂ।

*ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ॥ ੪॥*

ਉਸ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ ਜਿਸ ਨੇ ਨਾਮ ਦਾ ਖ਼ਜ਼ਾਨਾ ਮੈਨੂੰ ਬਖ਼ਸ਼ ਦਿੱਤਾ ਤੇ ਬਖ਼ਸ਼ ਕੇ ਕਿਹਾ ਕਿ ਭਾਈ ! ਦੁਨੀਆਂ ਦੇ ਜਿੰਨੇ ਵੀ ਖ਼ਜ਼ਾਨੇ ਹਨ, ਉਹ ਖਾਂਦਿਆਂ ਮੁੱਕਦੇ ਹਨ ਤੇ ਜਿਹੜਾ ਖ਼ਜ਼ਾਨਾ ਤੇਰੀ ਝੋਲੀ ਵਿਚ ਪਾਉਣ ਲੱਗਾ ਹਾਂ, ਜਿੰਨਾ ਖ਼ਰਚੇਂਗਾ, ਇਹ

ਵੱਧੇਗਾ। ਸਤਿਗੁਰੂ ਨੇ ਨਾਮ ਦਾ ਖ਼ਜ਼ਾਨਾ ਦੇ ਦਿੱਤਾ ਤੇ ਗੁਰਮਤਿ ਰਾਹੀਂ ਮੇਰੇ ਅੰਦਰ ਨੂੰ ਆਪਣੇ ਵਿਚ ਸਮਾਅ ਲਿਆ ਹੈ।

*ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥*

ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਸਹਿਜ ਹੀ ਇਕ ਪਰਮ ਅਵਸਥਾ ਹੈ। ਗੁਰੂ ਤੋਂ ਬਿਨਾਂ ਸਹਿਜ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ। ਗਿਆਨੀਆਂ ਕੋਲੋਂ ਪੁੱਛੋ ਕਿ ਕੀ ਗੁਰੂ ਤੋਂ ਬਿਨਾਂ ਸਹਿਜ ਅਵਸਥਾ ਮਿਲ ਸਕਦੀ ਹੈ ? ਸਤਿਗੁਰੂ ਇਸ ਸਹਿਜ ਅਵਸਥਾ ਦੇ ਦਾਤੇ ਹਨ।

*ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ॥ ੫॥*

ਹੇ ਭਾਈ ! ਸਤਿਗੁਰੂ ਦੀ ਸੇਵਾ ਕਰ ਅਤੇ ਸਦਾ ਲਈ ਕਰ। ਗੁਰਮੁਖੋ ! ਕਦੀ ਸੇਵਾ ਨੂੰ ਅਹਿਸਾਨ ਨਾ ਸਮਝਿਉ। ਆਪਣਾ ਆਪਾ ਛੱਡ ਦਿਉ। ਹਉਮੈ ਨੂੰ ਮਾਰ ਦਿਉ ਅਤੇ ਸਤਿਗੁਰੂ ਦੀ ਸੇਵਾ ਕਰੋ।

*ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ॥*

ਜਦੋਂ ਬੰਦਾ ਸੇਵਾ ਕਰਨੀ ਸ਼ੁਰੂ ਕਰਦਾ ਹੈ ਤਾਂ ਇਸ ਦੀ ਜ਼ਿੰਦਗੀ ਵਿਚ ਜੀਵਨ ਆਪਣੇ ਆਪ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਪ੍ਰਮਾਤਮਾ ਦੀ ਸੇਵਾ ਕਰਕੇ ਪ੍ਰਮਾਤਮਾ ਦਾ ਨਿਰਮਲ ਭੈਅ ਪੈਦਾ ਹੋ ਗਿਆ ਤੇ ਹੁਣ ਅੰਦਰੋਂ ਆਤਮਕ ਜੀਵਨ ਨਿਕਲਣ ਲੱਗਾ ਹੈ।

*ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥ ੬॥*

ਸੱਚੇ ਨਾਮ ਨੂੰ ਜਦੋਂ ਜ਼ਿੰਦਗੀ ਦਾ ਆਧਾਰ ਬਣਾਇਆ ਤਾਂ ਫਿਰ ਉਹ ਪਦਾਰਥ ਮਿਲਿਆ ਜਿਹੜਾ ਪ੍ਰੇਮ ਹੈ।

*ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ॥*

ਧੰਨ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਸਤਿਗੁਰੂ ਦੀ ਸੇਵਾ ਕਰਨ ਵਾਲਿਆ ! ਮੈਂ ਅਰਦਾਸ ਕਰਦਾ ਹਾਂ ਕਿ ਮੈਨੂੰ ਤੇਰੇ ਚਰਨਾਂ ਦੀ ਧੂੜ ਮਿਲ ਜਾਏ।

*ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥ ੭॥*

ਕਹਿੰਦੇ ਹਨ ਕਿ ਮੈਂ ਤਾਂ ਤੇਰੇ ਚਰਨਾਂ ਕੋਲ ਆਇਆ ਹਾਂ, ਕਿਉਂਕਿ ਤੂੰ ਸੇਵਾ ਕਰਦਾ ਹੈਂ। ਤੇਰੇ ਅੰਦਰ ਗੁਰੂ ਵਰਤਦਾ ਹੈ।

*ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ॥*

ਜਦੋਂ ਗੁਰੂ ਦੀ ਬਖ਼ਸ਼ਿਸ਼ ਵਰਤੀ ਤਾਂ ਸਮਝ ਪੈ ਗਈ ਕਿ ਬਾਣੀ ਹੀ ਸਚੁ ਹੈ।

*ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥ ੮॥ ੨॥*

ਅੰਤ ਵਿਚ ਧੰਨ ਗੁਰੂ ਅਮਰਦਾਸ ਜੀ ਕਹਿਣ ਲੱਗੇ ਕਿ ਭਾਈ ! ਜਦੋਂ ਮਨੁੱਖੀ ਮਨ

ਦੇ ਅੰਦਰ ਨਾਮ ਵੱਸ ਜਾਏ ਤਾਂ ਫਿਰ ਉਦੋਂ ਕੋਈ ਰੁਕਾਵਟ ਨਹੀਂ ਆਉਂਦੀ, ਕਿਉਂਕਿ ਨਾਮ ਖ਼ੁੱਦ ਵਿਘਨਾਂ ਨੂੰ ਦੂਰ ਕਰਦਾ ਹੈ।

ਗੁਰਮੁਖੋ ! ਸਾਰੀ ਅਸਟਪਦੀ ਦਾ ਭਾਵ ਇਹ ਹੈ ਕਿ ਪਾਪ ਕਰਨ ਵਾਲੇ ਨਿਗੁਰਿਆਂ ਨੂੰ ਗੁਰੂ ਬਖ਼ਸ਼ ਦਿੰਦੇ ਹਨ। ਪਰ ਤਾਂ ਹੀ ਬਖ਼ਸ਼ੇ ਜਾਣਗੇ ਜੇ ਗੁਰੂ ਦੀ ਸੇਵਾ ਵਿਚ ਆ ਖੜੇ ਹੋਣਗੇ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

SIKHBOOKCLUB.COM

# ਮਹਾ ਮਾਰਗੁ ਪੰਥੁ ਬਿਖੜਾ

ਵਡਹੰਸੁ ਮਹਲਾ ੪ ਘੋੜੀਆ
ੴ ਸਤਿਗੁਰ ਪ੍ਰਸਾਦਿ ॥

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥
ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥
ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥
ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ ॥
ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ ॥
ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥ ੧ ॥
ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ ॥
ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ ॥
ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ ॥
ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ ॥
ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ ॥
ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ ॥ ੨ ॥
ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥
ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥
ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥
ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥
ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥ ੩ ॥
ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ ॥
ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ ॥

*ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ॥*
*ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ॥*
*ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ॥*
*ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ॥੪॥੧॥੫॥*

(ਅੰਗ ੫੭੫)

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਅੱਜ ਦਾ ਸ਼ਬਦ ਗੁਰੂ ਰਾਮਦਾਸ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਉਚਾਰਨ ਕੀਤਾ ਹੋਇਆ ਹੈ। ਇਹਨਾਂ ਪਵਿੱਤਰ ਬਚਨਾਂ ਦਾ ਜੋ ਸਿਰਲੇਖ ਹੈ, ਉਹ ਹੈ ਘੋੜੀਆ। ਇਸ ਵਿਚ ਹਜ਼ੂਰ ਨੇ ਸਰੀਰ ਨੂੰ ਇਕ ਘੋੜੀ ਨਾਲ ਤੁਲਨਾ ਦਿੱਤੀ ਹੈ। ਜਿਵੇਂ ਅਸਵਾਰ ਆਪਣੀ ਘੋੜੀ ਨੂੰ ਸ਼ਿੰਗਾਰ ਕੇ ਉਸ 'ਤੇ ਸਫ਼ਰ ਕਰ ਆਪਣੀ ਮੰਜ਼ਿਲ 'ਤੇ ਪਹੁੰਚਦਾ ਹੈ, ਇਵੇਂ ਹੀ ਗੁਰੂ ਰਾਮਦਾਸ ਜੀ ਨੇ ਸਰੀਰ ਨੂੰ ਘੋੜੀ ਦੇ ਰੂਪ ਵਿਚ ਬਿਆਨਿਆ ਹੈ। ਇਸ ਉੱਪਰ ਕਾਠੀ ਕਿਹੜੀ ਪਾਉਣੀ ਹੈ, ਇਸ ਘੋੜੀ ਨੂੰ ਕਿਸ ਚਾਬੁਕ ਨਾਲ ਹਕਣਾ ਹੈ ਤੇ ਇਸ ਘੋੜੀ ਦੇ ਮੂੰਹ ਵਿਚ ਕੜਿਆਲ ਕਿਹੜਾ ਪਾਉਣਾ ਹੈ, ਇਹ ਸਤਿਗੁਰੂ ਨੇ ਅੱਜ ਦੇ ਇਸ ਪਵਿੱਤਰ ਹੁਕਮ ਵਿਚ ਬਖ਼ਸ਼ਿਸ਼ ਕੀਤਾ ਹੈ।

ਵਡਹੰਸੁ ਮਹਲਾ ੪ ਘੋੜੀਆ
ੴ ਸਤਿਗੁਰ ਪ੍ਰਸਾਦਿ॥

ਧੰਨ ਗੁਰੂ ਰਾਮਦਾਸ ਜੀ ਦੇ ਇਸ ਬਚਨ ਦਾ ਜੋ ਰਾਗ ਹੈ, ਉਹ ਹੈ ਵਡਹੰਸ ਰਾਗ। ਇਸ ਨਾਲ ਸਿਰਲੇਖ ਆਇਆ ਹੈ ਘੋੜੀਆ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਵਿਚ ਜਿੱਥੇ ਹਜ਼ੂਰ ਨੇ ਕ੍ਰਿਪਾ ਕਰਕੇ 31 ਰਾਗਾਂ ਵਿਚ ਅੰਮ੍ਰਿਤ ਬਚਨ ਉਚਾਰਨ ਕੀਤੇ ਹਨ, ਉਥੇ ਹਜ਼ੂਰ ਨੇ ਉਸ ਵੇਲੇ ਦੇ ਜਿਹੜੇ ਲੋਕ-ਗੀਤ ਸਨ, ਉਹਨਾਂ ਨੂੰ ਹੀ ਆਧਾਰ ਬਣਾ ਕੇ ਅੰਮ੍ਰਿਤ ਬਾਣੀ ਉਚਾਰਨ ਕੀਤੀ ਹੈ।

ਵਡਹੰਸ ਰਾਗ ਵਿਚ ਪਹਿਲਾਂ ਆਈਆਂ ਘੋੜੀਆਂ। ਘੋੜੀਆਂ ਦਾ ਸੰਬੰਧ ਸੀ ਪੰਜਾਬ ਦੀ ਉਸ ਰਵਾਇਤ ਨਾਲ, ਜਦੋਂ ਘਰ ਦੇ ਵਿਚ ਬੱਚੇ ਦੀ ਸ਼ਾਦੀ ਹੋਣੀ ਤਾਂ ਉਸ ਵੇਲੇ ਭੈਣਾਂ ਨੇ ਜਾਂ ਰਿਸ਼ਤੇਦਾਰਾਂ ਨੇ ਕੁਝ ਦਿਨ ਪਹਿਲਾਂ ਹੀ ਰਾਤ ਨੂੰ ਉਸ ਖ਼ੁਸ਼ੀ ਵਿਚ ਮੰਗਲਮਈ ਗੀਤ ਗਾਉਣ ਲੱਗ ਜਾਣਾ। ਪਰ ਇਹਨਾਂ ਗੀਤਾਂ ਦਾ ਸ਼ਿਖਰ ਉਸ ਦਿਨ ਹੁੰਦਾ ਸੀ ਜਦੋਂ ਵਿਆਹ

ਵਾਲਾ ਦਿਨ ਆਉਣਾ ਤੇ ਬੱਚੇ ਨੇ ਜਾਂ ਉਸ ਲਾੜੇ ਨੇ ਘੋੜੀ ਚੜ੍ਹ ਕੇ ਲਾੜੀ ਨੂੰ ਵਿਆਹੁਣ ਲਈ ਤੁਰਨਾ। ਉਸ ਵੇਲੇ ਭੈਣਾਂ ਨੇ ਆਪਣੇ ਵੀਰ ਦੀ ਘੋੜੀ ਅੱਗੇ ਛੋਲਿਆਂ ਦੀ ਦਾਲ ਦਾ ਥਾਲ ਭਰ ਕੇ ਘੋੜੀ ਨੂੰ ਖੁਆਉਣਾ, ਉਸ ਦੀਆਂ ਵਾਗਾਂ ਗੁੰਦਣੀਆਂ ਤੇ ਨਾਲੇ ਉਹਨਾਂ ਨੇ ਵੀਰ ਦੇ ਘੋੜੀ ਚੜ੍ਹਨ ਲੱਗਿਆਂ ਇਹ ਗੀਤ ਗਾਉਣੇ। ਜਿਸ ਤਰਜ਼ ਵਿਚ ਇਹ ਗੀਤ ਗਾਏ ਜਾਂਦੇ ਸਨ, ਉਹਨਾਂ ਨੂੰ ਘੋੜੀਆਂ ਕਿਹਾ ਜਾਂਦਾ ਸੀ।

ਸਤਿਗੁਰੂ ਜੀ ਨੇ ਦੇਖਿਆ ਕਿ ਵਿਆਹ ਦੇ ਦਿਨ ਆਉਂਦੇ ਹਨ ਤੇ ਕਈ ਕਈ ਦਿਨ ਬੀਬੀਆਂ ਢੋਲਕੀ ਵਜਾ ਕੇ ਘੋੜੀਆਂ ਗਾਉਂਦੀਆਂ ਹਨ। ਕਿੰਨਾ ਚੰਗਾ ਹੋਵੇ ਕਿ ਵਿਆਹ ਦੀਆਂ ਘੋੜੀਆਂ ਗਾਉਣ ਵਾਲੀਆਂ ਬੀਬੀਆਂ ਨੂੰ ਇਹ ਦਰਸਾ ਦਿੱਤਾ ਜਾਵੇ ਕਿ ਇਹ ਤਾਂ ਕੇਵਲ ਉਹ ਘੋੜੀਆਂ ਦੇ ਗੀਤ ਹਨ, ਜਿਸ ਘੋੜੀ 'ਤੇ ਲਾੜਾ ਚੜ੍ਹ ਕੇ ਲਾੜੀ ਨੂੰ ਵਿਆਹ ਕੇ ਲਿਆਉਂਦਾ ਹੈ, ਪਰੰਤੂ ਭਾਈ ਸੱਜਣੋਂ ! ਸਰੀਰ ਵੀ ਇਕ ਘੋੜੀ ਹੈ ਤੇ ਜੇ ਆਤਮਾ ਇਸ ਘੋੜੀ ਉੱਤੇ ਸਫ਼ਰ ਕਰਕੇ ਪ੍ਰਮਾਤਮਾ ਵਾਲੇ ਪਾਸੇ ਤੁਰ ਪਵੇ ਤਾਂ ਇਸ ਘੋੜੀ ਦੇ ਰਾਹੀਂ ਪ੍ਰਮਾਤਮਾ ਦੇ ਘਰ ਵਿਚ ਪਹੁੰਚਿਆ ਜਾ ਸਕਦਾ ਹੈ। ਹਜ਼ੂਰ ਨੇ ਉਸ ਤਰਜ਼ ਵਿਚ ਆਪਣੀ ਰਸਨਾ ਤੋਂ ਘੋੜੀਆਂ ਉਚਾਰਨ ਕਰ ਦਿੱਤੀਆਂ।

ਹਜ਼ੂਰ ਨੇ ਪਹਿਲਾ ਬਚਨ ਕਿਹਾ ਕਿ ਸਰੀਰ ਇਕ ਘੋੜੀ ਹੈ। ਇਹ ਘੋੜੀ ਪ੍ਰਮਾਤਮਾ ਨੇ ਸਾਨੂੰ ਬਖ਼ਸ਼ਿਸ਼ ਕੀਤੀ ਹੈ। ਇਸ ਦਾ ਸਿਰਲੇਖ ਸੀ ਵਡਹੰਸ ਰਾਗ। ਉਚਾਰਨ ਕਰਤਾ ਧੰਨ ਗੁਰੂ ਰਾਮਦਾਸ ਜੀ ਅਤੇ ਅੱਗੇ ਸ਼ਬਦ ਘੋੜੀਆਂ ਤੇ ਘੋੜੀਆਂ ਤੋਂ ਅੱਗੇ ਹੈ ਮੰਗਲ।

ੴ ਸਤਿਗੁਰ ਪ੍ਰਸਾਦਿ ॥

ਉਹ ਪਰੀਪੂਰਨ ਪ੍ਰਮਾਤਮਾ ਅਦੁੱਤੀ ਇਕ ਹੀ ਹੈ। ਉਸ ਵਰਗਾ ਹੋਰ ਕੋਈ ਨਹੀਂ ਤੇ ਉਸ ਨੂੰ ਪਾਉਣ ਦਾ ਤਰੀਕਾ ਸਿਰਫ਼ ਸਤਿਗੁਰ ਪ੍ਰਸਾਦਿ ਹੈ। ਸਮਰੱਥ ਸਤਿਗੁਰੂ ਦੀ ਕ੍ਰਿਪਾ ਹੈ।

*ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ॥*

ਧੰਨ ਗੁਰੂ ਰਾਮਦਾਸ ਜੀ ਪਹਿਲਾ ਬਚਨ ਕਰਦੇ ਹਨ ਕਿ ਮਨੁੱਖ ਦਾ ਤਨ ਇਕ ਘੋੜੀ ਹੈ। ਇਸ ਨੂੰ ਪਰਮ ਪਿਤਾ ਵਾਹਿਗੁਰੂ ਨੇ ਆਪ ਪੈਦਾ ਕੀਤਾ ਹੈ।

*ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ॥*

ਪਰ ਇਹ ਜਿਹੜੀ ਮਨੁੱਖਾ ਦੇਹੀ ਮਿਲੀ ਹੈ, ਧੰਨ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਕਿੰਨੇ ਵੱਡੇ ਪੁੰਨ ਹਨ, ਜਿਸ ਪੁੰਨ ਕਰਕੇ ਇਸ ਮਨੁੱਖਾ ਦੇਹੀ ਦੀ ਪ੍ਰਾਪਤੀ ਹੋਈ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਮਨੁੱਖਾ ਦੇਹੀ ਦੇ ਬਾਰੇ ਅਨੇਕਾਂ ਬਚਨ ਬਾਣੀ ਰੂਪ ਵਿਚ ਸਾਨੂੰ ਬਖ਼ਸ਼ਿਸ਼ ਕੀਤੇ। ਸਤਿਗੁਰੂ ਦਾ ਇਕ ਬਚਨ ਅਸੀਂ ਰੋਜ਼ ਪੜ੍ਹਦੇ ਹਾਂ-

*ਭਈ ਪਰਾਪਤਿ ਮਾਨੁਖ ਦੇਹੁਰੀਆ॥*

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*

(ਰਹਰਾਸਿ ਸਾਹਿਬ)

ਜੀਵ ਨੂੰ ਇਹ ਦੇਹੀ ਪ੍ਰਮਾਤਮਾ ਨੂੰ ਮਿਲਣ ਲਈ ਇਸ ਵਾਰੀ ਪ੍ਰਮੇਸ਼ਰ ਨੇ ਦੇਹ ਰੂਪ ਵਿਚ ਦਿੱਤੀ ਹੈ। ਕਬੀਰ ਸਾਹਿਬ ਨੇ ਇਸ ਦੇਹ ਦੀ ਅਮੋਲਕਤਾ, ਇਸ ਦੇਹ ਦੀ ਦੁਰਲੱਭਤਾ ਬਾਰੇ ਆਪਣੀ ਰਸਨਾ ਤੋਂ ਇਹ ਬਚਨ ਕਹੇ ਹਨ ਕਿ ਜਿਹੜਾ ਤਨ ਅਸੀਂ ਅੱਜ ਪ੍ਰਾਪਤ ਕਰਕੇ ਬੈਠੇ ਹਾਂ, ਇਹ ਤਨ ਗੁਰੂ ਦੀ ਕ੍ਰਿਪਾ ਨਾਲ ਸਾਡੇ ਪੁੰਨ ਕਰਮਾਂ ਦੀ ਪ੍ਰਾਪਤੀ ਹੈ। ਕਬੀਰ ਸਾਹਿਬ ਨੇ ਬਚਨ ਕੀਤਾ ਕਿ ਦੇਖੋ, ਹੁਣ ਇਹ ਸਰੀਰ ਮਿਲਿਆ ਹੈ। ਕੋਈ ਜ਼ਰੂਰੀ ਨਹੀਂ ਕਿ ਮੌਤ ਤੋਂ ਬਾਅਦ ਦੁਬਾਰਾ ਇਸ ਤਨ ਦੀ ਪ੍ਰਾਪਤੀ ਹੋ ਜਾਏ।

ਕਬੀਰ ਜੀ ਨੇ ਤੁਲਨਾ ਕੀਤੀ ਕਿ ਜਿਵੇਂ ਅਸੀਂ ਰੁੱਖ ਨੂੰ ਲੱਗੇ ਹੋਏ ਪੱਤੇ ਦੇਖਦੇ ਹਾਂ ਤੇ ਪੱਤੇ ਕੁਝ ਮਹੀਨੇ ਰੁੱਖ ਦੀ ਟਾਹਣੀ ਉੱਪਰ ਸ਼ੋਭਦੇ ਹਨ, ਪਰੰਤੂ ਇਕ ਸਮਾਂ ਅਜਿਹਾ ਆਉਂਦਾ ਹੈ ਕਿ ਜਦੋਂ ਟਾਹਣੀ ਨਾਲ ਜੁੜਿਆ ਹੋਇਆ ਪੱਤਾ ਟੁੱਟ ਕੇ ਧਰਤੀ 'ਤੇ ਡਿੱਗ ਪੈਂਦਾ ਹੈ ਤੇ ਟਾਹਣੀ ਨਾਲੋਂ ਟੁੱਟੇ ਹੋਏ ਪੱਤੇ ਵਾਪਿਸ ਕਦੀ ਦਰੱਖ਼ਤ ਨਾਲ ਜੁੜ ਨਹੀਂ ਸਕਦੇ।

ਕਬੀਰ ਸਾਹਿਬ ਕਹਿੰਦੇ ਹਨ ਕਿ ਜਿਹੜਾ ਸਮਾਂ ਤੈਨੂੰ ਹੁਣ ਪ੍ਰਾਪਤ ਹੋਇਆ ਹੈ, ਸੱਚ ਜਾਣੀਂ, ਇਕ ਵਾਰੀ ਇਸ ਦੇਹੀ ਦਾ ਸਮਾਂ ਹੱਥੋਂ ਨਿਕਲ ਗਿਆ ਤਾਂ ਜਿਵੇਂ ਟੁੱਟੇ ਹੋਏ ਪੱਤੇ ਕਦੀ ਜੁੜਦੇ ਨਹੀਂ, ਇਵੇਂ ਬਾਰ ਬਾਰ ਮਨੁੱਖਾ ਦੇਹੀ ਦੀ ਵੀ ਪ੍ਰਾਪਤੀ ਨਹੀਂ ਹੁੰਦੀ। ਹਜ਼ੂਰ ਨੇ ਫੁਰਮਾਇਆ-

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥*

(ਅੰਗ ੧੩੬੬)

ਫਿਰ ਇਸ ਦੇਹੀ ਨੂੰ ਸਫਲ ਕਿਵੇਂ ਕੀਤਾ ਜਾਏ ? ਅਸੀਂ ਇਸ ਦੇਹੀ ਦੀ ਜਿਹੜੀ ਯਾਤਰਾ ਜਨਮ ਤੋਂ ਮੌਤ ਤੱਕ ਮਿੱਥੀ ਹੈ, ਉਹ ਹੈ ਜ਼ਿੰਦਗੀ ਦੇ ਵੱਖ-ਵੱਖ ਪੜਾਅ। ਆਮ ਤੌਰ 'ਤੇ ਇਨਸਾਨ ਜਨਮ ਲੈਂਦਾ ਹੈ ਤੇ ਉਸ ਤੋਂ ਬਾਅਦ ਮੌਤ ਦੇ ਪੜਾਅ 'ਤੇ ਪਹੁੰਚਦਾ ਹੈ। ਅਸੀਂ ਭੋਗ ਵੇਲੇ ਇਹ ਸ਼ਬਦ ਵੀ ਕਹਿਣ ਲੱਗ ਪੈਂਦੇ ਹਾਂ ਕਿ ਇਨਸਾਨ ਆਪਣੇ ਜੀਵਨ ਦੀ ਯਾਤਰਾ ਸਫਲ ਕਰਕੇ ਗਿਆ ਹੈ।

ਪਿਆਰਿਓ ! ਜਨਮ ਤੋਂ ਲੈ ਕੇ ਮਰਨ ਦੇ ਪੜਾਅ ਤੱਕ ਪਹੁੰਚਣ ਦਾ ਨਾਮ ਜੀਵਨ ਨਹੀਂ। ਇਹ ਤਾਂ ਸਿਰਫ਼ ਇਕ ਸਰੀਰ ਦੀ ਤਬਦੀਲੀ ਹੈ। ਜੀਵਨ ਦੀ ਯਾਤਰਾ ਦਾ ਅਰਥ ਤਾਂ ਹੈ ਜਨਮ ਤੋਂ ਬਾਅਦ ਆਤਮਕ ਜੀਵਨ, ਰੂਹਾਨੀਅਤ ਦਾ ਜੀਵਨ। ਗੁਰੂ ਦੇ ਸ਼ਬਦ ਵਿਚ ਭਿੱਜ ਕੇ ਕਿੰਨਾ ਜੀਵਨ ਜੀਵਿਆ ਤੇ ਜੇ ਸ਼ਬਦ ਵਿਚ ਭਿੱਜਣ ਤੋਂ ਬਿਨਾਂ ਕੇਵਲ ਜਨਮ ਹੋਇਆ ਤੇ ਜਨਮ ਤੋਂ ਬਾਅਦ ਮੌਤ ਹੋ ਗਈ ਤਾਂ ਉਸ ਨੂੰ ਆਤਮਕ ਜੀਵਨ ਅਸੀਂ ਨਹੀਂ ਕਹਿ

ਸਕਦੇ। ਕਿਉਂਕਿ ਦੁਨੀਆਂ ਦੀ ਨਜ਼ਰ ਵਿਚ ਤਾਂ ਜੀਵਨ ਇਹ ਹੈ ਕਿ ਜਨਮ ਤੋਂ ਬਾਅਦ ਮੌਤ ਹੋਈ ਤੇ ਕਹਿ ਦਿੱਤਾ ਕਿ ਇਹ ਜੀਵਨ ਦੀ ਯਾਤਰਾ ਸਫਲ ਕਰਕੇ ਗਿਆ ਹੈ।

ਕੋਈ ਇਨਸਾਨ ਜਨਮ ਲੈ ਕੇ ਇਥੇ 100 ਸਾਲ ਤੱਕ ਜੀਅ ਗਿਆ ਤੇ ਅਸੀਂ ਇਹ ਸ਼ਬਦ ਵਰਤਦੇ ਹਾਂ ਕਿ ਇਸ ਬੰਦੇ ਨੇ ਬਹੁਤ ਮਿਹਨਤ ਕੀਤੀ ਸੀ। ਇਹ ਇੰਨੀ ਉੱਚੀ ਪੱਦਵੀ 'ਤੇ ਪਹੁੰਚਿਆ। ਇਹ ਇਕ ਦਿਹਾੜੀਦਾਰ ਬੰਦਾ ਸੀ। ਇਹ ਇਕ ਪਹਿਰੇਦਾਰ ਦੀ ਨੌਕਰੀ ਤੋਂ ਸ਼ੁਰੂ ਹੋਇਆ ਤੇ ਇੰਨੇ ਉੱਚੇ ਰੁਤਬੇ 'ਤੇ ਪਹੁੰਚਿਆ ਅਤੇ ਇਸ ਨੇ ਆਪਣੀ ਜ਼ਿੰਦਗੀ ਨੂੰ ਸਫਲ ਕੀਤਾ। ਨਹੀਂ ਪਿਆਰਿਉ ! ਮਨੁੱਖਾ ਜਨਮ ਪ੍ਰਾਪਤ ਕਰਕੇ ਦੁਨਿਆਵੀ ਪਦਵੀ ਦਾ ਨਾਮ ਜੀਵਨ ਨਹੀਂ। ਜੀਵਨ ਤਾਂ ਹੈ ਕਿ ਜਨਮ ਵੇਲੇ ਮੌਕਾ ਮਿਲਿਆ ਤੇ ਮਰਨ ਤੱਕ ਇਹ ਪ੍ਰਮਾਤਮਾ ਦੇ ਘਰ ਵਿਚ ਪਹੁੰਚ ਗਿਆ।

ਸਤਿਗੁਰੂ ਜੀ ਨੇ ਆਪਣੇ ਅੰਮ੍ਰਿਤ ਬਚਨਾਂ ਵਿਚ ਇਕ ਕ੍ਰਿਪਾ ਭਰਿਆ ਬਚਨ ਕਿਹਾ ਹੈ ਮਾਝ ਕੀ ਵਾਰ ਵਿਚ। ਉਥੇ ਮਨੁੱਖਾ ਉਮਰ ਦੇ ਹਜ਼ੂਰ ਨੇ ਦੱਸ ਪੜਾਅ ਬਣਾਏ, ਪਰ ਦੱਸਾਂ ਪੜਾਵਾਂ ਵਿਚ ਕਿਤੇ ਵੀ ਨਾਮ ਦੀ ਗੱਲ ਨਹੀਂ ਹੈ। ਦੱਸਾਂ ਪੜਾਵਾਂ ਵਿਚ ਕਿਤੇ ਰੂਹਾਨੀਅਤ ਦੀ ਗੱਲ ਨਹੀਂ। ਦੱਸਾਂ ਪੜਾਵਾਂ ਵਿਚ ਆਤਮਕ ਜੀਵਨ ਦੀ ਗੱਲ ਨਹੀਂ। ਗੁਰੂ ਜੀ ਨੇ ਇਹ ਨਹੀਂ ਕਿਹਾ ਕਿ ਜਨਮ ਸਫਲ ਕਰਕੇ ਗਿਆ ਹੈ। ਗੁਰੂ ਜੀ ਨੇ ਕਿਹਾ ਹੈ ਕਿ ਆਇਆ ਸੀ, ਜਨਮ ਹੋਇਆ ਤੇ ਇਹ ਦੱਸ ਪੜਾਵਾਂ ਦੇ ਅੰਦਰ ਦੀਆਂ ਵਾਸ਼ਨਾਵਾਂ ਭੋਗ ਕੇ ਚਲਾ ਗਿਆ। ਅੰਤਲੇ ਸਮੇਂ ਹੰਸ ਉਡਾਰੀ ਮਾਰ ਗਿਆ ਤੇ ਸਰੀਰ ਇਕ ਸਵਾਹ ਦੀ ਢੇਰੀ ਬਣ ਗਿਆ—

*ਪਹਿਲੈ ਪਿਆਰਿ ਲਗਾ ਥਣ ਦੁਧਿ॥*
*ਦੂਜੈ ਮਾਇ ਬਾਪ ਕੀ ਸੁਧਿ॥*
*ਤੀਜੈ ਭਯਾ ਭਾਬੀ ਬੇਬ॥*
*ਚਉਥੈ ਪਿਆਰਿ ਉਪੰਨੀ ਖੇਡ॥*
*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥*

(ਅੰਗ ੧੩੭)

ਜਨਮ ਹੋਇਆ ਤਾਂ ਦੁੱਧ ਦੀ ਪਹਿਚਾਣ ਹੋ ਗਈ। ਦੁੱਧ ਤੋਂ ਬਾਅਦ ਫਿਰ ਮਾਂ-ਬਾਪ

ਦੀ ਪਹਿਚਾਣ ਹੋ ਗਈ। ਭੈਣਾਂ, ਭਰਾਵਾਂ ਦੀ ਪਹਿਚਾਣ ਹੋ ਗਈ। ਖਾਣ ਪੀਣ ਦਾ ਪਤਾ ਲੱਗ ਗਿਆ। ਜਵਾਨੀ ਦੇ ਦਿਨ ਆਏ ਤੇ ਵਾਸ਼ਨਾਵਾਂ ਦੀ ਹਨੇਰੀ ਚੱਲੀ। ਆਪਣੇ ਬੇਗਾਨੇ ਕਿਸੇ ਨੂੰ ਵੀ ਨਾ ਪਹਿਚਾਣਿਆ। ਉਸ ਤੋਂ ਬਾਅਦ ਗ੍ਰਹਿਸਤ ਵਿਚ ਗਿਆ, ਘਰ, ਬੱਚੇ, ਪਰਿਵਾਰ ਹੋਇਆ ਤੇ ਜਦੋਂ ਘਰ ਦੀਆਂ ਲੋੜਾਂ ਵੱਧੀਆਂ ਤਾਂ ਬੰਦਾ ਗ਼ੁੱਸੇ ਦੀ ਅੱਗ ਵਿਚ ਸੜਨ ਲੱਗਾ। ਨੌਵਾਂ ਪੜਾਅ ਆਇਆ ਤਾਂ ਕੇਸ ਦੁੱਧ ਵਰਗੇ ਚਿੱਟੇ ਹੋ ਗਏ ਤੇ ਦੱਸਵਾਂ ਪੜਾਅ ਆਇਆ ਤਾਂ ਚਾਰ ਬੰਦੇ ਚੁੱਕ ਕੇ ਸ਼ਮਸ਼ਾਨ ਭੂਮੀ ਵਿਚ ਲੈ ਗਏ। ਰਾਖ ਦੀ ਢੇਰੀ ਬਣ ਗਿਆ, ਪਰ ਜੀਵਨ ਤਾਂ ਇਕ ਪੜਾਅ 'ਤੇ ਵੀ ਨਹੀਂ ਜੀਵਿਆ।

ਮਨੁੱਖਾ ਦੇਹੀ ਦਾ ਮਕਸਦ ਕੀ ਹੈ ? ਅੱਜ ਗੁਰੂ ਰਾਮਦਾਸ ਜੀ ਨੇ ਕਿਹਾ ਹੈ ਕਿ ਪੁੰਨ ਕਰਕੇ ਇਹ ਦੇਹ ਪ੍ਰਾਪਤ ਕੀਤੀ। ਕੀ ਸੁਆਸ ਲੈਣ ਦਾ ਨਾਮ ਹੀ ਜੀਵਨ ਹੈ ? ਕੀ ਸੰਸਾਰ ਦੇ ਸੁੱਖ ਭੋਗਣ ਦਾ ਨਾਮ ਹੀ ਜੀਵਨ ਹੈ ? ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਆਪਣੇ ਦੀਵਾਨ ਵਿਚ ਪਹਿਲਾ ਸ਼ੇਅਰ ਹੀ ਇਹ ਉਚਾਰਨ ਕੀਤਾ ਹੈ ਕਿ ਹੇ ਸਮਰੱਥ ਸਤਿਗੁਰੂ ! ਲੋਕ ਸਮਝਦੇ ਹਨ ਕਿ ਤਨ ਮਿਲਣ ਦਾ ਅਰਥ ਹੈ ਖਾਣਾ, ਪੀਣਾ ਤੇ ਮੌਜ ਕਰਨੀ। ਇਹ ਪਰਤ ਕੇ ਤਨ ਕਿਹੜਾ ਲੱਭਣਾ ਹੈ। ਵਿਕਾਰੀ ਕਹਿੰਦਾ ਹੈ ਕਿ ਜੋ ਕੁਝ ਭੋਗ ਸਕਦੇ ਹੋ, ਭੋਗ ਲਉ। ਇਹ ਦੇਹੀ ਪਰਤ ਕੇ ਮਿਲਣੀ ਨਹੀਂ, ਪਰ ਭਗਤ ਕਹਿੰਦਾ ਹੈ ਕਿ ਜਿੰਨੀ ਸ਼ਬਦ ਦੀ ਕਮਾਈ ਕਰ ਸਕਦਾ ਹੈਂ, ਰੱਜ ਕੇ ਕਰ ਲੈ, ਕਿਉਂਕਿ ਦੇਹੀ ਪਰਤ ਕੇ ਮਿਲਣੀ ਨਹੀਂ।

SIKHBOOKCLUB.COM

ਇਕ ਵਿਕਾਰੀ ਵਾਸ਼ਨਾਵਾਂ ਵਿਚ ਖਚਤ ਹੈ ਪਰ ਭਗਤ ਪ੍ਰਮਾਰਥ ਦੇ ਰਸਤੇ ਵਾਲੇ ਪਾਸੇ ਤੁਰਿਆ ਹੈ। ਉਸ ਨੇ ਆਪਣੀ ਮੰਜ਼ਿਲ ਪਰਮ ਪਿਤਾ ਪ੍ਰਮਾਤਮਾ ਦੀ ਪ੍ਰਾਪਤੀ ਮਿੱਥੀ ਹੈ। ਭਾਈ ਸਾਹਿਬ ਕਹਿਣ ਲੱਗੇ ਕਿ ਹੇ ਸਮਰੱਥ ਸਤਿਗੁਰੂ ! ਇਸ ਤਨ ਵਿਚ ਆਉਣ ਦਾ ਮਨੋਰਥ ਕੀ ਸੀ ਮੇਰਾ ? ਹੇ ਸਤਿਗੁਰੂ ! ਆਪ ਜੀ ਨੇ ਨਿਰਾਕਾਰ ਤੋਂ ਸਾਕਾਰ ਦਾ ਰੂਪ ਧਾਰਨ ਕੀਤਾ। ਆਪ ਜੀ ਨੇ ਪੰਜਾਂ ਤੱਤਾਂ ਦੇ ਚੋਲੇ ਵਿਚ ਆਪਣੀ ਜੋਤ ਨੂੰ ਵਿਦਮਾਨ ਕੀਤਾ ਤੇ ਮੈਂ ਵੀ ਇਸ ਤਨ ਵਿਚ ਇਸ ਕਰਕੇ ਆਇਆ ਸੀ ਕਿ ਤੇਰੇ ਪਵਿੱਤਰ ਤਨ ਦੇ ਕੋਲ ਬੈਠ, ਮੈਂ ਵੀ ਇਸ ਤਨ ਰਾਹੀਂ ਤੇਰੀ ਸੇਵਾ ਕਰ ਸਕਾਂ ਤੇ ਜੇ ਇਹ ਤਨ ਪ੍ਰਾਪਤ ਕਰਕੇ ਤੇਰੀ ਭਗਤੀ ਨਹੀਂ ਕਰਨੀ ਤਾਂ ਮੈਨੂੰ ਇਸ ਸਰੀਰ ਵਿਚ ਰਹਿਣ ਦਾ ਕੋਈ ਸ਼ੌਕ ਨਹੀਂ। ਇਸ ਦਾ ਮਤਲਬ ਭਗਤ ਦਾ ਜੀਵਨ ਬੰਦਗੀ ਹੈ। ਭਾਈ ਸਾਹਿਬ ਦੇ ਸ਼ਬਦ ਹਨ-

*ਹਵਾਏ ਬੰਦਗੀ ਆਵੁਰਦ ਦਰ ਵਜੂਦ ਮਰਾ ॥*

ਹਵਾਏ ਦਾ ਅਰਥ ਹੈ ਤਾਂਘ। ਤੇਰੀ ਬੰਦਗੀ ਦੀ ਤਾਂਘ ਕਰਕੇ ਮੈਂ ਚੋਲਾ ਲਿਆ।

*ਵਗਰਨਹ ਜ਼ੌਕਿ ਚੁਨੀਂ ਆਮਦਨ ਨਬੂਦ ਮਰਾ ॥*

(ਭਾਈ ਨੰਦ ਲਾਲ)

ਜੇ ਤੇਰੀ ਬੰਦਗੀ ਨਹੀਂ ਤਾਂ ਫਿਰ ਮੈਨੂੰ ਇਸ ਤਨ ਵਿਚ ਰਹਿਣ ਦਾ ਕੋਈ ਸ਼ੌਕ ਨਹੀਂ।

ਜਾਣਾ ਅਸੀਂ ਸਭ ਨੇ ਹੈ। ਦੇਹੀ ਸਭ ਦੀ ਸਮੇਟੀ ਜਾਏਗੀ, ਪਰ ਸਫਲ ਦੇਹੀ ਸਾਰਿਆਂ ਦੀ ਨਹੀਂ। ਜਨਮ ਹੋਇਆ, ਮੌਤ ਆਏਗੀ, ਪਰ ਸਫਲਤਾ ਤਾਂ ਉਹਨਾਂ ਨੂੰ ਮਿਲੇਗੀ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਨਾਮ ਨੂੰ ਕਮਾਇਆ ਹੈ।

ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਪਵਿੱਤਰ ਬਚਨ ਕਹੇ ਹਨ। ਉਹ ਕਹਿੰਦੇ ਹਨ ਕਿ ਦੇਖੋ, ਇਕ ਬੇਟੀ ਆਪਣੇ ਪੇਕੇ ਘਰ ਵਿਚ ਮਾਪਿਆਂ ਦੇ ਘਰ ਰਹਿੰਦੀ ਹੈ। ਜਨਮ ਹੋਇਆ, ਮਾਪਿਆਂ ਦੇ ਲਾਡ ਦੇਖੇ। ਭੈਣਾਂ ਭਰਾਵਾਂ ਨੇ ਪਿਆਰ ਦਿੱਤਾ। ਨਾਲ ਦੇ ਰਿਸ਼ਤੇਦਾਰਾਂ ਨੇ ਰੱਜ ਕੇ ਪਿਆਰ ਦਿੱਤਾ। ਭਾਵੇਂ ਬੱਚੀ ਪੇਕੇ ਘਰ ਵਿਚ ਦਿਨ ਚੜ੍ਹੇ ਉੱਠੇ ਤਾਂ ਮਾਂ ਫਿਰ ਵੀ ਲਾਡ ਦਿੰਦੀ ਰਹਿੰਦੀ ਹੈ। ਧੀ ਭਾਵੇਂ ਰਸੋਈ ਵਿਚ ਕੋਈ ਕੰਮ ਨਾ ਕਰ ਸਕੇ, ਕੱਪੜੇ ਨਾ ਸੀਅ ਸਕੇ, ਘਰ ਦਾ ਕੰਮ ਨਾ ਕਰ ਸਕੇ ਪਰ ਮਾਂ ਫਿਰ ਵੀ ਕਹੀ ਜਾਏਗੀ ਕਿ ਮੇਰੀ ਬੱਚੀ ਤੋਂ ਕੋਈ ਵੀ ਚੰਗਾ ਨਹੀਂ।

ਭਾਈ ਸਾਹਿਬ ਕਹਿੰਦੇ ਹਨ ਕਿ ਮਾਪੇ ਕੇਵਲ ਲਾਡ ਦੇਖਦੇ ਹਨ। ਲਾਡ ਵਿਚ ਉਹਨਾਂ ਨੂੰ ਔਗੁਣ ਕਦੀ ਨਹੀਂ ਦਿੱਸਦੇ। ਲਾਡ ਵਿਚ ਤਾਂ ਮਾਪੇ ਬੁਰੇ ਤੋਂ ਬੁਰੇ ਪੁੱਤਰ ਨੂੰ ਵੀ ਕਹੀ ਜਾਂਦੇ ਹਨ ਕਿ ਇਹ ਬਹੁਤਾ ਹੀ ਚੰਗਾ ਹੈ।

ਪੇਕੇ ਘਰ ਵਿਚ ਲਾਡ ਦੇਖਿਆ ਜਾਂਦਾ ਹੈ, ਪਰ ਸਹੁਰੇ ਘਰ ਵਿਚ ਲਾਡ ਨਹੀਂ ਦੇਖਿਆ ਜਾਣਾ। ਸਹੁਰੇ ਘਰ ਵਿਚ ਤਾਂ ਔਰਤ ਦੇ ਗੁਣਾਂ ਕਰਕੇ ਕੀਮਤ ਪੈਂਦੀ ਹੈ। ਇਹ ਦੇਹੀ ਪੇਕੇ ਘਰ ਵਿਚ ਵਿਚਰਦੀ ਹੈ। ਇਥੇ ਮਾਇਆ ਦੇ ਕਲੋਲ ਦੇਖੇ ਜਾਂਦੇ ਹਨ। ਇਥੇ ਕੇਵਲ ਧਨ ਪਦਾਰਥਾਂ ਦੀ ਖੇਡ ਦੇਖੀ ਜਾਂਦੀ ਹੈ, ਪਰ ਪ੍ਰਮਾਤਮਾ ਦੇ ਘਰ ਵਿਚ ਇਹ ਨਹੀਂ ਪੁੱਛਿਆ ਜਾਣਾ ਕਿ ਤੂੰ ਦੁਨੀਆਂ ਵਿਚ ਕਿੰਨਾ ਕੁ ਕਮਾ ਕੇ ਰੱਖ ਕੇ ਆਇਆ ਹੈਂ। ਇਥੇ ਮਾਇਆ ਦੇ ਲਾਡ ਹਨ, ਪ੍ਰਮਾਤਮਾ ਦੇ ਘਰ ਵਿਚ ਤਾਂ ਕੇਵਲ ਬੰਦਗੀ ਤੇ ਗੁਣ ਦੀ ਹੀ ਕੀਮਤ ਪਏਗੀ। ਸੂਰਮਾ ਉਹ ਹੈ ਜਿਹੜਾ ਇਥੇ ਵਿਕਾਰਾਂ ਤੇ ਵਾਸ਼ਨਾਵਾਂ ਨੂੰ ਜਿੱਤ ਕੇ ਪ੍ਰਮਾਤਮਾ ਦੇ ਘਰ ਵਿਚ ਪ੍ਰਵਾਨ ਹੋ ਗਿਆ।

ਸਰੀਰ ਘੋੜੀ ਹੈ। ਬੜੇ ਵੱਡੇ ਭਾਗ ਹਨ ਕਿ ਇਸ ਸਰੀਰ ਨੂੰ ਇਸ ਘੋੜੀ ਦੀ ਪ੍ਰਾਪਤੀ ਹੋਈ ਹੈ।

*ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ॥*

ਮਨੁੱਖਾ ਜਨਮ ਵੱਡੇ ਪੁੰਨ ਕਰਕੇ ਪਾਇਆ ਹੈ। ਇਹ ਦੇਹ ਸੋਨੇ ਵਰਗੀ ਹੈ। ਇਹ ਬੜੀ ਚੰਗੀ ਹੈ।

*ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵਰੰਗੜੀਆ॥*

ਉਹ ਹੀ ਦੇਹੀ ਚੰਗੀ ਹੈ ਜਿਸ ਦੇਹੀ ਨੇ ਗੁਰੂ ਜੀ ਦੇ ਸਨਮੁਖ ਹੋ ਕੇ ਅੰਦਰ ਗੂੜ੍ਹਾ ਨਾਮ ਦਾ ਰੰਗ ਚੜ੍ਹਾ ਲਿਆ। ਜਿਸ ਦੇ ਅੰਦਰ ਪ੍ਰਮਾਤਮਾ ਦੇ ਨਾਮ ਦਾ ਗੂੜ੍ਹਾ ਰੰਗ ਚੜ੍ਹ ਗਿਆ,

ਪਿਆਰਿਉ ! ਉਹੀ ਸੋਨੇ ਰੰਗ ਵਾਲੀ ਨਵੀਂ ਦੇਹੀ ਹੈ।

*ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ ॥*

ਇਹ ਦੇਹੀ ਉਹ ਹੀ ਸੋਹਣੀ ਹੈ ਜਿਸ ਦੇਹੀ ਵਿਚ ਪ੍ਰਮਾਤਮਾ ਦੀ ਬੰਦਗੀ ਹੋਵੇ।

*ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥ ੧ ॥*

ਵੱਡੇ ਭਾਗਾਂ ਨਾਲ ਇਸ ਦੇਹੀ ਦੀ ਪ੍ਰਾਪਤੀ ਹੋਈ। ਨਾਮ ਕਰਕੇ ਹੀ ਇਹ ਦੇਹੀ ਸੁਭਾਇਮਾਨ ਹੈ। ਉਸ ਪਰਮ ਪਿਤਾ ਪ੍ਰਮਾਤਮਾ ਨੇ ਤਰੁੱਠ ਕੇ ਸਾਨੂੰ ਇਹ ਪਵਿੱਤਰ ਦੇਹੀ ਬਖ਼ਸ਼ ਦਿੱਤੀ। ਇਹ ਹੈ ਪਹਿਲਾ ਪਦਾ।

*ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ ॥*

ਹੁਣ ਆਮ ਤੌਰ 'ਤੇ ਪੁਰਾਤਨ ਸੱਜਣ ਜਦੋਂ ਘੋੜੀ 'ਤੇ ਸਫ਼ਰ ਕਰਦੇ ਸਨ ਤਾਂ ਉਸ ਉੱਤੇ ਕਾਠੀ ਪਾਈ ਜਾਂਦੀ ਸੀ। ਕਹਿਣ ਲੱਗੇ ਕਿ ਸਰੀਰ ਘੋੜੀ ਹੈ। ਇਸ ਉੱਪਰ ਕਾਠੀ ਕੀ ਪਾਉਣੀ ਹੈ ? 'ਚੰਗਾ ਰਾਮ' ਦਾ ਅਰਥ ਹੈ ਕਿ ਤੇਰੇ ਅੰਦਰ ਇਹ ਸੋਝੀ ਆ ਜਾਏ ਕਿ ਪ੍ਰਮਾਤਮਾ ਜੋ ਕੁਝ ਕਰਦਾ ਹੈ, ਉਹ ਚੰਗਾ ਹੀ ਕਰਦਾ ਹੈ। ਜਿਸ ਦਿਨ ਭਾਣੇ ਨੂੰ ਚੰਗਾ ਕਰਕੇ ਮੰਨਣ ਲੱਗ ਪਵੇਂ ਤਾਂ ਸੱਚ ਜਾਣੀਂ, ਉਸ ਦਿਨ ਘੋੜੀ ਦੇ ਉੱਪਰ ਤੂੰ ਕਾਠੀ ਪਾ ਲੈਂਦਾ ਹੈਂ। ਚੰਗਾ ਕਰਕੇ ਮੰਨ। ਪ੍ਰਮਾਤਮਾ ਜੋ ਕੁਝ ਵੀ ਤੇਰੇ ਲਈ ਕਰੇ, ਉਸ ਨੂੰ ਕਦੀ ਬੁਰਾ ਨਾ ਸੋਚ, ਚੰਗਾ ਜਾਣ।

SIKHBOOKCLUB.COM

*ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ ॥*

*ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ ॥*

ਉਸ ਨੂੰ ਜੇ ਤੂੰ ਚੰਗਾ ਮੰਨੇਗਾ ਤਾਂ ਹੀ ਇਸ ਦੇਹ ਰੂਪੀ ਘੋੜੀ ਦੀ ਅਸਵਾਰੀ ਕਰੀਂ, ਪਰ ਚੰਗਾ, ਭਾਣਾ, ਸਤਿ, ਹੁਕਮ, ਭਲਾ, ਇਹ ਮੰਨ ਕੇ ਹੀ ਇਸ ਨੂੰ ਤਰ ਸਕੇਂਗਾ। ਹੁਣ ਇਹ ਸਫ਼ਰ ਕਿੰਨਾ ਬਿਖਮ ਹੈ। ਇਥੇ ਵਿਸ਼ੇ-ਵਿਕਾਰਾਂ ਦੀਆਂ ਲਹਿਰਾਂ ਹਨ। ਇਥੇ ਵਾਸ਼ਨਾਵਾਂ ਦੀਆਂ ਲਹਿਰਾਂ ਹਨ। ਸਰੀਰ ਘੋੜੀ ਹੈ, ਪਰ ਕਹਿਣ ਲੱਗੇ ਕਿ ਗੁਰੂ ਜੀ ਦੇ ਸਨਮੁਖ ਕੋਈ ਹੋ ਜਾਏ ਤਾਂ ਗੁਰਮੁਖ ਹੀ ਇਹਨਾਂ ਅਨੇਕਾਂ ਤਰੰਗਾਂ ਨੂੰ ਬਿਖਮ ਮਾਰਗ, ਇਸ ਨਾ ਤਰੇ ਜਾਣ ਵਾਲੇ ਸਾਗਰ ਨੂੰ ਤਰ ਸਕਦਾ ਹੈ।

*ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ ॥*

ਉਹ ਵੱਡਿਆਂ ਭਾਗਾਂ ਵਾਲਾ ਹੈ ਜਿਹੜਾ ਪ੍ਰਮਾਤਮਾ ਦੇ ਨਾਮ ਦੇ ਜਹਾਜ਼ ਵਿਚ ਬੈਠਦਾ ਹੈ ਤੇ ਗੁਰੂ ਮਲਾਹ ਬਣ ਕੇ ਇਸ ਦੀ ਜ਼ਿੰਦਗੀ ਦੇ ਬੇੜੇ ਨੂੰ ਦੂਜੇ ਕਿਨਾਰੇ ਲਾਉਂਦਾ ਹੈ।

*ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ ॥*

ਜਿਸ ਉੱਪਰ ਪ੍ਰਮਾਤਮਾ ਦੀ ਦਇਆ ਹੋ ਗਈ, ਉਹ ਦਿਨ ਰਾਤ ਪਿਆਰ ਵਿਚ ਭਿੱਜ ਕੇ ਉਸ ਹਰੀ ਪ੍ਰਮਾਤਮਾ ਦੇ ਗੁਣਾਂ ਨੂੰ ਗਾਇਨ ਕਰਦਾ ਹੈ।

*ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦ ਚੰਗਾ ॥੨॥*

ਧੰਨ ਗੁਰੂ ਰਾਮਦਾਸ ਜੀ ਮੇਹਰ ਕਰਦੇ ਹਨ ਕਿ ਸਭ ਤੋਂ ਉੱਤਮ ਪੱਦ ਹੈ ਨਿਰਬਾਣ ਪਦ। ਨਿਰਬਾਣ ਦਾ ਅਰਥ ਅਸੀਂ ਇਹੀ ਕਰਦੇ ਹਾਂ ਕਿ ਜਿੱਥੇ ਕੋਈ ਵੀ ਵਾਸ਼ਨਾ ਨਾ ਰਹਿ ਜਾਏ।

*ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥*

ਹੁਣ ਦੇਹ ਘੋੜੀ ਹੈ। ਕਾਠੀ ਪਾ ਦਿੱਤੀ ਪ੍ਰਮਾਤਮਾ ਦਾ ਹੁਕਮ ਮੰਨਣ ਦੀ। ਹੁਣ ਇਸ ਨੂੰ ਲਗਾਮ ਵੀ ਚਾਹੀਦੀ ਹੈ। ਕਹਿੰਦੇ ਹਨ ਕਿ ਦੇਹੀ ਆਪ-ਹੁਦਰਾ-ਪਨ ਕਰਦੀ ਹੈ। ਭਾਈ ! ਇਸ ਦੇਹੀ ਦੇ ਮੂੰਹ ਵਿਚ ਗੁਰੂ ਦੇ ਗਿਆਨ ਦੀ ਕੜਿਆਲ ਪਾ, ਲਗਾਮ ਪਾ। ਜਿਸ ਕੋਲ ਗੁਰੂ ਦੇ ਗਿਆਨ ਦੀ ਲਗਾਮ ਆ ਗਈ, ਉਹ ਦੇਹੀ ਫਿਰ ਆਪ-ਹੁਦਰੀ ਕਦੀ ਨਹੀਂ ਰਹਿੰਦੀ।

*ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥*

ਹੁਣ ਕਈ ਵਾਰੀ ਜਦੋਂ ਘੋੜੀ ਤੁਰਦੀ ਨਹੀਂ ਤਾਂ ਉਦੋਂ ਚਾਬਕ ਲਾਇਆ ਜਾਂਦਾ ਹੈ। ਕਹਿੰਦੇ ਹਨ ਕਿ ਇਸ ਦੇ ਤਨ ਨੂੰ ਜਿਹੜਾ ਚਾਬਕ ਲਾਇਆ, ਉਹ ਪ੍ਰੇਮ ਦਾ ਹੈ। ਉਹ ਚਾਬਕ ਦੁੱਖ ਨਹੀਂ ਦਿੰਦਾ। ਆਮ ਚਾਬਕ ਨਾਲ ਜਦੋਂ ਕੋਈ ਘੋੜੀ ਨੂੰ ਮਾਰਦਾ ਹੈ ਤਾਂ ਉਸ ਉੱਪਰ ਨਿਸ਼ਾਨ ਪੈ ਜਾਂਦੇ ਹਨ, ਪਰ ਜਿਹੜਾ ਗੁਰੂ ਦੇ ਪ੍ਰੇਮ ਦਾ ਚਾਬਕ ਹੈ, ਉਹ ਦਰਦ ਨੂੰ ਜਨਮ ਨਹੀਂ ਦਿੰਦਾ। ਪ੍ਰੇਮ ਦਾ ਚਾਬਕ ਤਾਂ ਮਿਲਾਪ ਨੂੰ ਜਨਮ ਦਿੰਦਾ ਹੈ। ਹਜ਼ੂਰ ਨੇ ਫ਼ੁਰਮਾਇਆ ਹੈ ਕਿ ਗਿਆਨ ਦਾ ਕੜਿਆਲ ਤੇ ਪ੍ਰੇਮ ਦਾ ਚਾਬਕ ਇਸ ਤਨ ਨੂੰ ਲਾਇਆ ਹੈ।

*ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥*

ਪ੍ਰੇਮ ਦਾ ਚਾਬਕ ਲਾ ਕੇ ਅਤੇ ਗੁਰੂ ਦੇ ਸਨਮੁਖ ਹੋ ਕੇ ਇਸ ਮਨ ਨੂੰ ਜਿੱਤ ਲਿਆ।

*ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥*

ਅਘੜਿਆ ਹੋਇਆ ਮਨ ਗੁਰੂ ਨੇ ਕ੍ਰਿਪਾ ਕੀਤੀ ਤੇ ਇਹ ਘੜਿਆ ਗਿਆ। ਉਹ ਨਾਮ ਰੱਸ ਜਿਹੜਾ ਅੱਜ ਤੱਕ ਚੱਖਿਆ ਨਹੀਂ ਸੀ, ਉਸ ਨੂੰ ਚੱਖ ਲਿਆ।

*ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥*

ਤੁਰੀ ਦਾ ਅਰਥ ਹੈ ਘੋੜੀ। ਕਹਿੰਦੇ ਹਨ ਕਿ ਘੋੜੀ ਦੇ ਉੱਤੇ ਰੰਗਦਾਰ ਕੱਪੜੇ ਪਾਉਣੇ, ਉਸ ਦੇ ਜਿਸਮ ਉੱਤੇ ਰੰਗ ਕਰਨਾ, ਕਿ ਜੇ ਇਸ ਤਨ ਘੋੜੀ ਨੂੰ ਸ਼ਿੰਗਾਰਨਾ ਹੈ ਤਾਂ ਉਹ ਬਾਣੀ ਸੁਣ, ਜਿਹੜੀ ਗੁਰੂ ਨੇ ਵਖਾਣੀ ਹੈ। ਜੇ ਸੁਣੇਗਾ ਤਾਂ ਤੇਰੀ ਦੇਹੀ ਉੱਤੇ ਰੰਗ ਚੜ੍ਹ ਜਾਏਗਾ।

*ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩॥*

ਧੰਨ ਗੁਰੂ ਰਾਮਦਾਸ ਜੀ ਇਸ ਪਦੇ ਦੀ ਸੰਪੰਨਤਾ 'ਤੇ ਕਹਿ ਰਹੇ ਹਨ ਕਿ ਮਾਰਗ ਬੜਾ ਬਿਖਮ ਹੈ ਪਰ ਸਮਰੱਥ ਦਾਤੇ ਨੇ ਮੇਹਰ ਕੀਤੀ ਤੇ ਇਸ ਮਾਰਗ ਤੋਂ ਸਾਨੂੰ ਪਾਰ ਕਰ ਦਿੱਤਾ।

*ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ ॥*

ਇਹ ਸਰੀਰ ਰੂਪੀ ਘੋੜੀ ਪਰੀਪੂਰਨ ਪ੍ਰਮਾਤਮਾ ਨੇ ਆਪ ਪੈਦਾ ਕੀਤੀ ਹੈ।

*ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ॥*

ਇਸ ਦੇਹੀ ਨਾਲ ਪ੍ਰਮਾਤਮਾ ਦੇ ਨਾਮ ਨੂੰ ਜੱਪਿਆ ਜਾਣਾ ਹੈ। ਕਹਿੰਦੇ ਹਨ ਕਿ ਉਹੀ ਦੇਹੀ ਧੰਨਤਾ ਯੋਗ ਹੋ ਜਾਏਗੀ, ਜਿਸ ਦੇਹੀ ਨਾਲ ਪ੍ਰਮਾਤਮਾ ਨੂੰ ਜੱਪਿਆ ਜਾਏਗਾ।

*ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ॥*

ਹੇ ਭਾਈ ! ਇਹ ਜੋ ਪ੍ਰਮਾਤਮਾ ਨੇ ਧੁਰ ਦਰਗਾਹ ਤੋਂ ਲਿਖਿਆ ਸੀ, ਉਹ ਇਕ ਰਹਿਮਤ ਹੋ ਗਈ ਤੇ ਸਮਰੱਥ ਗੁਰੂ ਮਿਲ ਗਿਆ। ਉਸ ਸਰੀਰ ਨੂੰ, ਉਸ ਦੇਹੀ ਨੂੰ ਸ਼ਾਬਾਸ਼ ਮਿਲੀ।

*ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ॥*

ਸਤਿਗੁਰੂ ਬਖ਼ਸ਼ਿਸ਼ ਕਰਦੇ ਹਨ ਕਿ ਇਸ ਦੇਹ ਰੂਪੀ ਘੋੜੀ ਉੱਤੇ ਚੜ੍ਹਾ ਕੇ ਇਕ ਬਿਖੜਾ ਸਫ਼ਰ ਗੁਰੂ ਜੀ ਨੇ ਪਾਰ ਲੰਘਾ ਦਿੱਤਾ ਤੇ ਇਸ ਨਾਲ ਪਰਮ ਆਨੰਦ ਦੀ ਪ੍ਰਾਪਤੀ ਹੋਈ।

*ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ॥*

ਕਹਿੰਦੇ ਹਨ, ਉਸ ਪਰੀਪੂਰਨ ਪ੍ਰਮਾਤਮਾ ਨੇ ਮਿਲਾਪ ਦਾ ਕਾਜ ਰਚਾ ਦਿੱਤਾ। ਸੰਤ ਜਨਾਂ ਦੀ ਜੰਞ ਆ ਗਈ। ਪਿਆਰਿਉ ! ਉਸ ਜੰਞ ਨੇ ਫਿਰ ਵਧਾਈ ਦਿੱਤੀ ਤੇ ਤੂੰ ਆਪਣੇ ਜੀਵਨ ਨੂੰ ਸਫਲ ਕੀਤਾ ਹੈ।

*ਜਨ ਨਾਨਕ ਹਰਿ ਵਰੁ ਪਾਇਆ*
*ਮੰਗਲੁ ਮਿਲਿ ਸੰਤ ਜਨਾ ਵਾਧਾਈ॥ ੪॥ ੧॥ ੫॥*

ਹਜ਼ੂਰ ਕਹਿ ਰਹੇ ਹਨ, ਭਾਈ ! ਦੇਖੋ ਉਹ ਪਰੀਪੂਰਨ ਪ੍ਰਮਾਤਮਾ ਖਸਮ ਤੈਨੂੰ ਮਿਲ ਗਿਆ ਹੈ। ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਮੇਹਰ ਕਰਨ। ਸਾਨੂੰ ਵੀ ਅੰਦਰ ਦੀ ਸੋਝੀ ਬਖ਼ਸ਼ਸ਼ ਤਾਂ ਜੋ ਇਸ ਦੇਹੀ ਨੂੰ, ਇਸ ਸਮੇਂ ਨੂੰ ਅਸੀਂ ਸਫਲ ਕਰ ਸਕੀਏ। ਬੇਅੰਤ ਭੁੱਲਾਂ ਹੋਈਆਂ ਹਨ, ਸਾਧਸੰਗਤ ਜੀ ! ਆਪ ਨੇ ਕ੍ਰਿਪਾ ਕਰਕੇ ਬਖ਼ਸ਼ ਦੇਣੀਆਂ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

ਇਹ ਸਰੀਰ ਰੂਪੀ ਘੋੜੀ ਪਰੀਪੂਰਨ ਪ੍ਰਮਾਤਮਾ ਨੇ ਆਪ ਪੈਦਾ ਕੀਤੀ ਹੈ।

*ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ॥*

ਇਸ ਦੇਹੀ ਨਾਲ ਪ੍ਰਮਾਤਮਾ ਦੇ ਨਾਮ ਨੂੰ ਜੱਪਿਆ ਜਾਣਾ ਹੈ। ਕਹਿੰਦੇ ਹਨ ਕਿ ਉਹੀ ਦੇਹੀ ਧੰਨਤਾ ਯੋਗ ਹੋ ਜਾਏਗੀ, ਜਿਸ ਦੇਹੀ ਨਾਲ ਪ੍ਰਮਾਤਮਾ ਨੂੰ ਜੱਪਿਆ ਜਾਏਗਾ।

*ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ॥*

ਹੇ ਭਾਈ ! ਇਹ ਜੋ ਪ੍ਰਮਾਤਮਾ ਨੇ ਧੁਰ ਦਰਗਾਹ ਤੋਂ ਲਿਖਿਆ ਸੀ, ਉਹ ਇਕ ਰਹਿਮਤ ਹੋ ਗਈ ਤੇ ਸਮਰੱਥ ਗੁਰੂ ਮਿਲ ਗਿਆ। ਉਸ ਸਰੀਰ ਨੂੰ, ਉਸ ਦੇਹੀ ਨੂੰ ਸ਼ਾਬਾਸ਼ ਮਿਲੀ।

*ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ॥*

ਸਤਿਗੁਰੂ ਬਖ਼ਸ਼ਿਸ਼ ਕਰਦੇ ਹਨ ਕਿ ਇਸ ਦੇਹ ਰੂਪੀ ਘੋੜੀ ਉੱਤੇ ਚੜ੍ਹਾ ਕੇ ਇਕ ਬਿਖੜਾ ਸਫ਼ਰ ਗੁਰੂ ਜੀ ਨੇ ਪਾਰ ਲੰਘਾ ਦਿੱਤਾ ਤੇ ਇਸ ਨਾਲ ਪਰਮ ਆਨੰਦ ਦੀ ਪ੍ਰਾਪਤੀ ਹੋਈ।

*ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ॥*

ਕਹਿੰਦੇ ਹਨ, ਉਸ ਪਰੀਪੂਰਨ ਪ੍ਰਮਾਤਮਾ ਨੇ ਮਿਲਾਪ ਦਾ ਕਾਜ ਰਚਾ ਦਿੱਤਾ। ਸੰਤ ਜਨਾਂ ਦੀ ਜੰਞ ਆ ਗਈ। ਪਿਆਰਿਉ ! ਉਸ ਜੰਞ ਨੇ ਫਿਰ ਵਧਾਈ ਦਿੱਤੀ ਤੇ ਤੂੰ ਆਪਣੇ ਜੀਵਨ ਨੂੰ ਸਫਲ ਕੀਤਾ ਹੈ।

*ਜਨ ਨਾਨਕ ਹਰਿ ਵਰੁ ਪਾਇਆ*
*ਮੰਗਲੁ ਮਿਲਿ ਸੰਤ ਜਨਾ ਵਾਧਾਈ॥ ੪॥ ੧॥ ੫॥*

ਹਜ਼ੂਰ ਕਹਿ ਰਹੇ ਹਨ, ਭਾਈ ! ਦੇਖੋ ਉਹ ਪਰੀਪੂਰਨ ਪ੍ਰਮਾਤਮਾ ਖਸਮ ਤੈਨੂੰ ਮਿਲ ਗਿਆ ਹੈ। ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਮੇਹਰ ਕਰਨ। ਸਾਨੂੰ ਵੀ ਅੰਦਰ ਦੀ ਸੋਝੀ ਬਖ਼ਸ਼ਸ਼ ਤਾਂ ਜੋ ਇਸ ਦੇਹੀ ਨੂੰ, ਇਸ ਸਮੇਂ ਨੂੰ ਅਸੀਂ ਸਫਲ ਕਰ ਸਕੀਏ। ਬੇਅੰਤ ਭੁੱਲਾਂ ਹੋਈਆਂ ਹਨ, ਸਾਧਸੰਗਤ ਜੀ ! ਆਪ ਨੇ ਕ੍ਰਿਪਾ ਕਰਕੇ ਬਖ਼ਸ਼ ਦੇਣੀਆਂ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

# ਗੁਰ ਅਰਜੁਨ ਗੁਣ ਸਹਜਿ ਬਿਚਾਰੰ

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਅਰਜਨ ਦੇਵ ਜੀ ਦੀ ਸਿਫ਼ਤ ਵਿਚ ਜਿਥੇ ਇਤਿਹਾਸਕਾਰਾਂ ਨੇ ਆਪਣੀ ਸੂਝ ਮੁਤਾਬਿਕ ਸਿਫ਼ਤ ਸਲਾਹ ਉਸਤਤ ਕੀਤੀ ਹੈ, ਉਥੇ ਖ਼ਾਸ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ ਜੋ ਸਮਕਾਲੀ ਪ੍ਰਭੂ ਪਿਆਰੇ ਹੋਏ ਹਨ, ਜੋ ਕੁਝ ਉਹਨਾਂ ਨੇ ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਜੀਵਨ ਵਿਚੋਂ ਨੇਤਰਾਂ ਨਾਲ ਦੇਖਿਆ, ਉਹੀ ਕੁਝ ਉਹਨਾਂ ਦੀ ਰਸਨਾ ਨੇ ਬਿਆਨ ਕੀਤਾ। ਇਹਨਾਂ ਦੇ ਵਿਚੋਂ ਇਕ ਤਾਂ ਅਸੀਂ ਰਾਮਕਲੀ ਦੀ ਵਾਰ ਪੜ੍ਹਦੇ ਹਾਂ। ਦੂਜਾ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ ਭੱਟ ਸਾਹਿਬਾਨ ਜੀ ਦੀ ਰਸਨਾ ਤੋਂ ਉਚਾਰਨ ਕੀਤੇ ਹੋਏ ਸਵੱਯੇ ਹਨ। ਗੁਰੂ ਅਰਜਨ ਦੇਵ ਜੀ ਦੀ ਸਿਫ਼ਤ ਵਿਚ ਜੋ ਪਹਿਲਾ ਸਵੱਯਾ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ ਭੱਟ ਕਲ੍ਯ ਜੀ ਦਾ, ਉਸ ਤੋਂ ਅਸੀਂ ਆਰੰਭਤਾ ਕਰਦੇ ਹਾਂ। ਭੱਟ ਸਾਹਿਬ ਪਹਿਲਾ ਬਚਨ ਗੁਰੂ ਅਰਜਨ ਦੇਵ ਜੀ ਦੀ ਸਿਫ਼ਤ ਵਿਚ ਉਚਾਰਨ ਕਰਦੇ ਹਨ-

*ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ॥*
*ਜਿਸੁ ਸਿਮਰਤ ਦੁਰਮਤਿ ਮਲੁ ਨਾਸੀ॥*
*ਸਤਿਗੁਰ ਚਰਣ ਕਵਲ ਰਿਦਿ ਧਾਰੰ॥*
*ਗੁਰ ਅਰਜੁਨ ਗੁਣ ਸਹਜਿ ਬਿਚਾਰੰ॥*

(ਅੰਗ ੧੪੦੬)

ਇਕ ਸਵੱਈਆ ਤੁਸੀਂ ਗੁਰੂ ਰਾਮਦਾਸ ਜੀ ਦੀ ਸਿਫ਼ਤ ਵਿਚ ਸੁਣਦੇ ਹੋ। ਉਹ ਸਵੱਯਾ ਹੈ-

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ॥*

ਇਸ ਸਵੱਯੇ ਵਿਚੋਂ ਵੀ ਝਲਕ ਪੈਂਦੀ ਹੈ ਕਿ ਭੱਟ ਸਾਹਿਬਾਨ ਨੂੰ ਗੁਰੂ ਸੰਗਤ ਵਿਚੋਂ ਕੀ ਸਕੂਨ ਮਿਲਿਆ ਤੇ ਉਸ ਸਕੂਨ ਨੂੰ ਉਹਨਾਂ ਨੇ ਆਪਣੀ ਰਸਨਾ ਤੋਂ ਉਚਾਰਿਆ-

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ॥ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ*

ਇਸ ਦਾ ਮਤਲਬ ਸਾਰੇ ਰਸਤਿਆਂ ਤੋਂ, ਸਾਰੇ ਮਾਰਗਾਂ ਤੋਂ ਉੱਤਮ ਪੰਥ ਧੰਨ ਗੁਰੂ ਨਾਨਕ ਸਾਹਿਬ ਦੀ ਸਤਿਸੰਗਤ ਉਹਨਾਂ ਨੂੰ ਮਿਲੀ।

*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥*

(ਅੰਗ ੧੪੦੬)

ਭੱਟ ਸਾਹਿਬ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਕੁਝ ਦੇਖਿਆ ਤੇ ਸੁਣਿਆ, ਪਰ ਇਹਨਾਂ ਵਿਦਵਾਨ ਸੱਜਣਾਂ ਦੇ ਅੰਦਰ ਨੂੰ ਸ਼ਾਂਤੀ, ਅੰਦਰ ਨੂੰ ਟਿਕਾਅ, ਅੰਦਰ ਨੂੰ ਸੁੱਖ ਉਸ ਦਿਨ ਮਿਲਿਆ ਜਿਸ ਦਿਨ ਇਹ ਉੱਤਮ ਪੰਥ ਧੰਨ ਗੁਰੂ ਨਾਨਕ ਸਾਹਿਬ ਦੀ ਸਤਿਸੰਗਤ ਵਿਚ, ਗੁਰੂ ਘਰ ਦੇ ਵਿਚ ਆਇਆ। ਫਿਰ ਭੱਟ ਸਾਹਿਬ ਜੀ ਨੇ ਇਕ ਥਾਂ 'ਤੇ ਪੋਥੀਆਂ ਤੋਂ ਗ੍ਰੰਥ ਰੂਪ ਵਿਚ ਅੰਕਿਤ ਕਰ ਦਿੱਤਾ। ਉਥੇ ਭੱਟ ਜੀ ਨੇ ਆਪਣੀ ਮੁਬਾਰਕ ਰਸਨਾ ਤੋਂ ਇਹ ਬਚਨ ਕਹੇ— ਧੰਨ ਗੁਰੂ ਅਰਜਨ ਦੇਵ ਜੀ ! ਅਸੀਂ ਤੁਹਾਡੀ ਸਿਫ਼ਤ ਵਿਚ ਕੁਝ ਬਚਨ ਕਹਿਣ ਲੱਗੇ ਹਾਂ। ਪਹਿਲਾ ਬਚਨ ਉਹਨਾਂ ਨੇ ਕਿਹਾ ਕਿ ਆਪ ਜੀ ਦੇ ਗੁਣ, ਆਪ ਜੀ ਦੀ ਉਸਤਤ ਕਰਨ ਤੋਂ ਪਹਿਲਾਂ ਧੰਨ ਗੁਰੂ ਅਰਜਨ ਦੇਵ ਮਹਾਰਾਜ ! ਅਸੀਂ ਪਰੀਪੂਰਨ ਪ੍ਰਮਾਤਮਾ ਦਾ ਸਿਮਰਨ ਕਰਦੇ ਹਾਂ ਤੇ ਪ੍ਰਮਾਤਮਾ ਦੇ ਚਿੰਤਨ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਤੁਹਾਡੇ ਗੁਣ ਕਹਿਣ ਲੱਗੇ ਹਾਂ। ਮਹਾਰਾਜ ਜੀ ਦੀ ਸਿਫ਼ਤ ਵਿਚ ਪਹਿਲਾ ਬਚਨ ਉਹਨਾਂ ਨੇ ਕਿਹਾ-

*ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ॥*

(ਅੰਗ ੧੪੦੬)

ਪੁਰਖੁ ਦਾ ਅਰਥ ਹੈ ਅਕਾਲ ਪੁਰਖ। ਉਸ ਕਰਤੇ ਪੁਰਖ ਵਾਹਿਗੁਰੂ ਨੂੰ ਅਸੀਂ ਸਿਮਰਦੇ ਹਾਂ। ਕਿਸ ਨੂੰ ? ਜੋ ਅਚਲ ਹੈ। ਅਚਲ ਦਾ ਅਰਥ ਹੈ ਜਿਸ ਨੇ ਕਦੀ ਜਾਣਾ ਹੈ। ਬਾਕੀ ਸਾਰਾ ਸੰਸਾਰ ਚਲਾਏਮਾਨ ਹੈ। ਇਸ ਨੇ ਇਕ ਦਿਨ ਚਲੇ ਜਾਣਾ ਹੈ ਪਰ ਕਰਤਾ ਪੁਰਖ ਵਾਹਿਗੁਰੂ ਜਿਸ ਦਿਨ ਧਰਤੀ 'ਤੇ ਕੁਝ ਵੀ ਨਹੀਂ ਸੀ, ਉਸ ਦਿਨ ਵੀ ਕਰਤਾ ਪੁਰਖ ਸੀ, ਅੱਜ ਵੀ ਉਹ ਮੌਜੂਦ ਹੈ, ਤੇ ਜਦੋਂ ਸਭ ਕੁਝ ਖ਼ਤਮ ਹੋ ਜਾਏਗਾ ਪਿਆਰਿਉ ! ਉਦੋਂ ਵੀ ਕਰਤਾ ਪੁਰਖ ਵਾਹਿਗੁਰੂ ਦੀ ਹੋਂਦ ਕਾਇਮ ਰਹੇਗੀ। ਕਿਉਂਕਿ ਉਹ ਅਚਲ ਹੈ। ਕਿੰਨਾ ਕੁ ਅਚਲ ? ਸੂਰਜ ਜੁੱਗਾਂ ਤੋਂ ਆਪਣੀ ਰੌਸ਼ਨੀ ਦੇ ਰਿਹਾ ਹੈ। ਸਤਿਜੁਗ ਵਿਚ ਵੀ ਇਹ ਸੂਰਜ ਸੀ। ਦੁਆਪਰ, ਤਰੇਤਾ, ਕਲਿਯੁੱਗ ਵਿਚ ਵੀ ਇਹ ਸੂਰਜ ਹੈ। ਪਰ ਇਹ ਸੂਰਜ ਜਿਹੜਾ ਯੁੱਗਾਂ ਤੋਂ ਆਪਣਾ ਪ੍ਰਕਾਸ਼ ਦੇ ਰਿਹਾ ਹੈ, ਧੰਨ ਗੁਰੂ ਨਾਨਕ ਸਾਹਿਬ ਦੇ ਅੰਮ੍ਰਿਤ ਬੋਲ ਹਨ ਕਿ ਇਕ ਦਿਨ ਇਹ

ਸੂਰਜ ਵੀ ਅਲੋਪ ਹੋ ਜਾਏਗਾ। ਇਹ ਚਲਾਇਮਾਨ ਹੈ।

ਚੰਦਰਮਾ ਹੈ। ਇਸ ਦੀ ਚਾਂਦਨੀ ਵਿਚ ਸ਼ੀਤਲਤਾ ਹੈ। ਇਸ ਦੇ ਵਿਚ ਵੀ ਖਿੱਚ ਹੈ। ਉਹ ਸੂਰਜ ਤੇ ਚੰਦਰਮਾ ਜਿਹੜੇ ਮੁੱਦਤਾਂ ਤੋਂ ਆਪਣੀਆਂ ਕਿਰਨਾਂ ਧਰਤੀ ਉੱਪਰ ਬਿਖੇਰ ਰਹੇ ਹਨ, ਧੰਨ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਇਕ ਦਿਨ ਇਹ ਵੀ ਨਾਸ਼ ਹੋਣਗੇ। ਗੁਰੂ ਨਾਨਕ ਸਾਹਿਬ ਜੀ ਦਾ ਇਕ ਬਚਨ ਆਉਂਦਾ ਹੈ-

*ਦਿਨ ਰਵਿ ਚਲੈ ਨਿਸਿ ਸਸਿ ਚਲੈ*

(ਅੰਗ ੬੪)

ਇਹ ਸ੍ਰੀ ਰਾਗ ਵਿਚ ਸ਼ਬਦ ਹੈ-

*ਮੁਕਾਮ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥*
*ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥*

(ਅੰਗ ੬੪)

*ਦਿਨ ਰਵਿ ਚਲੈ*

ਦਿਨੇ ਸੂਰਜ ਚੱਲਿਆ ਜਾ ਰਿਹਾ ਹੈ, ਆਪਣੀ ਉਮਰ ਭੋਗ ਰਿਹਾ ਹੈ।

*ਨਿਸਿ ਸਸਿ ਚਲੈ*

ਰਾਤ ਆਉਂਦੀ ਹੈ ਤੇ ਚੰਦਰਮਾ ਆਪਣੀ ਚਾਲ ਨਾਲ ਅੰਤ ਵੱਲ ਚੱਲਿਆ ਜਾ ਰਿਹਾ ਹੈ।

*ਤਾਰਿਕਾ ਲਖਿ ਪਲੋਇ॥*
*ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬਗੋਇ॥*

(ਅੰਗ ੬੪)

ਇਕ ਪ੍ਰਮਾਤਮਾ ਹੀ ਹੈ ਜਿਹੜਾ ਚਲਾਇਮਾਨ ਨਹੀਂ, ਬਾਕੀ ਸਭ ਚਲਾਇਮਾਨ ਹੈ। ਹੇ ਪ੍ਰਮਾਤਮਾ ! ਪਵਣ ਵੀ ਚਲਾਇਮਾਨ ਹੈ, ਸੂਰਜ ਵੀ ਚਲਾਇਮਾਨ ਹੈ, ਚੰਦਰਮਾ, ਪਾਣੀ, ਧਰਤੀ ਵੀ ਚਲਾਇਮਾਨ ਹੈ, ਪਰ ਕੇਵਲ ਇਕ ਤੂੰ ਹੀ ਹੈਂ ਜਿਹੜਾ ਚਲਾਇਮਾਨ ਨਹੀਂ।

ਪਹਿਲਾ ਬਚਨ ਭੱਟਾਂ ਮਹਾਂ ਪੁਰਸ਼ਾਂ ਨੇ ਕਿਹਾ, ਧੰਨ ਗੁਰੂ ਅਰਜਨ ਦੇਵ ਜੀ ! ਤੁਹਾਡੀ ਸਿਫ਼ਤ ਕਰਨ ਤੋਂ ਪਹਿਲਾਂ ਅਸੀਂ ਵਾਹਿਗੁਰੂ ਨੂੰ ਸਿਮਰਦੇ ਪਏ ਹਾਂ। ਇਹ ਕਿਉਂ ? ਇਸ ਦਾ ਮਤਲਬ ਹੈ ਭੱਟ ਸਾਹਿਬਾਨ ਮਾਨਵਤਾ ਨੂੰ ਕਹਿ ਰਹੇ ਹਨ ਕਿ ਅਸੀਂ ਕਵੀ ਹਾਂ। ਅਸੀਂ ਸਿਫ਼ਤ ਦੇ ਬੋਲ ਉਚਾਰ ਸਕਦੇ ਹਾਂ। ਸਾਡੇ ਕੋਲ ਛੰਦਾ-ਬੰਦੀ ਦੀ ਪ੍ਰਮਾਤਮਾ ਨੇ ਲਿਆਕਤ ਦਿੱਤੀ ਹੈ, ਪਰ ਪ੍ਰਮਾਤਮਾ ਨੂੰ ਸਭ ਤੋਂ ਪਹਿਲਾਂ ਚੇਤੇ ਤਾਂ ਹੀ ਕਰਦੇ ਹਾਂ ਕਿ ਰੱਬ ਇਸ ਵਿਚ ਸਾਖੀ ਹੈ। ਪ੍ਰਮਾਤਮਾ ਦੀ ਵਿਚ ਗਵਾਹੀ ਹੈ। ਅਸੀਂ ਪ੍ਰਮਾਤਮਾ ਨੂੰ ਸਾਖੀ ਜਾਣ ਕੇ ਇਹ ਕਹਿਣ ਲੱਗੇ ਹਾਂ ਕਿ ਜੋ ਕੁਝ ਅਸੀਂ ਗੁਰੂ ਅਰਜਨ ਦੇਵ ਜੀ ਬਾਰੇ ਕਹਾਂਗੇ, ਉਹ ਰੰਚਕ ਮਾਤਰ ਝੂਠ ਨਹੀਂ।

ਰੱਬ ਵਿਚ ਵਿਚੋਲਾ ਹੈ। ਅਸੀਂ ਜੋ ਕਹਾਂਗੇ ਉਹ ਸੱਚ ਕਹਾਂਗੇ।

ਪਿਆਰਿਉ ! ਇਨਸਾਨ ਨੇ ਜੇ ਆਪਣੇ ਅੰਦਰੋਂ ਔਗੁਣਾਂ ਨੂੰ ਖ਼ਤਮ ਕਰਨਾ ਹੈ ਤਾਂ ਇਹ ਆਪਣੀ ਬੁੱਧੀ ਨਾਲ ਖ਼ਤਮ ਨਹੀਂ ਹੁੰਦੇ, ਵਿਅਕਤੀ ਤੌਰ 'ਤੇ ਲੁੱਕ ਜਾਂਦੇ ਹਨ। ਪਰ ਔਗੁਣ ਸਮਾਂ ਪਾ ਕੇ ਫਿਰ ਪ੍ਰਗਟ ਹੋ ਜਾਂਦੇ ਹਨ। ਕਈ ਵਾਰੀ ਸਾਡਾ ਜਿਹੜਾ ਮਨ ਹੈ, ਇਸ ਦੇ ਵਿਚੋਂ ਵਾਸ਼ਨਾਵਾਂ ਦੀਆਂ ਤਰੰਗਾਂ ਨਿਕਲਦੀਆਂ ਹਨ। ਅੰਦਰ ਇਸ ਦੇ ਅੱਗ ਹੈ। ਵਿਅਕਤੀਗਤ ਤੌਰ 'ਤੇ ਸਾਡਾ ਮਨ ਕਈ ਵਾਰੀ ਚੰਗੇ ਬੋਲ ਸੁਣਦਾ ਹੈ ਤਾਂ ਫ਼ੈਸਲਾ ਕਰ ਲੈਂਦਾ ਹੈ ਕਿ ਅੱਜ ਤੋਂ ਬਾਅਦ ਕੋਈ ਮਾੜਾ ਕੰਮ ਨਹੀਂ ਕਰਨਾ। ਥੋੜੇ ਦਿਨ ਆਪਣੇ ਆਪ ਨੂੰ ਰੋਕਦਾ ਹੈ, ਪਰ ਪਿਆਰਿਉ ! ਜਦੋਂ ਕਦੀ ਕੁਸੰਗ ਦੀ ਹਵਾ ਚੱਲਦੀ ਹੈ ਤਾਂ ਜਿਹੜੀ ਅੰਦਰ ਵਾਸ਼ਨਾ ਦੀ ਚਿੰਗਾੜੀ ਪਈ ਹੈ, ਹਵਾ ਮਿਲਣ ਦੀ ਦੇਰ ਹੈ ਕਿ ਇਕੋ ਦੱਮ ਭਾਂਬੜ ਬਣਦੀ ਹੈ ਤੇ ਪੂਰੇ ਦੇ ਪੂਰੇ ਸਰੀਰ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ।

ਭੈੜੀ ਮੱਤ ਦਾ ਤਿਆਗ ਸਿਮਰਨ ਨੇ ਕਰਨਾ ਹੈ, ਕੇਵਲ ਬੋਧਿਕ ਤੱਲ 'ਤੇ ਖ਼ਿਆਲਾਂ ਨੇ ਨਹੀਂ ਕਰਨਾ। ਖ਼ਿਆਲ ਸਾਨੂੰ ਸਿਮਰਨ ਵੱਲ ਪ੍ਰੇਰਦੇ ਹਨ, ਪਰ ਸਿਮਰਨ ਤੋਂ ਬਿਨਾਂ ਭੈੜੀ ਮੱਤ ਦਾ ਨਾਸ਼ ਨਹੀਂ ਹੋ ਸਕਦਾ। ਇਸ ਲਈ ਭੱਟਾਂ ਨੇ ਕਿਹਾ ਹੈ-

*ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ॥*
*ਜਿਸੁ ਸਿਮਰਤ ਦੁਰਮਤਿ ਮਲੁ ਨਾਸੀ॥*

SIKHBOOKCLUB.COM

(ਅੰਗ ੧੪੦੬)

ਪ੍ਰਮਾਤਮਾ ਦਾ ਚਿੰਤਨ ਕੀਤਿਆਂ ਅੰਦਰ ਦੀ ਭੈੜੀ ਮੱਤ ਦਾ ਨਾਸ਼ ਹੋ ਜਾਂਦਾ ਹੈ। ਅਗਲਾ ਬਚਨ ਹੈ-

*ਸਤਿਗੁਰ ਚਰਣ ਕਵਲ ਰਿਦਿ ਧਾਰੰ॥*

ਹੇ ਸਮਰੱਥ ਸਤਿਗੁਰੂ ! ਆਪ ਜੀ ਦੇ ਕਮਲ ਵਰਗੇ ਜਿਹੜੇ ਚਰਨ ਹਨ, ਉਹਨਾਂ ਨੂੰ ਮੈਂ ਆਪਣੇ ਹਿਰਦੇ ਵਿਚ ਧਾਰਨ ਕਰ ਲਿਆ ਹੈ।

*ਗੁਰ ਅਰਜੁਨ ਗੁਣ ਸਹਜਿ ਬਿਚਾਰੰ॥*

ਗੁਰੂ ਅਰਜਨ ਦੇਵ ਜੀ ! ਆਪ ਜੀ ਦੇ ਗੁਣ, ਆਪ ਜੀ ਦੇ ਪਰਉਪਕਾਰ ਮੈਂ ਸਹਿਜ ਵਿਚ ਟਿੱਕ ਕੇ ਬਿਆਨ ਕਰਨ ਲੱਗਾ ਹਾਂ।

ਜਿਹੜਾ ਪਹਿਲਾ ਗੁਣ ਭੱਟ ਸਾਹਿਬ ਨੇ ਕਿਹਾ ਹੈ, ਮੈਂ ਸਿਰਫ਼ ਉਸ ਦੀ ਵਿਆਖਿਆ ਕਰਨ ਦਾ ਯਤਨ ਕਰਾਂਗਾ। ਉਹ ਬਚਨ ਸੀ-

*ਗੁਰ ਅਰਜੁਨ ਗੁਣ ਸਹਜਿ ਬਿਚਾਰੰ॥*

(ਅੰਗ ੧੪੦੭)

*ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ॥*

(ਅੰਗ ੧੪੦੭)

ਗੁਰੂ ਅਰਜਨ ਦੇਵ ਜੀ ! ਆਪ ਜੀ ਦਾ ਪ੍ਰਕਾਸ਼, ਆਪ ਜੀ ਦਾ ਆਗਮਨ ਸੋਢੀ ਸੁਲਤਾਨ ਗੁਰੂ ਰਾਮਦਾਸ ਜੀ ਦੇ ਘਰ ਵਿਚ ਹੋਇਆ-

*ਸਗਲ ਮਨੋਰਥ*

ਆਪ ਜੀ ਦੇ ਆਗਮਨ ਨਾਲ ਸਾਰੀਆਂ ਮਨ ਦੀਆਂ ਇੱਛਾਵਾਂ ਦੀ ਪੂਰਤੀ ਹੋ ਗਈ।

*ਸਗਲ ਮਨੋਰਥ ਪੂਰੀ ਆਸਾ॥*

ਆਪ ਜੀ ਦੇ ਆਗਮਨ ਨਾਲ ਗੁਰੂ ਘਰ ਵਿਚ ਇਕ ਨਵੀਂ ਆਸ, ਨਵੀਂ ਕਿਰਨ ਉਜਾਗਰ ਹੋਈ। ਪਹਿਲਾਂ ਉਹਨਾਂ ਨੇ ਗੁਣ ਬਿਆਨ ਨਹੀਂ ਕੀਤਾ। ਸਿਰਫ਼ ਇਹੀ ਕਿਹਾ ਕਿ ਆਪ ਜੀ ਦਾ ਪ੍ਰਕਾਸ਼ ਹੋਇਆ। ਆਪ ਜੀ ਦੇ ਆਉਣ ਨਾਲ ਮਨੋਰਥ ਪੂਰੇ ਹੋਏ। ਪਹਿਲਾ ਗੁਣ ਉਹ ਕਹਿਣ ਲੱਗੇ-

*ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ॥*

(ਅੰਗ ੧੪੦੭)

ਤੈ ਦਾ ਅਰਥ ਹੈ ਆਪ ਜੀ। ਜਨਮਤ=ਜਨਮ ਤੋਂ। ਗੁਰਮਤਿ=ਗੁਰੂ ਦੀ ਮੱਤ ਨਾਲ। ਆਪ ਜੀ ਦੀ ਪਹਿਚਾਣ ਬ੍ਰਹਮ ਦੇ ਨਾਲ ਹੋ ਗਈ।

*ਕਲ੍ਯ ਜੋੜਿ ਕਰ*

ਕਲ੍ਯ ਦਾ ਅਰਥ ਹੈ ਭੱਟ ਕਲਸਹਰ। ਕਹਿੰਦੇ ਹਨ ਗੁਰੂ ਅਰਜਨ ਦੇਵ ਜੀ ! ਮੈਂ ਦੋਨੋਂ ਹੱਥ ਜੋੜ ਕੇ ਆਪਣੀ ਰਸਨਾ ਤੋਂ ਤੁਹਾਡਾ ਜੱਸ ਕਿਹਾ ਹੈ।

*ਸੁਜਸੁ ਵਖਾਣਿਓ॥*

ਮੈਂ ਦੋਨੋਂ ਹੱਥ ਜੋੜ ਕੇ ਧੰਨ ਗੁਰੂ ਅਰਜਨ ਦੇਵ ਜੀ ! ਆਪ ਜੀ ਦਾ ਸੁਜੱਸ ਕਹਿੰਦਾ ਹਾਂ। ਜਿਸ ਨੇ ਬ੍ਰਹਮ ਨੂੰ ਪਛਾਣਿਆ ਹੈ, ਧੰਨ ਗੁਰੂ ਅਰਜਨ ਦੇਵ ਜੀ ਦੀ ਰਸਨਾ ਨੇ ਉਸ ਨੂੰ ਜਿਹੜੀ ਪਰਿਭਾਸ਼ਾ ਦਿੱਤੀ, ਉਸ ਦੇ ਲਈ ਸ਼ਬਦ ਵਰਤਿਆ ਬ੍ਰਹਮ ਗਿਆਨੀ। ਬ੍ਰਹਮ ਗਿਆਨੀ ਕੌਣ ਹੈ ? ਧੰਨ ਗੁਰੂ ਅਰਜਨ ਦੇਵ ਜੀ ਦੇ ਕਥਨ ਮੁਤਾਬਿਕ ਬ੍ਰਹਮ ਗਿਆਨੀ ਦਾ ਜੀਵਨ ਕਿੰਨਾ ਉੱਚਾ ਹੈ। ਉਹਨਾਂ ਨੇ ਆਪਣੀ ਰਸਨਾ ਤੋਂ ਜੋ ਪਵਿੱਤਰ ਬੋਲ ਕਹੇ, ਉਹ ਸੁਖਮਨੀ ਸਾਹਿਬ ਜੀ ਦੀ ਬਾਣੀ ਵਿਚ ਆਪ ਸਾਰੇ ਪੜ੍ਹਦੇ ਹੋ। ਉਹ ਅਸਟਪਦੀ ਤੇ ਉਸ ਦੇ ਨਾਲ ਆਇਆ ਹੋਇਆ ਸਲੋਕ। ਜਿਸ ਨੇ ਬ੍ਰਹਮ ਨੂੰ ਪਛਾਣਿਆ ਹੈ, ਉਹ ਸੱਚ ਦਾ ਪੁੱਤਲਾ ਹੈ। ਬ੍ਰਹਮ ਨੂੰ ਪਛਾਣਨ ਵਾਲੇ ਦੇ ਮਨ ਵਿਚ ਸੱਚੇ ਪ੍ਰਮਾਤਮਾ ਦਾ ਨਿਵਾਸ ਹੈ। ਉਹਨਾਂ ਦੀ ਰਸਨਾ 'ਤੇ ਸੱਚੇ ਪ੍ਰਮਾਤਮਾ ਦਾ ਨਿਵਾਸ ਹੈ ਤੇ ਉਹਨਾਂ ਦੇ ਨੇਤਰਾਂ ਵਿਚ ਵੀ ਸੱਚੇ ਪ੍ਰਮਾਤਮਾ

ਦਾ ਨਿਵਾਸ ਹੈ। ਹਜ਼ੂਰ ਨੇ ਕਿਹਾ-

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ ੧॥*

(ਅੰਗ ੨੭੨)

ਗੁਰੂ ਅਰਜਨ ਦੇਵ ਜੀ ਨੇ ਜਨਮ ਤੋਂ ਬ੍ਰਹਮ ਪਛਾਣਿਆ ਤੇ ਇਸ ਦਾ ਮਤਲਬ ਹੈ, ਉਹ ਜਨਮ ਤੋਂ ਬ੍ਰਹਮ ਗਿਆਨੀ ਹਨ। ਜਨਮ ਤੋਂ ਬ੍ਰਹਮ ਗਿਆਨੀ ਕਿਵੇਂ ? ਵੈਸੇ ਤਾਂ ਧੰਨ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਤਿੰਨ ਗੁਰੂ ਸਾਹਿਬਾਨ ਹਨ, ਕਿਉਂਕਿ ਗੁਰੂ ਨਾਨਕ ਸਾਹਿਬ ਤਾਂ ਧੁਰ ਪ੍ਰਮਾਤਮਾ ਦੀ ਦਰਗਾਹ ਵਿਚੋਂ ਹੀ ਗੁਰੂ ਬਣ ਕੇ ਆਏ।

ਗੁਰੂ ਅੰਗਦ ਦੇਵ ਜੀ ਭਾਈ ਲਹਿਣੇ ਦੇ ਰੂਪ ਵਿਚ ਵਿਚਰੇ ਹਨ, ਪਰ ਇਤਿਹਾਸ ਕਹਿੰਦਾ ਹੈ ਕਿ ਸੰਨ 1504 ਦਾ ਬਾਬਾ ਲਹਿਣਾ ਜੀ ਦਾ ਜਨਮ ਹੈ ਤੇ 1532 ਨੂੰ ਗੁਰੂ ਨਾਨਕ ਸਾਹਿਬ ਜੀ ਦੇ ਘਰ ਵਿਚ ਆਏ ਹਨ। ਉਹਨਾਂ ਦੇ ਜਨਮ ਤੋਂ ਬਾਅਦ 28 ਸਾਲ ਉਹਨਾਂ ਦੀ ਆਰਬਲਾ ਬਤੀਤ ਹੋ ਚੁੱਕੀ ਹੈ। ਜਨਮ ਤੋਂ ਗੁਰੂ ਨਾਨਕ ਸਾਹਿਬ ਜੀ ਦੇ ਘਰ ਵਿਚ ਨਹੀਂ ਆਏ। ਤੀਸਰੇ ਗੁਰਦੇਵ ਗੁਰੂ ਅੰਗਦ ਦੇਵ ਜੀ ਦੀ ਚਰਨ ਸ਼ਰਨ ਵਿਚ ਆਏ। ਜਿਸ ਦਿਨ ਗੁਰਮਤਿ ਦੀ ਦੀਖਿਆ ਲਈ, ਇਤਿਹਾਸ ਕਹਿੰਦਾ ਹੈ ਕਿ ਉਹਨਾਂ ਦੇ ਜੀਵਨ ਦੇ ਤਕਰੀਬਨ 60 ਸਾਲ ਬਤੀਤ ਹੋ ਚੁੱਕੇ ਸਨ। ਬਚਪਨ ਤੋਂ ਨਹੀਂ ਆਏ ਸਨ।

ਗੁਰੂ ਰਾਮਦਾਸ ਜੀ ਦਾ ਲਾਹੌਰ ਆਗਮਨ ਹੋਇਆ ਸੰਨ 1534 ਨੂੰ। ਪਿੰਡ ਬਾਸਰਕੇ ਆਏ ਹਨ। ਗੁਰੂ ਅਮਰਦਾਸ ਜੀ ਦੀ ਚਰਨ ਸ਼ਰਨ ਵਿਚ ਆਏ, ਪਰ ਉਹਨਾਂ ਦੀ ਜ਼ਿੰਦਗੀ ਦੇ ਅੱਠ-ਨੌਂ ਸਾਲ ਬਤੀਤ ਹੋ ਚੁੱਕੇ ਹਨ। ਜਨਮ ਵੇਲੇ ਨਹੀਂ ਆਏ। ਪਰ ਧੰਨ ਗੁਰੂ ਅਰਜਨ ਦੇਵ ਜੀ ਅਜਿਹੇ ਸਮਰੱਥ ਗੁਰੂ ਹਨ ਕਿ ਜਿਸ ਦਿਨ ਗੁਰੂ ਅਰਜਨ ਦੇਵ ਜੀ ਦਾ ਬੀਬੀ ਭਾਨੀ ਜੀ ਦੀ ਕੁੱਖ ਵਿਚੋਂ ਆਗਮਨ ਹੋਇਆ, ਉਸ ਦਿਨ ਇਹਨਾਂ ਨੂੰ ਆਪਣੇ ਨਾਨਾ ਗੁਰੂ, ਗੁਰੂ ਅਮਰਦਾਸ ਜੀ ਦੀ ਗੋਦ ਪ੍ਰਾਪਤ ਹੋਈ। ਇਹਨਾਂ ਨੇ ਆਪਣੇ ਜਨਮ ਤੋਂ ਗੁਰਮਤਿ ਰਾਹੀਂ ਬ੍ਰਹਮ-ਗਿਆਨ ਨੂੰ ਪਹਿਚਾਣ ਲਿਆ। ਇਸ ਦਾ ਮਤਲਬ ਹੈ ਕਿ ਸਾਨੂੰ ਭਾਵੇਂ ਵਿਦਵਾਨਾਂ ਨੂੰ ਅੱਖਰ ਨਾ ਓੜਦੇ ਹੋਣ, ਪਰ ਗੁਰੂ ਅਰਜਨ ਦੇਵ ਜੀ ਮਾਂ ਦੀ ਕੁੱਖ ਤੋਂ ਹੀ ਬ੍ਰਹਮ ਗਿਆਨੀ ਹਨ। ਇਸ ਲਈ ਗੁਰੂ ਅਮਰਦਾਸ ਜੀ ਨੇ ਇਹ ਸ਼ਬਦ ਕਹੇ ਸਨ—ਪਲੰਘ ਹਿਲਾਇਆ ਤੇ ਇਕੋ ਗੱਲ ਕਹੀ ਸੀ ਕਿ-

*ਇਹ ਕੌਣ ਹੈ ਪੁਰਖ ਭਾਰੀ।*
*ਜਿਸ ਮੰਜੀ ਸਾਡੀ ਹਿਲਾਈ ਸਾਰੀ।*

ਬੀਬੀ ਭਾਨੀ ਜੀ ਨੇ ਦੌੜ ਕੇ ਪੁੱਤਰ ਨੂੰ ਫੜ ਕੇ ਪਿਤਾ ਜੀ ਨੂੰ ਬੇਨਤੀ ਕੀਤੀ—ਪਿਤਾ

ਜੀ ! ਇਹ ਛੋਟਾ ਦੋਹਤਾ ਜੇ। ਬਿਰਧ ਬਾਪੂ ਅਮਰਦਾਸ ਜੀ ਨੇ ਬਾਂਹ ਫੜ ਕੇ ਗੋਦ ਵਿਚ ਬਿਠਾ ਸਿਰ 'ਤੇ ਹੱਥ ਰੱਖ ਕੇ ਕਿਹਾ, ਬੇਟਾ ਭਾਨੀ ! ਇਹ ਇਕੱਲਾ ਦੋਹਤਾ ਨਹੀਂ-

*ਇਹ ਦੋਹਿਤਾ ਬਾਣੀ ਕਾ ਬਹਿਥਾ॥*

ਅਜੇ ਬਚਪਨ ਹੈ। ਬਾਣੀ ਉਚਾਰੀ ਨਹੀਂ। ਅਜੇ ਰਿੜਦੇ ਰਿੜਦੇ ਪਲੰਘ ਕੋਲ ਆਉਂਦੇ ਹਨ। ਜ਼ਬਾਨ ਤੋਂ ਤੋਤਲੇ ਬੋਲਦੇ ਹਨ, ਪਰ ਨਾਨੇ ਗੁਰੂ ਨੇ ਅੰਦਰ ਦੇ ਉਸ ਬ੍ਰਹਮ ਦੀ ਝਲਕ ਨੂੰ ਦੇਖ ਕੇ ਕਿਹਾ ਸੀ, ਬੇਟੀ ! ਇਹ ਬਾਣੀ ਦਾ ਜਹਾਜ਼ ਹੈ।

ਹੁਣ ਜਿਹੜਾ ਬ੍ਰਹਮ ਨੂੰ ਪਛਾਣਦਾ ਹੈ, ਸਾਨੂੰ ਬਾਹਰਮੁੱਖੀ ਜੀਵਨ ਤੋਂ ਕਿਵੇਂ ਪਤਾ ਲੱਗਾ ਕਿ ਇਸ ਦੇ ਜਿਹੜੇ ਜੀਵਨ ਦੇ ਲੱਛਣ ਹਨ, ਇਹ ਬ੍ਰਹਮ ਨੂੰ ਪਛਾਣਨ ਵਾਲੇ ਹਨ।

ਬ੍ਰਹਮ ਗਿਆਨੀ ਦਾ ਜਿਹੜਾ ਜੀਵਨ ਹੈ, ਉਹ ਪੰਜਾਂ ਤੱਤਾਂ ਦੇ ਜੀਵਨ ਵਰਗਾ ਹੁੰਦਾ ਹੈ— ਪਉਣ, ਪਾਣੀ, ਅੱਗ, ਮਿੱਟੀ, ਆਕਾਸ਼। ਕਹਿਣ ਲੱਗੇ, ਇਹ ਪੰਜ ਤੱਤਾਂ ਦਾ ਜੀਵਨ ਬ੍ਰਹਮ ਗਿਆਨੀ ਦਾ ਜੀਵਨ ਹੈ। ਹੁਣ ਇਹਨਾਂ ਪੰਜਾਂ ਤੱਤਾਂ ਦਾ ਜੀਵਨ ਬ੍ਰਹਮ ਗਿਆਨੀ ਦਾ ਜੀਵਨ ਕਿਵੇਂ ? ਧੰਨ ਗੁਰੂ ਅਰਜਨ ਦੇਵ ਜੀ ਨੇ ਆਪਣੀ ਮੁਬਾਰਕ ਰਸਨਾ ਤੋਂ ਇਹ ਬਚਨ ਕਹੇ— ਸੰਸਾਰ ਦੇ ਲੋਕੋ ! ਬ੍ਰਹਮ ਗਿਆਨੀ ਦੀ ਅਵਸਥਾ ਵਿਚ ਉਸ ਦਾ ਅੰਦਰ ਕਿੰਨਾ ਕੁ ਨਿਰਮਲ ਹੈ ? ਕਹਿੰਦੇ ਹਨ ਕਿ ਬ੍ਰਹਮ ਗਿਆਨੀ ਇਸ ਤਰ੍ਹਾਂ ਨਿਰਮਲ ਹੈ ਜਿਵੇਂ ਪਾਣੀ ਦੀ ਨਿਰਮਲਤਾਈ ਕਦੀ ਖ਼ਤਮ ਨਹੀਂ ਹੁੰਦੀ। ਉਹ ਮੈਲ ਉਤਾਰਦਾ ਹੈ। ਕਈ ਵਾਰੀ ਦੇਖਣ ਨੂੰ ਪ੍ਰਤੀਤ ਹੁੰਦਾ ਹੈ ਕਿ ਪਾਣੀ ਮੈਲਾ ਹੋ ਗਿਆ। ਨਹੀਂ ਪਿਆਰਿਉ ! ਉਹ ਮੈਲ ਉਤਾਰਨ ਤੋਂ ਬਾਅਦ ਵੀ ਨਿਰਮਲ ਦਾ ਨਿਰਮਲ ਹੈ। ਜਿਵੇਂ ਪਾਣੀ ਵਿਚ ਨਿਰਮਲਤਾਈ ਦਾ ਗੁਣ ਹੈ, ਇਵੇਂ ਬ੍ਰਹਮ ਗਿਆਨੀ ਦੇ ਅੰਦਰ ਇੰਨੀ ਨਿਰਮਲਤਾਈ ਹੈ ਕਿ ਉਹ ਕਰੋੜਾਂ ਪਾਪੀਆਂ ਦੇ ਪਾਪ ਤਾਂ ਧੋ ਦਿੰਦਾ ਹੈ, ਪਰ ਪਿਆਰਿਉ ! ਆਪ ਨਿਰਮਲ ਦਾ ਨਿਰਮਲ ਹੀ ਰਹਿੰਦਾ ਹੈ-

*ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥*
*ਜੈਸੇ ਮੈਲੁ ਨ ਲਾਗੈ ਜਲਾ॥*

ਦੂਜਾ ਬਚਨ ਕਿ ਅੱਗ ਵਾਲਾ ਗੁਣ ਕੀ ਹੈ ? ਹਾਲਾਂਕਿ ਅੱਗ ਸਾੜਦੀ ਹੈ, ਅੱਗ ਨਿੱਘ ਦਿੰਦੀ ਹੈ। ਮਹਾਰਾਜ ਕਹਿਣ ਲੱਗੇ-

*ਬ੍ਰਹਮ ਗਿਆਨੀ ਕਾ ਇਹੈ ਗੁਨਾਉ॥*
*ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥ ੧॥*

ਹੁਣ ਅੱਗ ਦੇ ਕੋਲ ਕੋਈ ਗ਼ਰੀਬ ਆ ਜਾਏ, ਉਹ ਦਵੈਸ਼ ਕਰਕੇ ਵਿਤਕਰੇ ਨਾਲ ਇਹ ਨਹੀਂ ਕਹਿੰਦੀ ਕਿ ਮੈਂ ਗ਼ਰੀਬ ਬੰਦੇ ਨੂੰ ਨਿੱਘ ਨਹੀਂ ਦੇਣਾ। ਉਸ ਦਾ ਸੁੱਤੇ-ਸਿੱਧ ਸੁਭਾਅ ਹੈ ਸਾਰਿਆਂ ਨੂੰ ਨਿੱਘ ਦੇਣਾ। ਤੀਸਰਾ ਹੈ ਹਵਾ। ਹਵਾ ਵਿਚ ਸਮਦ੍ਰਿਸ਼ਟੀ ਵਾਲਾ ਗੁਣ ਹੈ। ਬ੍ਰਹਮ ਗਿਆਨੀ ਹਵਾ ਦੀ ਤਰ੍ਹਾਂ ਸਮਦ੍ਰਿਸ਼ਟੀ ਰੱਖਦਾ ਹੈ।

*ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥*

ਤੁਲ ਦਾ ਅਰਥ ਹੈ ਬਰਾਬਰ। ਇਕ ਗ਼ਰੀਬ ਬੰਦਾ ਝੌਂਪੜੀ ਵਿਚ ਬੈਠਾ ਹੈ। ਇਕ ਅਮੀਰ ਬੰਦਾ ਬੰਗਲੇ ਵਿਚ ਬੈਠਾ ਹੈ। ਜਦੋਂ ਹਵਾ ਚੱਲਦੀ ਹੈ ਤਾਂ ਉਹ ਇਹ ਕਦੀ ਨਹੀਂ ਦੇਖਦੀ ਕਿ ਮੈਂ ਗ਼ਰੀਬ ਦੀ ਝੌਂਪੜੀ ਵਿਚ ਇਸ ਨੂੰ ਠੰਢ ਦੇਣੀ ਹੈ ਕਿ ਨਹੀਂ। ਇਸ ਨੂੰ ਸੁਆਸ ਦੇਣੇ ਹਨ ਕਿ ਨਹੀਂ। ਹਵਾ ਝੌਂਪੜੀ ਵਿਚ ਬੈਠੇ ਹੋਏ ਨੂੰ ਵੀ ਸੁਆਸ ਦਿੰਦੀ ਹੈ ਤੇ ਹਵਾ ਮਹਿਲ ਵਿਚ ਰਹਿਣ ਵਾਲੇ ਰਾਜੇ ਨੂੰ ਵੀ ਸੁਆਸ ਦਿੰਦੀ ਹੈ। ਕਹਿਣ ਲੱਗੇ— ਬ੍ਰਹਮ ਗਿਆਨੀ ਕੋਲ ਕੋਈ ਵੀ ਆ ਜਾਏ ਤਾਂ ਇਹ ਗ਼ਰੀਬ ਉੱਤੇ ਵੀ ਰਹਿਮਤ ਕਰਦਾ ਹੈ ਤੇ ਅਮੀਰ ਉੱਤੇ ਵੀ ਰਹਿਮਤ ਕਰਦਾ ਹੈ।

ਚੌਥਾ ਬਚਨ ਹੈ ਧੀਰਜ, ਅੰਦਰ ਦੀ ਇਕਾਗਰਤਾ। ਬ੍ਰਹਮ ਗਿਆਨੀ ਦੇ ਅੰਦਰ ਦਾ ਸੁਭਾਅ ਇਕ ਧਰਤੀ ਦੀ ਤਰ੍ਹਾਂ ਹੈ। ਕਿਉਂਕਿ ਮਿੱਟੀ ਇਕ ਤੱਤ ਹੈ ਤੇ ਮਿੱਟੀ ਦੇ ਤੱਤ ਦਾ ਸੁਭਾਅ ਜ਼ਮੀਨ ਨਾਲ ਹੈ—

*ਬ੍ਰਹਮ ਗਿਆਨੀ ਕੈ ਧੀਰਜੁ ਏਕ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥*

ਜ਼ਮੀਨ ਨੂੰ ਪੁੱਟ ਲਉ ਤਾਂ ਉਹ ਵਿਚਲਿਤ ਨਹੀਂ ਹੁੰਦੀ ਤੇ ਜ਼ਮੀਨ 'ਤੇ ਚੰਦਨ ਦਾ ਲੇਪਨ ਕਰ ਦਿਉ ਤਾਂ ਉਹ ਝੂਠੀਆਂ ਖ਼ੁਸ਼ਾਮਦਾਂ ਵੀ ਨਹੀਂ ਕਰਦੀ। ਉਸ ਦੇ ਅੰਦਰ ਦਾ ਟਿਕਾਅ ਕੋਈ ਤਾਰੀਫ਼ ਕਰੇ ਤਾਂ ਵੀ ਉਹੋ ਜਿਹਾ ਤੇ ਜੇ ਕੋਈ ਨਿੰਦਿਆ ਕਰੇ ਤਾਂ ਵੀ ਉਹੋ ਜਿਹਾ।

ਪੰਜਵਾਂ ਬਚਨ ਆਕਾਸ਼ ਹੈ। ਆਕਾਸ਼ ਵਿਚ ਬੜੀ ਵੱਡੀ ਇਕ ਰਹਿਮਤ ਹੈ। ਜੇ ਆਕਾਸ਼ ਨਾ ਹੋਵੇ ਤਾਂ ਧਰਤੀ ਨੂੰ ਰਹਿਣ ਲਈ ਥਾਂ ਕਿਥੇ ਮਿਲੇ। ਜਿਹੜੀ ਸਪੇਸ ਹੈ, ਇਹ ਆਕਾਸ਼ ਹੈ। ਇਹ ਪ੍ਰਮਾਤਮਾ ਦੀ ਦਿੱਤੀ ਹੋਈ ਦਾਤ ਹੈ। ਆਕਾਸ਼ ਤੱਤ ਦਾ ਗੁਣ ਸ਼ਬਦ ਹੈ। ਪਿਆਰਿਉ ! ਅਸੀਂ ਫ਼ੋਨ ਕਰਦੇ ਹਾਂ ਤੇ ਇਕ ਖਿਨ ਵਿਚ ਫ਼ੋਨ ਬਾਹਰ ਦੇ ਮੁਲਕ ਵਿਚ ਪਹੁੰਚ ਜਾਂਦਾ ਹੈ। ਜੇ ਆਕਾਸ਼ ਨਾ ਹੁੰਦਾ ਤਾਂ ਸ਼ਾਇਦ ਹਵਾ ਦੀ ਤਰੰਗ ਦੂਜੇ ਮੁਲਕ ਵਿਚ ਕਦੀ ਨਾ ਜਾਂਦੀ। ਮਹਾਰਾਜ ਨੇ ਕਿਹਾ ਹੈ-

*ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ॥*
*ਜੈਸੇ ਧਰ ਊਪਰਿ ਆਕਾਸੁ॥*

(ਸੁਖਮਨੀ ਸਾਹਿਬ)

ਬ੍ਰਹਮ ਗਿਆਨੀ ਦੇ ਅੰਦਰ ਦਾ ਜੋ ਚਾਨਣ ਹੈ, ਉਹ ਇਸ ਤਰ੍ਹਾਂ ਹੈ ਜਿਵੇਂ ਧਰਤੀ ਉੱਪਰ ਆਕਾਸ਼ ਹੈ। ਪ੍ਰਗਾਸ ਦਾ ਅਰਥ ਇਥੇ ਗਿਆਨ ਕਰ ਲਈਏ, ਚਾਨਣ ਕਰ ਲਈਏ।

ਉਹ ਕਿਵੇਂ ? ਅਸੀਂ ਇਥੇ ਹਿੰਦੁਸਤਾਨ ਵਿਚ ਬੈਠੇ ਹਾਂ। ਸੂਰਜ ਨਿਕਲਦਾ ਹੈ ਤੇ ਅਸੀਂ ਸਾਰੇ ਕਹਾਂਗੇ ਕਿ ਇਹ ਸਾਡਾ ਸੂਰਜ ਹੈ। ਇਹੀ ਸੂਰਜ ਕਿਤੇ ਯੂਰਪ ਵਿਚ ਨਿਕਲਦਾ ਹੈ ਤਾਂ ਆਕਾਸ਼ ਵਿਚ ਆਏ ਹੋਏ ਸੂਰਜ ਨੂੰ ਦੇਖ ਕੇ ਉਹ ਕਹਿਣਗੇ ਕਿ ਸਾਡਾ ਸੂਰਜ ਹੈ। ਸੂਰਜ ਇਕ ਹੈ ਪਰ ਹਰ ਕੋਈ ਕਹਿੰਦਾ ਹੈ ਕਿ ਮੇਰਾ ਆਕਾਸ਼ ਹੈ, ਮੇਰਾ ਸੂਰਜ ਹੈ, ਮੇਰਾ ਆਸਮਾਨ ਹੈ। ਪਿਆਰਿਉ ! ਜਿਵੇਂ ਆਸਮਾਨ ਇਕ ਹੋ ਕੇ ਸਾਰਿਆਂ ਨੂੰ ਢੱਕ ਕੇ ਬੈਠਾ ਹੈ, ਇਵੇਂ ਬ੍ਰਹਮ ਗਿਆਨੀ ਦੇ ਅੰਦਰ ਉਹ ਚਾਨਣ ਹੈ। ਧਰਤੀ ਦਾ ਹਰ ਜੀਵ ਕਹਿੰਦਾ ਹੈ ਕਿ ਮਹਾਂਪੁਰਸ਼ ਮੇਰਾ ਹੀ ਹੈ।

ਗੁਰੂ ਅਰਜਨ ਦੇਵ ਜੀ ਨੇ ਜਨਮ ਤੋਂ ਬ੍ਰਹਮ ਨੂੰ ਪਹਿਚਾਣਿਆ। ਫਿਰ ਉਹਨਾਂ ਨੇ ਕ੍ਰਿਪਾ ਕੀਤੀ ਸਾਡੇ 'ਤੇ। ਗੁਰਮੁਖੋ ! ਧੰਨ ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ ਹਨ। ਡਿੱਗਿਆਂ ਨੂੰ ਸੀਨੇ ਨਾਲ ਲਾਉਂਦੇ ਹਨ ਤੇ ਅੱਜ ਵੀ ਜੇਕਰ ਕੋਈ ਗੁਰੂ ਅਰਜਨ ਦੇਵ ਜੀ ਨੂੰ ਧੰਨ ਗੁਰੂ ਅਰਜਨ ਦੇਵ ਜੀ ਕਹੇ ਤਾਂ ਉਸ ਦੇ ਜਨਮ ਤੇ ਮਰਨ ਦੇ ਦੁੱਖ ਕੱਟੇ ਜਾਂਦੇ ਹਨ। ਤਾਂ ਹੀ ਭੱਟ ਸਾਹਿਬਾਨਾਂ ਨੇ ਬਚਨ ਕਹੇ-

*ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥*

*ਕਲਿ ਘੋਰ ਸਮੁਦ੍ਰ ਮੈ ਬੂਡਤ ਥੇ*

ਡੁੱਬ ਗਏ ਸਾਂ ਸਮੁੰਦਰ ਵਿਚ-

*ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥*

*ਤਤੁ ਬਿਚਾਰੁ ਯਹੈ ਮਥੁਰਾ*

ਕਹਿੰਦੇ ਹਨ, ਮੈਂ ਤੱਤ ਵਿਚਾਰ ਕੇ ਕਹਿੰਦਾ ਹਾਂ, ਗੁੰਥ ਵਿਚਾਰ ਕੇ ਕਹਿੰਦਾ ਹਾਂ, ਦੁਨੀਆਂ ਨੂੰ ਪੜਚੋਲ ਕੇ ਕਹਿੰਦਾ ਹਾਂ-

*ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥*

ਜਗਤ ਦੇ ਪਾਰ ਉਤਾਰੇ ਲਈ ਅਵਤਾਰ ਬਣਾਇਆ ਹੈ ਗੁਰੂ ਅਰਜਨ ਦੇਵ।

*ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥*

(ਅੰਗ ੧੪੦੯)

ਸੰਕਟ ਦਾ ਅਰਥ ਹੈ ਮੁਸੀਬਤ। ਜ਼ਿੰਦਗੀ ਵਿਚ ਕਦੀ ਵੀ ਮੁਸੀਬਤ ਪੈ ਜਾਏ ਧਨ ਕਰਕੇ, ਮਨ ਕਰਕੇ, ਬੱਚਿਆਂ ਕਰਕੇ, ਪਰਿਵਾਰ ਕਰਕੇ, ਪੁੱਤਰਾਂ-ਧੀਆਂ ਕਰਕੇ, ਤਾਂ ਭੱਟ ਕਹਿੰਦੇ ਹਨ ਕਿ ਇਕ ਵਾਰੀ ਗੁਰੂ ਅਰਜਨ ਦੇਵ ਜੀ ਨੂੰ ਮੁਸੀਬਤ ਵਿਚ ਫਸੇ ਹੋਏ ਚੇਤੇ ਕਰਕੇ ਕਹੋ—ਧੰਨ ਗੁਰੂ ਅਰਜਨ ਦੇਵ ਜੀ। ਗੁਰੂ ਅਰਜਨ ਦੇਵ ਜੀ ਨੂੰ ਚੇਤੇ ਕਰੋ ਤਾਂ ਸੰਕਟ ਕੱਟੇ ਜਾਣਗੇ।

ਗੁਰੂ ਅਰਜਨ ਦੇਵ ਜੀ ਦੀਆਂ ਬੇਅੰਤ ਸਿਫ਼ਤਾਂ ਹਨ। ਉਹਨਾਂ ਨੇ ਜਨਮ ਤੋਂ ਹੀ ਪ੍ਰਭੂ ਦਾ ਨਾਮ ਜੱਪਿਆ। ਜਨਮ ਤੋਂ ਹੀ ਬ੍ਰਹਮ ਨੂੰ ਪਛਾਣਿਆ। ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਸਬੰਧ ਵਿਚ ਜਿੰਨੇ ਵੀ ਵਡਿਆਈ ਵਾਲੇ ਸ਼ਬਦ ਵਰਤੇ ਜਾਣ, ਉੱਨੇ ਹੀ ਥੋੜੇ ਪ੍ਰਤੀਤ ਹੁੰਦੇ ਹਨ। ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਆਗਮਨ ਗੋਇੰਦਵਾਲ ਸਾਹਿਬ ਜੀ ਦੀ ਧਰਤੀ 'ਤੇ ਗੁਰੂ.ਰਾਮਦਾਸ ਸੱਚੇ ਪਾਤਿਸ਼ਾਹ ਜੀ ਦੇ ਘਰ ਸਨਮਾਨ ਯੋਗ ਬੀਬੀ ਭਾਨੀ ਜੀ ਦੀ ਕੁੱਖ ਤੋਂ ਹੋਇਆ ਹੈ। ਗੁਰੂ ਅਰਜਨ ਦੇਵ ਮਹਾਰਾਜ ਦੇ ਦੋ ਵੱਡੇ ਭਰਾਤਾ ਹਨ ਬਾਬਾ ਪ੍ਰਿਥੀ ਚੰਦ ਅਤੇ ਬਾਬਾ ਮਹਾਦੇਵ ਜੀ। ਪਰ ਧੰਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਦਾ ਆਗਮਨ ਹੋਇਆ ਤੇ ਭੱਟਾਂ ਨੇ ਹਜ਼ੂਰ ਦੇ ਸਬੰਧ ਵਿਚ ਆਪਣੀ ਮੁਬਾਰਕ ਰਸਨਾ ਤੋਂ ਜੋ ਬਚਨ ਉਚਾਰਨ ਕੀਤੇ, ਉਸ ਵਿਚ ਇਕ ਤਾਂ ਇਹ ਸ਼ਬਦ ਵਰਤਿਆ ਕਿ ਆਪ ਜਨਮ ਤੋਂ ਹੀ ਗੁਰਮਤਿ ਦੇ ਰਾਹੀਂ ਬ੍ਰਹਮ ਗਿਆਨ ਦੇ ਦਾਤਾ ਹੋ ਤੇ ਨਾਲ ਕਿਹਾ, ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਰਸਨਾ 'ਤੇ ਪ੍ਰਮਾਤਮਾ ਦਾ ਨਿਵਾਸ ਹੈ। ਹਜ਼ੂਰ ਦੇ ਅੰਦਰ ਸ਼ਬਦ ਦਾ ਪ੍ਰਗਾਸ ਤੇ ਗੁਰੂ ਰਾਮਦਾਸ ਜੀ ਦੇ ਗ੍ਰਿਹਿ ਵਿਖੇ ਧੰਨ ਗੁਰੂ ਅਰਜਨ ਦੇਵ ਜੀ ਇਕ ਭਗਤ ਬਣ ਕੇ ਆਏ।

ਹੁਣ ਭਗਤ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਬੜੀ ਵਾਰੀ ਆਇਆ ਹੈ। ਅਸੀਂ ਅੱਖਰੀ ਅਰਥ ਇਹੀ ਕਰਾਂਗੇ ਕਿ ਭਗਤ ਦਾ ਅਰਥ ਹੈ ਜਿਹੜਾ ਪ੍ਰਮਾਤਮਾ ਦੀ ਭਗਤੀ ਕਰਦਾ ਹੈ। ਗੁਰਮੁਖੋ ! ਕਈ ਵਾਰੀ ਜ਼ਬਾਨ ਪ੍ਰਮਾਤਮਾ ਦੀ ਭਗਤੀ ਕਰਦੀ ਹੈ, ਪਰ ਬੰਦੇ ਦੇ ਜੀਵਨ ਦੇ ਲੱਛਣ ਭਗਤ ਵਾਲੇ ਨਹੀਂ ਹੁੰਦੇ। ਜ਼ਬਾਨ ਪ੍ਰਮਾਤਮਾ ਦੀ ਇਬਾਦਤ ਕਰਦੀ ਹੈ, ਪਰ ਜੀਵਨ ਵਿਚ ਸਿਮਰਨ ਦੀ ਝਲਕ ਨਹੀਂ ਮਿਲਦੀ। ਗੁਰੂ ਗ੍ਰੰਥ ਸਾਹਿਬ ਜੀ ਕੋਲੋਂ ਪੁੱਛਦੇ ਹਾਂ ਕਿ ਭਗਤ ਦੀ ਪਰਿਭਾਸ਼ਾ ਕੀ ਹੈ ?

ਸਭ ਤੋਂ ਪਹਿਲਾਂ ਬਾਬਾ ਫ਼ਰੀਦ ਸਾਹਿਬ ਨੇ ਭਗਤ ਦੇ ਜੀਵਨ ਨੂੰ ਨਿਰੂਪਨ ਕਰਦਿਆਂ ਤਿੰਨ ਲੱਛਣ ਦੱਸੇ। ਕਹਿੰਦੇ ਹਨ, ਪ੍ਰਮਾਤਮਾ ਦਾ ਭਗਤ ਉਹ ਹੈ ਜਿਸ ਦਾ ਪਹਿਲਾ ਲੱਛਣ ਇਹ ਹੈ ਕਿ ਉਸ ਕੋਲ ਮੱਤ ਬੜੀ ਹੈ ਪਰ ਆਪਣੇ ਗਿਆਨ ਦੀ ਹੰਗਤਾ ਦੇ ਨਾਲ ਸੰਸਾਰ ਦੇ ਉੱਪਰ ਆਪਣਾ ਅਧਿਕਾਰ ਕਦੀ ਨਹੀਂ ਜਮਾਉਂਦਾ। ਦੂਸਰਾ ਇਹ ਕਿ ਭਗਤ ਆਪਣੀ ਜ਼ਬਾਨ ਤੋਂ ਜੇਕਰ ਇਕ ਸ਼ਬਦ ਕਹੇ ਤਾਂ ਪੂਰੀ ਧਰਤੀ ਹਿਲਾ ਕੇ ਰੱਖ ਸਕਦਾ ਹੈ, ਪਰ ਇੰਨੀ ਤਾਕਤ ਹੋਣ ਦੇ ਬਾਵਜੂਦ ਸਭ ਕੁਝ ਆਪਣੇ ਪਿੰਡੇ 'ਤੇ ਹੀ ਜਰ ਜਾਂਦਾ ਹੈ। ਤੀਸਰਾ ਹੈ ਕਿ ਉਸ ਕੋਲ ਭਾਵੇਂ ਕੁਝ ਵੀ ਨਾ ਹੋਵੇ। ਮੰਨ ਲਿਆ ਜਾਵੇ ਕਿ ਅੱਧੀ ਰੋਟੀ ਹੀ ਹੈ ਤੇ ਭਗਤ ਦੇ ਅੰਦਰ ਇੰਨਾ ਪਰਉਪਕਾਰ ਹੈ ਕਿ ਉਹ ਅੱਧਾ ਪ੍ਰਸ਼ਾਦਾ ਵੀ ਕਿਸੇ ਦੇ ਭਲੇ ਵਾਸਤੇ ਕਿਸੇ ਦੀ ਝੋਲੀ ਵਿਚ ਪਾ ਦਿੰਦਾ ਹੈ।

ਪਿਤਾ ਗੁਰੂ ਰਾਮਦਾਸ ਜੀ ਨੂੰ ਸੇਵਾ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਨੇਤਰਾਂ ਨਾਲ ਦੇਖਿਆ। ਪ੍ਰਿਥੀਏ ਨੇ ਸ਼ੁਰੂ ਤੋਂ ਹੀ ਵਿਰੋਧਤਾ ਕੀਤੀ, ਪਰ ਧੰਨ ਗੁਰੂ ਅਰਜਨ ਦੇਵ ਜੀ ਸਭ ਕੁਝ ਆਪਣੇ ਅੰਦਰ ਜਰੀ ਗਏ। ਉਹਨਾਂ ਨੇ ਜੋ ਬਚਨ ਗੁਰੂ ਬਣ ਕੇ ਕਹੇ,

ਉਹਨਾਂ ਨੇ ਆਪਣੇ ਜੀਵਨ ਵਿਚ ਕਮਾਏ। ਉਹ ਧਰਤੀ ਦੀ ਤਰ੍ਹਾਂ ਧੀਰਜ ਰੱਖਦੇ ਹਨ। ਜੇ ਗੁਰੂ ਨੇ ਪਿਆਰ ਦਾ ਥਾਪੜਾ ਦੇ ਦਿੱਤਾ ਤੇ ਤਾਂ ਵੀ ਸ਼ੁਕਰ, ਜੇ ਕਿਸੇ ਨੇ ਤੌਹੀਨ ਕੀਤੀ ਸੱਕੇ ਭਰਾ ਨੇ ਤੇ ਤਾਂ ਵੀ ਸ਼ੁਕਰ।

*ਬ੍ਰਹਮ ਗਿਆਨੀ ਕੈ ਧੀਰਜੁ ਏਕ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥*

(ਸੁਖਮਨੀ ਸਾਹਿਬ)

ਗੁਰੂ ਰਾਮਦਾਸ ਜੀ ਨੇ ਆਪਣੀ ਗੱਦੀ ਆਪਣੇ ਛੋਟੇ ਪੁੱਤਰ ਧੰਨ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ। ਜਦੋਂ ਗੁਰਗੱਦੀ ਦਿੱਤੀ ਤਾਂ ਉਸ ਵੇਲੇ ਭੱਟ ਸਾਹਿਬ ਦਾ ਜਿਹੜਾ ਅਖ਼ੀਰਲਾ ਸਵੱਯਾ ਹੈ, ਉਹ ਧੰਨ ਗੁਰੂ ਅਰਜਨ ਦੇਵ ਜੀ ਸੱਚੇ ਪਾਤਿਸ਼ਾਹ ਨੂੰ ਮਿਲੀ ਹੋਈ ਗੱਦੀ ਤੇ ਗੁਰੂ ਰਾਮਦਾਸ ਜੀ ਦੇ ਚਲਾਣੇ ਨਾਲ ਸਬੰਧਿਤ ਹੈ। ਉਹ ਸਵੱਯਾ ਹੈ-

*ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥*

ਗੁਰੂ ਰਾਮਦਾਸ ਪ੍ਰਮਾਤਮਾ ਦੇ ਘਰ ਗਏ, ਇਹ ਪ੍ਰਮਾਤਮਾ ਨੂੰ ਭਾਅ ਰਿਹਾ ਹੈ।

*ਹਰਿ ਸਿੰਘਾਸਣੁ ਦੀਅਉ ਸਿਰੀ ਗੁਰੂ ਤਹ ਬੈਠਾਯਉ॥*

(ਅੰਗ ੧੪੦੯)

ਧੰਨ ਗੁਰੂ ਅਰਜਨ ਦੇਵ ਜੀ ਗੁਰੂ ਬਣਦੇ ਹਨ ਤੇ ਹਜ਼ੂਰ ਆਪਣੀ ਮੁਬਾਰਕ ਰਸਨਾ ਤੋਂ 30 ਰਾਗਾਂ ਵਿਚ ਬਾਣੀ ਉਚਾਰਨ ਕਰਦੇ ਹਨ। 2000 ਤੋਂ ਵੱਧ ਸ਼ਬਦ ਧੰਨ ਗੁਰੂ ਅਰਜਨ ਦੇਵ ਜੀ ਦੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਦੇਖੋ, ਸਾਡੇ ਬਚਪਨ ਦੀ ਵੀ ਸਾਨੂੰ ਇਕ ਸੋਝੀ ਮਿਲਦੀ ਹੈ। ਗੁਜਰੀ ਰਾਗ ਦਾ ਇਕ ਸ਼ਬਦ ਹੈ। ਉਹ ਸ਼ਬਦ ਪੜ੍ਹਿਆ ਜਾਂਦਾ ਹੈ-

*ਪੂਤਾ ਮਾਤਾ ਕੀ ਆਸੀਸ॥*

(ਅੰਗ ੪੯੬)

ਇਹ ਸ਼ਬਦ ਜਨਮ ਤੋਂ ਗੱਲ ਸ਼ੁਰੂ ਨਹੀਂ ਕਰਦਾ, ਇਹ ਸ਼ਬਦ ਮੌਤ ਤੋਂ ਗੱਲ ਸ਼ੁਰੂ ਕਰਦਾ ਹੈ। ਇਹ ਰਹਾਉ ਦੀ ਤੁੱਕ ਹੈ, ਪਰ ਇਸ ਦੀ ਸ਼ੁਰੂਆਤ ਆਏ ਹੋਏ ਜਨਮ ਲੈਣ ਵਾਲੇ ਦੇ ਲਈ ਨਹੀਂ, ਇਸ ਸ਼ਬਦ ਦੀ ਸ਼ੁਰੂਆਤ ਹੈ ਸਿਮਰਨ ਦੀ ਤੇ ਸਿਮਰਨ ਖ਼ਾਸ ਕਰਕੇ ਉਹਨਾਂ ਲਈ ਹੈ, ਜਿਹੜੇ ਇਸ ਧਰਤੀ ਤੋਂ ਸਾਡੇ ਬਜ਼ੁਰਗ ਜਾ ਚੁੱਕੇ ਹਨ। ਉਹ ਸ਼ਬਦ ਪ੍ਰਾਰੰਭ ਹੁੰਦਾ ਹੈ—

*ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥*

ਪੁੱਤਰ ਸ਼ਬਦ ਨਹੀਂ। ਪੁੱਤਰ ਆਉਣ ਵਾਲੀ ਪੀੜ੍ਹੀ ਹੈ ਤੇ ਪਿੱਤਰ ਜਾ ਚੁੱਕੇ ਘਰ ਦੇ ਬਜ਼ੁਰਗ ਹਨ। ਆਮ ਤੌਰ 'ਤੇ ਕੋਈ ਇਨਸਾਨ ਕੰਮ ਕਰਦਾ ਹੈ ਤਾਂ ਅਸੀਂ ਜਿੰਨੇ ਵੀ ਹਾਂ, ਸ਼ਬਦ ਵਰਤਦੇ ਹਾਂ ਘਰ ਵਿਚ ਬੈਠ ਕੇ ਕਿ ਕੋਈ ਨਹੀਂ, ਮਿਹਨਤ ਕਰੋ। ਪੁੱਤਰਾਂ ਦੀ ਖ਼ਾਤਰ ਹੀ ਘਰ ਬਣਾਏ ਹਨ। ਇਨਸਾਨ ਦੁਨੀਆਂ ਦਾ ਹਰ ਕੰਮ ਆਉਣ ਵਾਲੀਆਂ ਪੀੜ੍ਹੀਆਂ ਲਈ

SIKHBOOKCLUB.COM

ਵੀ ਕਰਦਾ ਹੈ ਪਰ ਪ੍ਰਮਾਤਮਾ ਦੀ ਭਗਤੀ ਇਹੋ ਜਿਹੀ ਹੈ ਕਿ ਆਉਣ ਵਾਲੀਆਂ ਪੀੜੀਆਂ ਦਾ ਵੀ ਭਲਾ ਕਰਦੀ ਹੈ। ਪ੍ਰਮਾਤਮਾ ਦੀ ਭਗਤੀ ਜਾ ਚੁੱਕੇ ਪਿੱਤਰਾਂ ਦਾ ਵੀ ਭਲਾ ਕਰਦੀ ਹੈ। ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਸਿਮਰਨ ਨਾਲ ਜਾ ਚੁੱਕੇ ਪਿੱਤਰਾਂ ਦਾ ਵੀ ਭਲਾ ਹੁੰਦਾ ਹੈ—

*ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥*
*ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ॥ ੧॥*

ਜਿਸ ਦਾ ਅੰਤ ਕੋਈ ਨਹੀਂ, ਜਿਸ ਦਾ ਪਾਰ ਕਿਸੇ ਨਹੀਂ ਪਾਇਆ।

*ਪੂਤਾ ਮਾਤਾ ਕੀ ਆਸੀਸ॥*
*ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥ ੧॥ ਰਹਾਉ॥*

(ਅੰਗ ੪੯੬)

ਅੱਖ ਝਮਕਣ ਜਿੰਨਾ ਸਮਾਂ ਵੀ ਤੈਨੂੰ ਪ੍ਰਮਾਤਮਾ ਦੀ ਭਗਤੀ ਭੁੱਲੇ ਨਾ। ਵਿਖਿਆਨ ਕਰਨਾ ਤੇ ਵਿਖਿਆਨ ਤੋਂ ਬਾਅਦ ਉਸ ਨੂੰ ਜ਼ਿੰਦਗੀ ਵਿਚ ਧਾਰ ਲੈਣਾ, ਦੋਨਾਂ ਵਿਚ ਬੜਾ ਅੰਤਰ ਹੈ। ਕਥਨੀ ਵਿਚ ਤੇ ਕਰਨੀ ਵਿਚ, ਦੋਨਾਂ ਵਿਚ ਬੜਾ ਅੰਤਰ ਹੈ। ਹਜ਼ੂਰ ਨੇ ਕਿਹਾ ਕਿ ਇਕ ਮਾਂ ਦੇ ਸੀਨੇ ਵਿਚ ਅੰਤਰ-ਆਤਮੇ ਪਏ ਪੁੱਤਰ ਦੇ ਜਿਹੜੇ ਖ਼ਿਆਲ ਹਨ, ਉਹਨਾਂ ਨੂੰ ਨਿਰੂਪਨ ਕੀਤਾ ਹੈ। ਹਰ ਮਾਂ ਚਾਹੁੰਦੀ ਹੈ ਕਿ ਮੇਰੇ ਪੁੱਤਰ ਦੀ ਚੰਗੀ ਖ਼ੁਰਾਕ ਹੋਵੇ। ਆਪ ਸੁੱਕੀ ਰੋਟੀ ਖਾਏਗੀ, ਪਰ ਪੁੱਤਰ ਲਈ ਚੰਗੀ ਖ਼ੁਰਾਕ ਕਿਤੋਂ ਵੀ ਦਿਹਾੜੀ ਮਿਹਨਤ ਕਰਕੇ ਪੈਦਾ ਕਰਨੀ ਪਵੇ, ਸੁੱਕੀ ਰੋਟੀ ਖਾ ਕੇ ਵੀ ਪੁੱਤਰ ਨੂੰ ਚੰਗੀ ਖ਼ੁਰਾਕ ਦੇਵੇਗੀ।

ਦੂਜਾ, ਆਪ ਮਾਂ ਪਾਟੇ ਬਸਤਰ ਹੰਢਾ ਲਏਗੀ। ਝੌਂਪੜੀ ਵਿਚ ਰਹਿਣ ਵਾਲੀ ਵੀ ਚਾਹੇਗੀ ਕਿ ਮੇਰੇ ਪੁੱਤਰ ਦੀ ਪੁਸ਼ਾਕ ਸੋਹਣੀ ਹੋਵੇ।

ਤੀਜਾ, ਮਾਂ ਦੇ ਅੰਦਰ ਮਮਤਾ ਹੈ, ਆਪ ਭਾਵੇਂ ਉਹ ਇਕ ਅੱਖਰ ਵੀ ਨਹੀਂ ਪੜ੍ਹੀ, ਕੋਰੀ ਅਨਪੜ੍ਹ ਹੈ, ਪਰ ਉਹ ਇਹ ਚਾਹੇਗੀ ਕਿ ਮੇਰੀ ਕੁੱਖ ਵਿਚੋਂ ਜਿਸ ਬੱਚੇ ਨੇ ਜਨਮ ਲਿਆ ਹੈ, ਉਹ ਤਾਲੀਮ ਬਹੁਤ ਉੱਚੀ ਹਾਸਿਲ ਕਰੇ।

ਚੌਥਾ, ਮਾਂ ਚਾਹੇਗੀ ਕਿ ਮੇਰੇ ਪੁੱਤਰ ਦੀ ਸੁਹਬਤ, ਮੇਰੇ ਪੁੱਤਰ ਦੀ ਸੰਗਤ ਬਹੁਤ ਉੱਚੇ ਲੋਕਾਂ ਨਾਲ ਹੋਵੇ। ਕੋਈ ਵੀ ਮਾਂ ਨਹੀਂ ਚਾਹੁੰਦੀ ਕਿ ਮੇਰਾ ਪੁੱਤਰ ਕੋਈ ਉਲਾਹਮਾ ਲੈ ਕੇ ਆਵੇ। ਪਰ ਗੁਰੂ-ਮਾਂ ਦੀ ਆਸੀਸ ਕੀ ਹੈ ? ਹਜ਼ੂਰ ਨੇ ਕਿਹਾ ਹੈ ਕਿ ਬੇਟਾ ! ਮਾਂ ਤਨ ਦੀ ਪੁਸ਼ਾਕ ਚਾਹੁੰਦੀ ਹੈ। ਉਹ ਪੁਸ਼ਾਕ ਗਰਮੀ, ਸਰਦੀ ਤੇ ਬਰਸਾਤ ਨੂੰ ਢੱਕ ਸਕਦੀ ਹੈ ਪਰ ਗੁਰੂ-ਮਾਂ ਤੈਨੂੰ ਆਸੀਸ ਦਿੰਦੀ ਹੈ ਕਿ ਤੈਨੂੰ ਜਿਹੋ ਜਿਹੀ ਵੀ ਪੁਸ਼ਾਕ ਮਿਲੇ, ਪ੍ਰਮਾਤਮਾ ਤੇਰੇ ਇਸ ਸੰਸਾਰ ਵਿਚ ਵੀ ਪਰਦੇ ਢੱਕੇ ਤੇ ਜਦੋਂ ਦੁਨੀਆਂ ਤੋਂ ਕੂਚ ਕਰੇਂ ਤਾਂ ਅੱਗੇ ਪਰਲੋਕ ਵਿਚ ਵੀ ਤੇਰੇ ਪਰਦੇ ਢੱਕੇ। ਕਹਿਣ ਲੱਗੇ, ਕਿ ਹਰ ਮਾਂ ਆਪਣੇ ਪੁੱਤਰ ਨੂੰ ਸੁਆਦਿਸ਼ਟ ਭੋਜਨ ਦਿੰਦੀ ਹੈ, ਪਰ

ਬੇਟਾ ! ਪ੍ਰਮਾਤਮਾ ਦਇਆ ਕਰੇ, ਤੇਰੇ ਲਈ ਭੋਜਨ ਕੀਰਤਨ ਬਣ ਜਾਏ। ਕੀਰਤਨ ਦਾ ਭੋਜਨ ਆਤਮਾ ਨੂੰ ਬਲਵਾਨ ਕਰੇਗਾ। ਪੱਤ ਦਾ ਕੱਪੜਾ ਲੋਕ ਪ੍ਰਲੋਕ ਵਿਚ ਤੇਰੀ ਇੱਜ਼ਤ ਢੱਕੇਗਾ ਤੇ ਤੀਜਾ ਬਚਨ ਕੀਤਾ ਕਿ ਤੇਰੀ ਸੁਹਬਤ ਪ੍ਰਮਾਤਮਾ ਦੇ ਰੰਗ ਵਿਚ ਰੱਤੇ ਹੋਏ ਗੁਰਮੁਖਾਂ ਦੇ ਨਾਲ ਹੋਵੇ। ਸਤਿਗੁਰੂ ਤੇਰੇ 'ਤੇ ਦਇਆਲੂ ਹੋਵੇ। ਤੇਰੀ ਜੀਭ ਵਿਚ ਜਦੋਂ ਵੀ ਸੁਆਦ ਦੀ ਲਾਲਸਾ ਪੈਦਾ ਹੋਵੇ ਤਾਂ ਤੂੰ ਗੁਰੂ ਦੇ ਨਾਮ ਅੰਮ੍ਰਿਤ ਨੂੰ ਰੋਜ਼ ਚੱਖੇਂ।

ਅਗਲਾ ਬਚਨ ਕੀਤਾ ਕਿ ਤੂੰ ਇੰਨਾ ਗੁਣਵਾਨ ਹੋਵੇਂ। ਮਹਾਰਾਜ ਜੀ ਦੇ ਬਚਨ ਆਉਂਦੇ ਹਨ–

*ਸਤਿਗੁਰ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ॥*
*ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ॥ ੨॥*
*ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥*
*ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥ ੩॥*

ਜਿਹੜੀਆਂ ਅਗਲੀਆਂ ਦੋ ਤੁਕਾਂ ਹਨ, ਵਾਹਿਗੁਰੂ ਕ੍ਰਿਪਾ ਕਰੇ, ਹਰ ਬੱਚੇ ਦੇ ਧੁਰ ਅੰਦਰ ਇਹ ਦੋ ਤੁਕਾਂ ਵੱਸ ਜਾਣ। ਕਹਿਣ ਲੱਗੇ—ਬੇਟਾ ! ਪ੍ਰਮਾਤਮਾ ਤੈਨੂੰ ਭਵਰੇ ਵਰਗੀ ਬਿਰਤੀ ਦੇ ਦੇਵੇ। ਇਹ ਭਵਰੇ ਦੀ ਬਿਰਤੀ ਕਿਉਂ ਕਿਹਾ ? ਗੁਰਮੁਖੋ ! ਭਵਰਾ ਕਮਲ ਦੇ ਫੁੱਲ 'ਤੇ ਬੈਠਦਾ ਹੈ। ਕਮਲ ਦਾ ਫੁੱਲ ਚਿੱਕੜ ਵਿਚੋਂ ਪੈਦਾ ਹੋਇਆ ਹੈ। ਉਸ ਦਾ ਫੁੱਲ ਪਾਣੀ ਤੋਂ ਉੱਪਰ ਸੂਰਜ ਦੀਆਂ ਕਿਰਨਾਂ ਨੂੰ ਦੇਖ ਕੇ ਖਿੜਾਉ ਵਿਚ ਆਉਂਦਾ ਹੈ। ਇਥੇ ਇਹ ਕਿਹਾ ਗਿਆ ਹੈ ਕਿ ਤੂੰ ਭਵਰਾ ਬਣੀਂ, ਕਿਉਂਕਿ ਕਮਲ ਦੇ ਫੁੱਲ ਦੀਆਂ ਜੜ੍ਹਾਂ ਵਿਚ ਇਕ ਡੱਡੂ ਵੀ ਰਹਿੰਦਾ ਹੈ। ਮਾਂ ਚਾਹੁੰਦੀ ਹੈ ਕਿ ਤੂੰ ਭਵਰਾ ਬਣ, ਤੂੰ ਦੂਰ ਤੋਂ ਆਵੇਂ ਤੇ ਸਿਖਰ 'ਤੇ ਬੈਠ ਕੇ ਕੇਵਲ ਸੁਰਾਂ ਦੀ ਸੁਗੰਧੀ ਲਵੇਂ। ਰੱਬ ਕਦੀ ਨਾ ਕਰੇ ਕਿ ਤੂੰ ਡੱਡੂ ਵਾਲੀ ਬਿਰਤੀ ਲੈ ਕੇ ਕਿਤੇ ਲੋਕਾਂ ਦੇ ਔਗੁਣ ਹੀ ਇਕੱਠਾ ਕਰਦਾ ਰਹੇਂ। ਤੂੰ ਭਵਰਾ ਬਣ।

*ਭਵਰੁ ਤੁਮ੍ਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ॥*
*ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ॥ ੪॥*

(ਅੰਗ ੪੯੬)

ਧੰਨ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਬਚਪਨ ਵਿਚ ਵੀ ਬੱਚਿਆਂ ਦਾ ਜੀਵਨ ਘੜਨ ਲਈ ਗੁਰੂ ਦੀ ਅਸੀਸ ਕੀ ਹੈ, ਇਸ ਆਸੀਸ ਦੀ ਦਾਤ ਸਾਨੂੰ ਗੁਜਰੀ ਰਾਗ ਵਿਚ ਬਖ਼ਸ਼ੀ।

ਹਰਿਮੰਦਰ ਸਾਹਿਬ ਧੰਨ ਗੁਰੂ ਅਰਜਨ ਦੇਵ ਜੀ ਨੇ ਇਸ ਕੌਮ 'ਤੇ ਪਰਉਪਕਾਰ ਕਰਕੇ ਸਾਨੂੰ ਦਿੱਤਾ। ਹਜ਼ੂਰ ਨੇ ਆਪਣੇ ਹੱਥੀਂ ਇਸ ਦੀ ਉਸਾਰੀ ਕਰਾਈ। ਸਭ ਤੋਂ ਵੱਡੀ ਮੇਹਰ ਜਿਹੜੀ ਸਾਡੇ 'ਤੇ ਕੀਤੀ ਕਿ ਸਾਰੀ ਬਾਣੀ ਨੂੰ, ਇਕ ਥਾਂ 'ਤੇ ਇਕੱਤਰ ਕਰ ਦਿੱਤਾ। ਧੰਨ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਬਾਣੀ ਆਈ ਹੈ। ਉਹਨਾਂ ਨੇ ਬਾਣੀ ਦੇ ਦੀਦਾਰ ਕੀਤੇ।

ਪੋਥੀਆਂ ਸਾਹਿਬ ਦੇ ਪ੍ਰਕਾਸ਼ ਕੀਤੇ। ਜੋ ਕੁਝ ਗੁਰੂ ਗ੍ਰੰਥ ਸਾਹਿਬ ਵਿਚੋਂ ਖ਼ਜ਼ਾਨਾ ਮਿਲਿਆ, ਮੇਰੇ ਸਤਿਗੁਰੂ ਨੇ ਪਹਿਲੇ ਗੁਰੂ ਸਾਹਿਬਾਨਾਂ ਦੇ ਸ਼ੁਕਰ ਲਈ ਆਪਣੀ ਮੁਬਾਰਕ ਰਸਨਾ ਤੋਂ ਸ਼ਬਦ ਉਚਾਰਨ ਕੀਤੇ-

*ਹਮ ਧਨਵੰਤ ਭਾਗਠ ਸਚ ਨਾਇ॥*

ਅਸੀਂ ਅਮੀਰ ਹਾਂ। ਕਿਉਂ ? ਕਿਉਂਕਿ ਗੁਰੂ ਨਾਨਕ ਦੀ ਕਮਾਈ ਸਾਡੀ ਝੋਲੀ ਵਿਚ ਪੈ ਗਈ ਹੈ। ਸ਼ਾਇਦ ਇਹ ਸੰਸਾਰ ਦੇ ਕਿਸੇ ਹੋਰ ਧਰਮ ਦੇ ਹਿੱਸੇ ਨਹੀਂ ਆਇਆ।

*ਹਰਿ ਗੁਣ ਗਾਵਹ ਸਹਿਜ ਸੁਭਾਇ॥੧॥ ਰਹਾਉ॥*
*ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥*
*ਤਾ ਮੇਰੈ ਮਨਿ ਭਇਆ ਨਿਧਾਨਾ॥੧॥*
*ਰਤਨ ਲਾਲ ਜਾ ਕਾ ਕਛੂ ਨ ਮੋਲੁ॥*
*ਭਰੇ ਭੰਡਾਰ ਅਖੂਟ ਅਤੋਲ॥੨॥*
*ਖਾਵਹਿ ਖਰਚਹਿ ਰਲਿ ਮਿਲਿ ਭਾਈ॥*
*ਤੋਟਿ ਨ ਆਵੈ ਵਧਦੋ ਜਾਈ॥੩॥*

(ਅੰਗ ੧੮੫)

SIKHBOOKCLUB.COM

ਗੁਰੂ ਅਰਜਨ ਦੇਵ ਜੀ ਨੇ ਆਪਣੀ ਹਿਆਤੀ ਵਿਚ ਭਾਈ ਗੁਰਦਾਸ ਜੀ ਨੂੰ ਕਲਮ ਫੜਾਈ। ਕਾਗ਼ਜ਼, ਕਲਮ ਤੇ ਸਿਆਹੀ ਦੀ ਸੇਵਾ ਭਾਈ ਬੰਨੋ ਜੀ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕਾਗ਼ਜ਼ ਉੱਪਰ ਲਿਖੀ ਹੈ, ਪਰ ਸੱਜਣਾ ! ਕਦੀ ਅੰਦਰ ਦੀ ਅਸ਼ਰਧਾ ਤੇ ਤਰਕ ਨਾਲ ਇਹ ਨਾ ਕਹੀਂ ਕਿ ਇਹ ਕਾਗ਼ਜ਼ ਹੈ, ਇਹ ਕਾਲੇ ਅੱਖਰ ਹਨ। ਗੁਰੂ ਗ੍ਰੰਥ ਸਾਹਿਬ ਤੋਂ ਪੁੱਛ ਤੇ ਗੁਰੂ ਗ੍ਰੰਥ ਸਾਹਿਬ ਕਹਿਣਗੇ, ਨਹੀਂ-

*ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ॥*
*ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥੧॥*

(ਅੰਗ ੧੨੯੧)

ਕਾਗ਼ਜ਼ ਵੀ ਧੰਨ ਹੈ, ਕਲਮ ਵੀ ਧੰਨ ਹੈ, ਸਿਆਹੀ ਵੀ ਧੰਨ ਹੈ ਤੇ ਦਵਾਤ ਵੀ ਧੰਨ ਹੈ। ਗੁਰੂ ਅਰਜਨ ਸਾਹਿਬ ਨੇ ਜਿਹੜੀ ਤਰਤੀਬ ਰੱਖੀ, ਸਭ ਤੋਂ ਪਹਿਲੀ ਬਾਣੀ ਜਿਹੜੀ ਹੈ, ਇਸ ਉੱਪਰ ਨਾ ਤਾਂ ਰਾਗ ਹੈ ਤੇ ਨਾ ਇਸ ਬਾਣੀ ਉੱਪਰ ਮਹਲਾ ਹੈ। ਹੈ ਬਾਣੀ ਗੁਰੂ ਨਾਨਕ ਸਾਹਿਬ ਜੀ ਦੀ ਪਰ ਮਹਲਾ ੧ ਸ਼ਬਦ ਨਹੀਂ ਆਇਆ। ਇਸ ਬਾਣੀ ਦੀਆਂ 38 ਪਉੜੀਆਂ ਹਜ਼ੂਰ ਨੇ ਦਰਜ ਕੀਤੀਆਂ। ਪਹਿਲੀ ਬਾਣੀ ਜਪੁ, ਦੂਜੀ ਬਾਣੀ ਅੰਕਿਤ ਕੀਤੀ ਸੋ ਦਰੁ, ਤੀਸਰੀ ਬਾਣੀ ਦਾ ਸਿਰਲੇਖ ਹੈ ਸੋ ਪੁਰਖ ਤੇ ਚੋਥੀ ਬਾਣੀ ਦਰਜ ਕੀਤੀ ਸੋਹਿਲਾ।

ਮਹਾਰਾਜ ਨੇ ਬਾਣੀ ਦੇ ਸ਼ਬਦ ਵਿਚ ਤਾਂ ਕਮਾਈ ਦਿੱਤੀ ਹੀ, ਗੁਰੂ ਅਰਜਨ ਦੇਵ ਜੀ ਨੇ ਇਕ ਕ੍ਰਿਪਾ ਕੀਤੀ ਕਿ ਉਹਨਾਂ ਨੇ ਬਾਣੀ ਦੀ ਤਰਤੀਬ ਵਿਚ ਵੀ ਇਕ ਜੀਵਨ ਦੇ ਦਿੱਤਾ। ਕਹਿਣ ਲੱਗੇ, ਤੇਰੀ ਆਤਮਕ ਜੀਵਨ ਦੀ ਸ਼ੁਰੂਆਤ ਜਪੁ ਨਾਲ ਹੋਣੀ ਹੈ। ਜੇ ਰਸਨਾ ਨਾਲ ਜੱਪੇਂਗਾ ਤਾਂ ਅਗਲਾ ਸਿਰਲੇਖ ਹੈ ਸੋ ਦਰੁ। ਜੱਪਣ ਵਾਲੇ ਹੀ ਉਸ ਦੇ ਦਰ ਤੱਕ ਪਹੁੰਚਣਗੇ। ਜਿਹੜੇ ਦਰ ਤੱਕ ਪਹੁੰਚਣਗੇ, ਉਹੀ ਸੋ ਪੁਰਖ ਦੇ ਨਾਲ ਮਿਲਣਗੇ। ਜਿਸ ਨੂੰ ਸੋ ਪੁਰਖ ਮਿਲ ਗਿਆ ਗੁਰਮੁਖੋ ! ਉਸ ਦੀ ਜ਼ਿੰਦਗੀ ਵਿਚ ਚਿੰਤਾ ਰੋਣਾ ਨਹੀਂ। ਉਸ ਦੀ ਜ਼ਿੰਦਗੀ ਵਿਚ ਸੁੱਖ ਹੀ ਹੈ।

ਪਹਿਲਾ ਰਾਗ ਧੰਨ ਗੁਰੂ ਅਰਜਨ ਦੇਵ ਜੀ ਨੇ ਸ੍ਰੀਰਾਗੁ ਦਰਜ ਕੀਤਾ। ਅਖ਼ੀਰ ਵਾਲਾ ਰਾਗ ਧੰਨ ਗੁਰੂ ਅਰਜਨ ਦੇਵ ਜੀ ਨੇ ਪ੍ਰਭਾਤੀ ਦਰਜ ਕੀਤਾ। ਜਦੋਂ ਸਾਨੂੰ ਬਚਨ ਦਿੱਤੇ ਤਾਂ ਜੋ ਚੀਜ਼ ਜਿਹੜੀ ਬਾਹਰਮੁੱਖੀ ਸੀ, ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਅੰਤਰਮੁਖੀ ਕਰ ਦਿੱਤਾ। ਉਸ ਵੇਲੇ ਲੋਕ ਧੂਣੀਆਂ 'ਤੇ ਵਾਰਾਂ ਗਾਉਂਦੇ ਸਨ। ਇਕ ਹੋਰ ਬੇਨਤੀ ਹੈ ਕਿ ਅੰਮ੍ਰਿਤ ਵੇਲੇ ਵਾਰ ਗਾਉਣ ਲਈ ਕਿਉਂ ਦੇ ਦਿੱਤੀ ? ਕਹਿਣ ਲੱਗੇ ਕਿ ਸੂਰਜ ਦੀ ਟਿੱਕੀ ਨਿਕਲੀ ਤੇ ਆਸਾ ਦੀ ਵਾਰ ਦੀ ਸਮਾਪਤੀ। ਵਾਰ ਦਾ ਸੰਬੰਧ ਸੂਰਮਿਆਂ ਦੀ ਬਹਾਦਰੀ ਨਾਲ ਹੁੰਦਾ ਹੈ। ਵਾਰ ਦਾ ਸੰਬੰਧ ਬੁਜ਼ਦਿਲ, ਕਾਇਰ, ਡਿੱਗ ਚੁੱਕੇ ਬੰਦਿਆਂ ਵਿਚ ਸੂਰਮਤਾਈ ਪੈਦਾ ਕਰਨਾ ਹੁੰਦਾ ਹੈ। ਆਸਾ ਦੀ ਵਾਰ ਦਿੱਤੀ। ਇਸ ਯੋਧੇ ਦੀ ਵਾਰ ਕੋਈ ਸੁਣੇ ਤਾਂ ਬੁਜ਼ਦਿਲ ਵਿਚ ਰਣ-ਤੱਤੇ ਵਿਚ ਜੂਝਣ ਲਈ, ਸ਼ਹੀਦ ਹੋਣ ਲਈ ਤਿਆਰ ਹੋ ਜਾਂਦਾ ਹੈ। ਜਿਹੜਾ ਅੰਮ੍ਰਿਤ ਵੇਲੇ ਆਸਾ ਦੀ ਵਾਰ ਸੁਣੇਗਾ, ਉਹ ਜੀਵਨ ਦੇ ਸੰਗਰਾਮ ਵਿਚ ਜੂਝੇਗਾ ਤੇ ਕਦੀ ਜ਼ਿੰਦਗੀ ਦੀ ਬਾਜ਼ੀ ਹਾਰ ਕੇ ਨਹੀਂ ਜਾਏਗਾ। ਕਰਮ ਕਾਂਡ, ਪਾਖੰਡ, ਰੂਹਾਨੀਅਤ, ਪੂਜਾ ਸਭ ਕੁਝ ਆਸਾ ਦੀ ਵਾਰ ਵਿਚ ਹੈ। ਅਖ਼ੀਰ ਵਿਚ ਸਭ ਕੁਝ ਚੁੱਕ ਕੇ ਲੈ ਗਏ। ਕਹਿਣ ਲੱਗੇ-

*ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ॥*

(ਆਸਾ ਦੀ ਵਾਰ)

ਵਡਹੰਸ ਰਾਗ ਵਿਚ ਮਹਾਰਾਜ ਜੀ ਨੇ ਘੋੜੀਆ ਦਰਜ ਕੀਤੀਆਂ। ਘੋੜੀਆ ਮੁਕੰਮਲ ਹੁੰਦੀਆਂ ਹਨ ਤੇ ਉਸ ਤੋਂ ਅਗਲੀ ਜਿਹੜੀ ਬਾਣੀ ਹੈ, ਉਹ ਹੈ ਅਲਾਹਣੀਆ। ਹੁਣ ਘੋੜੀਆਂ ਦਾ ਸੰਬੰਧ ਪੰਜਾਬੀ ਕਲਚਰ ਦੇ ਉਸ ਫੋਕ ਨਾਲ ਹੈ ਕਿ ਜਦੋਂ ਘਰ ਵਿਚ ਬੱਚੇ ਦਾ ਵਿਆਹ ਹੁੰਦਾ ਹੈ ਤੇ ਭੈਣਾਂ ਆਪਣੇ ਵੀਰ ਦੀਆਂ ਸੁਹਾਗ ਦੀਆਂ ਘੋੜੀਆਂ ਗਾਉਂਦੀਆਂ ਹਨ। ਮਹਾਰਾਜ ਨੇ ਘੋੜੀ ਦੀ ਤਰਜ਼ ਲਈ ਤੇ ਨਾਲ ਇਕ ਗੱਲ ਕਹੀ ਕਿ ਭਾਈ ਸਿੱਖੋ ! ਸਰੀਰ ਇਕ ਘੋੜੀ ਹੈ ਤੇ ਇਸ ਘੋੜੀ ਦਾ ਲਾਭ ਤਾਂ ਹੈ ਜੇ ਇਸ ਘੋੜੀ ਦੇ ਖ਼ਤਮ ਹੋਣ ਤੋਂ ਪਹਿਲਾਂ-ਪਹਿਲਾਂ ਤੇਰੀ ਆਤਮਾ ਇਸ ਦੀ ਸਵਾਰੀ ਕਰਕੇ ਪ੍ਰਮਾਤਮਾ ਦੇ ਘਰ ਵਿਚ ਚਲੀ ਜਾਵੇ। ਜੇ ਘੋੜੀ ਖ਼ੁਰਾਕ ਵੀ ਖਾਂਦੀ ਰਹੀ, ਕਾਠੀ ਵੀ ਕੀਮਤੀ ਪਾਈ ਰੱਖੀ ਤੇ ਚਾਰ ਕਦਮ ਵੀ ਨਾ ਤੁਰੀ ਤਾਂ ਅਫ਼ਸੋਸ ! ਉਸ ਘੋੜੀ ਨੇ ਜਿਸ ਨੇ ਸਭ ਕੁਝ ਖਾਇਆ ਵੀ, ਪਾਇਆ ਵੀ, ਪਰ ਆਪਣੇ ਮਾਲਕ ਨੂੰ ਅਸਵਾਰੀ ਇਕ ਕਦਮ ਵੀ ਨਹੀਂ ਕਰਾਈ।

ਪਹਿਲਾਂ ਘੋੜੀਆ, ਫਿਰ ਅਲਾਹਣੀਆਂ। ਅਲਾਹਣੀਆਂ ਘੋੜੀਆ ਤੋਂ ਬਾਅਦ ਕਿਉਂ ? ਘੋੜੀਆਂ ਵਿਆਹ ਵੇਲੇ ਗਾਈਆਂ ਜਾਂਦੀਆਂ ਹਨ ਤੇ ਅਲਾਹਣੀਆਂ ਅਰਥੀ ਵੇਲੇ ਗਾਈਆਂ ਜਾਂਦੀਆਂ ਹਨ। ਮਹਾਰਾਜ ਨੇ ਸਾਨੂੰ ਸਮਝਾ ਕੇ ਕਿਹਾ— ਬਾਣੀ ਪੜ੍ਹਨ ਵਾਲਿਆ ! ਜੇ ਘਰ ਵਿਚ ਅੱਜ ਪੁੱਤਰ ਦੀ ਘੋੜੀ ਗਾਈ ਜਾ ਰਹੀ ਹੈ ਤਾਂ ਖ਼ੁਸ਼ੀ ਵਿਚ ਰੱਬ ਨੂੰ ਭੁੱਲ ਨਾ ਜਾਈਂ। ਜਿਸ ਦੀ ਘੋੜੀ ਗਾਈ ਗਈ, ਇਸ ਦੀ ਕੱਲ ਨੂੰ ਅਲਾਹਣੀ ਵੀ ਪੜ੍ਹੀ ਜਾਣੀ ਹੈ।

ਤਰਤੀਬ ਦਿੰਦਿਆਂ ਰਾਮਕਲੀ ਰਾਗ ਵਿਚ ਆਏ ਹਨ। ਆਨੰਦ ਸਾਹਿਬ ਨੌਂ ਤੋਂ ਸਤਾਰਾਂ ਅੰਗ 'ਤੇ ਗੁਰੂ ਅਰਜਨ ਦੇਵ ਜੀ ਨੇ ਦਰਜ ਕੀਤਾ। 40 ਪਉੜੀਆਂ ਸੰਪੂਰਨ ਹੋਈਆਂ ਤੇ ਜਿਹੜੀ ਅਗਲੀ ਬਾਣੀ ਹੈ, ਉਹ ਹੈ ਬਾਬੇ ਸੁੰਦਰ ਜੀ ਦੀ ਉਚਾਰਨ ਕੀਤੀ ਸਦ ਹੈ। ਸਦ ਦੀਆਂ 6 ਪਉੜੀਆਂ ਹਨ। ਆਨੰਦ ਸਾਹਿਬ ਗੁਰੂ ਅਮਰਦਾਸ ਜੀ ਦਾ ਹੈ ਤੇ ਸਦ ਵਿਚ ਗੁਰੂ ਅਮਰਦਾਸ ਜੀ ਦੇ ਚਲਾਣੇ ਦਾ ਵਸੀਅਤਨਾਮਾ ਹੈ।

ਇਕ ਵਿਦਵਾਨ ਲਿਖਦਾ ਹੈ ਕਿ ਆਨੰਦ ਸਾਹਿਬ ਸਾਡੀ ਜ਼ਿੰਦਗੀ ਦਾ ਅਟੁੱਟ ਅੰਗ ਹੈ। ਅਸੀਂ ਜ਼ਿੰਦਗੀ ਦੇ ਹਰ ਕਰਮ ਵਿਚ ਖ਼ੁਸ਼ੀ ਗ਼ਮੀ, ਵਿਆਹ 'ਤੇ-

*ਅਨੰਦੁ ਭਇਆ ਮੇਰੀ ਮਾਏ*

ਨੂੰ ਭੁੱਲਦੇ ਨਹੀਂ। ਗੁਰੂ ਜੀ ਨੇ ਕਿਹਾ, ਬਾਣੀ ਪੜ੍ਹਨ ਵਾਲਿਆ ! ਯਾਦ ਰੱਖੀਂ, ਜ਼ਿੰਦਗੀ ਵਿਚ ਕਦੀ ਅਨੰਦੁ ਸਾਹਿਬ ਨੂੰ ਭੁੱਲੀਂ ਨਾ ਤੇ ਅਨੰਦੁ ਸਾਹਿਬ ਦੇ ਨਾਲ ਚੇਤੇ ਰੱਖੀਂ, ਸਦ ਨੂੰ ਵੀ ਕਦੀ ਭੁੱਲੀਂ ਨਾ। ਜਿਸ ਦਿਨ ਤੇਰੇ ਘਰ ਵਿਚ ਮੌਤ ਦਾ ਸੱਦਾ ਆ ਜਾਏ, ਉਸ ਦਿਨ ਅਨੰਦੁ ਨੂੰ ਚੇਤੇ ਜ਼ਰੂਰ ਰੱਖੀਂ।

ਜਦੋਂ ਬਾਣੀ ਸੰਗ੍ਰਹਿ ਹੋ ਰਹੀ ਹੈ, ਉਥੇ ਇਕ ਬਹੁਤ ਵੱਡੀ ਕ੍ਰਿਪਾ ਹੋਰ ਕੀਤੀ ਜਿਹੜਾ ਸ਼ਹਾਦਤ ਦਾ ਇਕ ਕਾਰਨ ਵੀ ਬਣਿਆ। ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਜਦੋਂ ਬਾਣੀ ਰੱਚ ਰਹੇ ਹਨ ਤਾਂ ਚਾਰ ਭਗਤ ਆਏ ਹਨ। ਆਪਣੇ ਆਪ ਨੂੰ ਅਖੌਤੀ ਭਗਤ ਕਹਿੰਦੇ ਹਨ। ਇਹਨਾਂ ਵਿਚ ਕਾਹਨਾ, ਪੀਲੂ, ਛੱਜੂ ਤੇ ਸ਼ਾਹ ਹੁਸੈਨ ਹੈ। ਇਹਨਾਂ ਨੇ ਕਿਹਾ, ਮਹਾਰਾਜ ! ਤੁਸੀਂ ਬਾਣੀ ਲਿਖਾਉਂਦੇ ਪਏ ਹੋ ਉਹਨਾਂ ਦੀ, ਜਿਹੜੇ ਦੁਨੀਆਂ ਵਿਚੋਂ ਜਾ ਚੁੱਕੇ ਭਗਤ ਹਨ। ਅਸੀਂ ਅਜੇ ਕਾਇਮ ਹਾਂ। ਤੁਸੀਂ ਸਾਡੀ ਰਚਨਾ ਕਿਉਂ ਨਹੀਂ ਲਿਖਾ ਰਹੇ ? ਧੰਨ ਗੁਰੂ ਅਰਜਨ ਸਾਹਿਬ ਨੇ ਕਿਹਾ, ਤੁਸੀਂ ਸੁਣਾਉ। ਉਹਨਾਂ ਨੇ ਸ਼ੁਰੂ ਕੀਤੀ। ਕਾਹਨੇ ਨੇ ਕਿਹਾ-

ਮੈਂ ਉਹੀ ਰੇ ਮੈਂ ਉਹੀ ਰੇ।

ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਤੂੰ ਕਹਿ ਰਿਹਾ ਹੈਂ, ਮੈਂ ਉਹੀ ਰੇ, ਪਰ ਇਸ ਘਰ ਵਿਚ ਤਾਂ ਆਵਾਜ਼ ਆ ਰਹੀ ਹੈ-

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥*

(ਅੰਗ ੬੫੭)

ਦੂਜਾ ਭਗਤ ਪੀਲੂ ਸੀ। ਉਸ ਨੇ ਕਿਹਾ—ਅਸਾਂ ਨਾਲੋਂ ਚੰਗੇ ਜੰਮਦਿਆਂ ਮਰ ਗਏ। ਚਿਕੜ ਪੈਰ ਨਾ ਗੋਡਿਆ ਨਾ ਅਙੂਰ ਭਏ। ਕਹਿਣ ਲੱਗਾ, ਸਾਡੇ ਨਾਲੋਂ ਤਾਂ ਚੰਗੇ ਜਿਹੜੇ ਜੰਮਦੇ ਮਰ ਗਏ, ਦੁਨੀਆਂ ਦੇ ਦੁੱਖਾਂ ਵਿਚ ਤਾਂ ਨਾ ਫੱਸੇ। ਮਹਾਰਾਜ ਨੇ ਕਿਹਾ ਕਿ ਇੰਨੀ ਨਿਰਾਸਤਾ। ਸਾਡੇ ਘਰ ਤਾਂ ਆਵਾਜ਼ ਆਉਂਦੀ ਹੈ-

*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥ ੧ ॥ ਰਹਾਉ॥*

(ਅੰਗ ੧੭੬)

*ਆਗਾਹਾ ਕੂ ਤ੍ਰਾਘਿ ਪਿਛਾਹ ਫੇਰਿ ਨ ਮੁਹਡੜਾ॥*
*ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥ ੧ ॥*

(ਅੰਗ ੧੦੯੬)

ਜੰਮਦਿਆਂ ਮਰ ਨਾ। ਚੇਤੇ ਰੱਖੀਂ, ਜਨਮ ਲੈ ਕੇ ਸੰਘਰਸ਼ ਕਰ ਤੇ ਜ਼ਿੰਦਗੀ ਦੀ ਬਾਜ਼ੀ ਜਿੱਤ ਕੇ ਜਾ। ਤੀਸਰਾ ਭਗਤ ਆਇਆ ਛੱਜੂ। ਉਸ ਨੇ ਕਿਹਾ—ਕਾਗਦ ਸੰਮੀ ਪੂਤਰੀ ਤਉ ਨਾ ਪਿਰਿਆ ਨਿਹਾਲ॥ ਕਾਗ਼ਜ਼ ਦੀ ਬਣੀ ਹੋਈ ਇਸਤਰੀ ਦੇਖਣਾ ਵੀ ਪਾਪ ਹੈ। ਮਹਾਰਾਜ ਨੇ ਕਿਹਾ, ਆਪਣੇ ਆਪ ਨੂੰ ਭਗਤ ਕਹਿੰਦੇ ਹੋ, ਜਨਮ ਕਿਸ ਨੇ ਦਿੱਤਾ ਹੈ ? ਸਾਡੇ ਘਰ ਤਾਂ ਸ਼ਬਦ ਹਨ-

SIKHBOOKCLUB.COM

*ਆਪ ਲੀਏ ਲੜਿ ਲਾਇ ਦਰਿ ਦਰਵੇਸ ਸੇ॥*
*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥*

(ਅੰਗ ੪੮੮)

ਚੌਥਾ ਆਇਆ ਤੇ ਉਸ ਨੇ ਕਿਹਾ-ਚੁਪ ਵੇ ਅੜਿਆ ਚੁਪ ਵੇ ਅੜਿਆ। ਬੋਲਣ ਦੀ ਨਹੀਂ ਜਾ ਵੇ ਅੜਿਆ। ਮਹਾਰਾਜ ਕਹਿੰਦੇ ਹਨ ਕਿ ਜ਼ਬਾਨ ਚੁੱਪ ਕਰ ਜਾਏ ਪਰ ਮਨ ਬੋਲੀ ਜਾਏ ਤਾਂ ਜ਼ਬਾਨ ਦੀ ਚੁੱਪ ਦਾ ਕੋਈ ਇਲਾਜ ਨਹੀਂ। ਸਾਡੇ ਘਰ ਵਿਚ ਪਹਿਲੀ ਪਉੜੀ ਇਹ ਹੈ-

*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥*

(ਜਪੁ ਜੀ ਸਾਹਿਬ)

ਹਾਂ, ਇਸ ਘਰ ਵਿਚ ਬੋਲਣ ਦਾ ਤੇ ਚੁੱਪ ਕਰਨ ਦਾ ਸਲੀਕਾ ਹੈ। ਉਹ ਸਲੀਕਾ ਹੈ-

*ਸੰਤੁ ਮਿਲੈ ਕਿਛੁ ਸੁਨੀਐ ਕਹੀਐ॥*
*ਮਿਲੈ ਅਸੰਤੁ ਮਸਟਿ ਕਰਿ ਰਹੀਐ॥*

(ਅੰਗ ੮੭੦)

ਧੰਨ ਗੁਰੂ ਅਰਜਨ ਦੇਵ ਜੀ ਨੇ ਇੰਨੀ ਮੇਹਰ ਕੀਤੀ ਕਿ ਹਰਿਮੰਦਰ ਸਾਹਿਬ, ਛੇਹਰਟਾ ਸਾਹਿਬ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਅੰਮ੍ਰਿਤ ਸਰੋਵਰ ਤੇ ਇਸ ਤੋਂ ਅੱਗੋਂ ਧੰਨ ਗੁਰੂ

ਅਰਜਨ ਦੇਵ ਜੀ ਦੇ ਸੀਨੇ ਵਿਚੋਂ ਨਿਕਲੀ ਹੋਈ ਸੱਚਾਈ ਵਕਤ ਦੀ ਹਕੂਮਤ ਨੂੰ ਬਿਲਕੁਲ ਨਹੀਂ ਭਾਈ।

ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਲਈ ਬਹਾਨਾ ਘੜਿਆ ਗਿਆ ਕਿ ਤੁਸੀਂ ਖ਼ੁਸਰੋ ਦੀ ਮਦਦ ਕੀਤੀ ਹੈ ਧਨ ਕਰਕੇ, ਪ੍ਰਸ਼ਾਦੇ ਕਰਕੇ। ਧੰਨ ਗੁਰੂ ਅਰਜਨ ਦੇਵ ਜੀ ਹਰਿਮੰਦਰ ਸਾਹਿਬ ਨਮਸਕਾਰ ਕਰ ਲਾਹੌਰ ਦੀ ਧਰਤੀ 'ਤੇ ਪਹੁੰਚੇ। ਸੰਨ 1218 ਨੂੰ ਚੰਗੇਜ਼ ਖ਼ਾਂ ਨੇ ਆਪਣੀ ਵਿਧਾਨ ਸਭਾ ਵਿਚ ਇਹ ਕਾਨੂੰਨ ਬਣਾਇਆ ਸੀ ਕਿ ਜੇ ਕਿਸੇ ਰੱਬੀ ਪਿਆਰੇ ਨੂੰ ਖ਼ਤਮ ਕਰਨਾ ਹੈ ਤਾਂ ਇਸ ਢੰਗ ਨਾਲ ਖ਼ਤਮ ਕਰੋ ਕਿ ਉਸ ਦੇ ਤਨ ਵਿਚੋਂ ਖ਼ੂਨ ਨਾ ਨਿਕਲੇ, ਕਿਉਂਕਿ ਉਸ ਦੇ ਖ਼ੂਨ ਦੀ ਬੂੰਦ ਉਸ ਦੇ ਵਰਗੇ ਹੋਰ ਸ਼ਹੀਦ ਪੈਦਾ ਕਰ ਸਕਦੀ ਹੈ।

ਪੰਜ ਦਿਨ ਸੱਚੀ ਸਰਕਾਰ ਨੂੰ ਤਸੀਹੇ ਦਿੱਤੇ ਗਏ। ਨਾ ਰੋਟੀ, ਨਾ ਪਾਣੀ, ਅੱਤ ਦੀ ਤਪਸ਼। ਮਹਾਰਾਜ ਨੂੰ ਆਪਣੀ ਈਨ ਮੰਨਣ ਲਈ ਕਿਹਾ ਗਿਆ। ਧੰਨ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ ਨੂੰ ਸਵੀਕਾਰ ਕੀਤਾ, ਪਰ ਆਪਣੇ ਅੰਦਰ ਦੀ ਦ੍ਰਿੜ੍ਹਤਾ ਤੇ ਅੰਦਰ ਦੇ ਸਿਧਾਂਤ ਨੂੰ ਬਿਲਕੁਲ ਖਿੰਡਣ ਨਹੀਂ ਦਿੱਤਾ। ਮਹਾਰਾਜ ਦੇ ਸੀਸ ਉੱਤੇ ਗਰਮ ਰੇਤਾ ਪਾਇਆ ਗਿਆ ਤੱਤੀ ਤਵੀ 'ਤੇ ਬਿਠਾ ਕੇ। ਉਬਲਦੀ ਦੇਗ ਵਿਚ ਬਿਠਾਇਆ ਗਿਆ। ਭਾਈ ਗੁਰਦਾਸ ਜੀ ਨੇ ਇਥੇ ਆਪਣੀ ਰਚਨਾ ਵਿਚ ਇਕ ਰਮਜ਼ ਭਰੀ ਗੱਲ ਕਹੀ ਹੈ। ਕਹਿਣ ਲੱਗੇ-

*ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।*
*ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।*
*ਸਬਦੁ ਸੁਰਤਿ ਲਿਵ ਮਿਰਗ ਜਿਉ ਪੀੜ ਪਈ ਚਿਤਿ ਅਵਰੁ ਨ ਆਣੀ।*
*ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।*
*ਗੁਰੁ ਉਪਦੇਸ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।*
*ਗੁਰਮੁਖਿ ਸੁਖਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ।*
*ਗੁਰ ਅਰਜਨ ਵਿਟਹੁ ਕੁਰਬਾਣੀ॥ ੨੩ ॥*

(ਵਾਰ ੨੪, ਪਉੜੀ ੨੩)

ਉਹ ਆਪਣੇ ਧਰਮ ਤੋਂ ਨਹੀਂ ਡੋਲੇ। ਪਿਆਰਿਉ ! ਗੁਰੂ ਅਰਜਨ ਦੇਵ ਜੀ ਨਾਲ ਰੋਜ਼ ਆਪਣਾ ਅੰਦਰ ਮਿਲਾਉ। ਸੁਖਮਨੀ ਸਾਹਿਬ ਦਾ ਪਾਠ ਕਰੋ। ਇੰਨੀਆਂ ਬੇਨਤੀਆਂ ਸਵੀਕਾਰ ਕਰੋ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

# ਸੋ ਕਿਉ ਵਿਸਰੈ ਮੇਰੀ ਮਾਇ

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

*ਸੋ ਕਿਉ ਵਿਸਰੈ ਮੇਰੀ ਮਾਇ॥*

(ਅੰਗ ੩੪੯)

ਇਸ ਪੰਗਤੀ ਨੂੰ ਆਧਾਰ ਬਣਾ ਕੇ ਅੱਜ ਦੀ ਵਿਚਾਰ ਕਰਾਂਗੇ। ਦੇਖੋ, ਅਸੀਂ ਬੱਚੇ ਨੂੰ ਸਕੂਲ ਭੇਜਦੇ ਹਾਂ ਇਸ ਆਸ ਨਾਲ ਕਿ ਉਹ ਸਕੂਲ ਵਿਚੋਂ ਕੁਝ ਸਿਖ ਕੇ ਆਵੇ। ਜੋ ਕੁਝ ਬੰਦਾ ਸਕੂਲ ਵਿਚੋਂ ਸਿਖ ਕੇ ਆਉਂਦਾ ਹੈ ਤਾਂ ਮਾਂ ਰੋਜ਼ਾਨਾ ਸਕੂਲ ਵਿਚੋਂ ਵਾਪਿਸ ਆਏ ਬੱਚੇ ਦੇ ਬੈਗ ਨੂੰ ਖੋਲ੍ਹਦੀ ਹੈ। ਉਸ ਵਿਚੋਂ ਦੇਖਦੀ ਹੈ ਕਿ ਇਸ ਬੱਚੇ ਨੇ ਸਕੂਲ ਵਿਚ ਕੀ ਪੜ੍ਹਿਆ ਹੈ। ਇਹ ਕੀ ਸਿਖ ਕੇ ਆਇਆ ਹੈ। ਜੋ ਪੜ੍ਹਿਆ ਹੈ, ਉਸ ਦਾ ਹੋਮ ਵਰਕ ਉਹ ਆਪ ਕਰਾਉਂਦੀ ਹੈ। ਜੇਕਰ ਇਕ ਬੱਚਾ ਹਰ ਸਾਲ ਇਕੋ ਕਲਾਸ ਵਿਚ ਰਹੇ ਤਾਂ ਮਾਪੇ ਚਿੰਤਾਤੁਰ ਹੋ ਜਾਂਦੇ ਹਨ ਕਿ ਇਸ ਦੇ ਵਿਚ ਖੜੋਤ ਕਿਉਂ ਆ ਗਈ ?

ਕਈ ਵਾਰੀ ਹੁੰਦਾ ਹੈ ਕਿ ਸਾਨੂੰ ਉਹ ਖੜੋਤ ਚੰਗੀ ਨਹੀਂ ਲੱਗਦੀ। ਜੇ ਅਸੀਂ ਚਾਹੁੰਦੇ ਹਾਂ ਕਿ ਹਰ ਸਾਲ ਇਸ ਦੀ ਤਰੱਕੀ ਹੋਵੇ ਤੇ ਹਰ ਰੋਜ਼ ਜੋ ਪੜ੍ਹ ਕੇ ਆਇਆ ਹੈ, ਉਸ ਨੂੰ ਕਮਾ ਸਕੇ ਤਾਂ ਗੁਰਮੁਖੋ ! ਸਤਿਸੰਗਤ ਗੁਰੂ ਨਾਨਕ ਸਾਹਿਬ ਜੀ ਦੇ ਘਰ ਦੀ ਪਾਠਸ਼ਾਲਾ ਹੈ। ਜੇ ਇਸ ਵਿਚ ਆਏ ਇਨਸਾਨ ਨੇ ਇਥੋਂ ਕੁਝ ਕਮਾਉਣਾ ਨਹੀਂ, ਜੇ ਕਈ ਸਾਲ ਲੰਘ ਜਾਣ, ਅੰਦਰ ਦੀ ਇਕ ਖਿਨ ਵੀ ਤਰੱਕੀ ਨਾ ਹੋਵੇ, ਇਨਸਾਨ ਦਾ ਅੰਦਰ ਉਹਨਾਂ ਵਾਸ਼ਨਾਵਾਂ ਵਿਚ ਹੀ ਖਲੋਤਾ ਹੈ ਤਾਂ ਬੰਦੇ ਦੀ ਹਾਲਤ ਕਿੰਨੀ ਕੁ ਤਰਸਯੋਗ ਹੋਵੇਗੀ। ਸਤਿਗੁਰੂ ਨੇ ਬਾਣੀ ਵਿਚ ਬਚਨ ਕਹੇ ਹਨ-

*ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥*

(ਅੰਗ ੧੩੧੬)

ਗੁਰੂ ਨਾਨਕ ਸਾਹਿਬ ਜੀ ਦਾ ਇਹ ਸ਼ਬਦ-

*ਸੋ ਕਿਉ ਵਿਸਰੈ ਮੇਰੀ ਮਾਇ॥*

ਹਜ਼ੂਰ ਦਾ ਇਹ ਸ਼ਬਦ ਰੋਜ਼ ਨਿਤਨੇਮ ਕਰਨ ਵਾਲੇ ਗੁਰਸਿੱਖ ਸੋ ਦਰੁ ਰਹਰਾਸਿ ਸਾਹਿਬ ਜੀ ਦੀ ਬਾਣੀ ਵਿਚ ਪੜ੍ਹਦੇ ਹਨ। ਅਰਥ ਇਸ ਦੇ ਬੜੇ ਸਪੱਸ਼ਟ ਹਨ ਕਿ ਐ ਮੇਰੀ ਮਾਂ ! ਉਹ ਪਰੀਪੂਰਨ ਪ੍ਰਮਾਤਮਾ ਮੈਨੂੰ ਕਿਉਂ ਭੁੱਲੇ ?

*ਸਾਚਾ ਸਾਹਿਬੁ ਸਾਚੈ ਨਾਇ॥ ੧॥ ਰਹਾਉ॥*

(ਰਹਰਾਸਿ ਸਾਹਿਬ)

ਜਿਹੜੇ ਸੱਚੇ ਦਾ ਮਾਰਗ ਸੱਚਾ ਹੈ, ਉਹ ਪ੍ਰਮਾਤਮਾ ਤੈਨੂੰ ਕਿਉਂ ਵਿਸਰੇ ? ਹਜ਼ੂਰ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬਾਣੀ ਜਪੁ ਜੀ ਸਾਹਿਬ ਵਿਚ ਅਰਦਾਸ ਕਰਕੇ ਪਹਿਲੀ ਜੋ ਦਾਤ ਮੰਗੀ, ਉਹ ਤੁਸੀਂ ਸਾਰੇ ਬਾਣੀ ਪੜ੍ਹਦੇ ਹੋ। ਪੰਜਵੀਂ ਪਉੜੀ ਦੀਆਂ ਅਖ਼ੀਰਲੀਆਂ ਦੋ ਤੁੱਕਾਂ ਤੁਸੀਂ ਪੜ੍ਹੋ। ਉਸ ਦੇ ਵਿਚ ਗੁਰੂ ਨਾਨਕ ਸਾਹਿਬ ਨੇ ਇਹੀ ਦਾਤ ਸਭ ਤੋਂ ਪਹਿਲਾਂ ਮੰਗੀ ਕਿ ਹੇ ਸਮਰੱਥ ਸਤਿਗੁਰੂ ! ਜੋ ਪ੍ਰਮਾਤਮਾ ਜੜ੍ਹ ਤੇ ਚੇਤਨ, ਚਲ ਤੇ ਅਚਲ ਤਿੰਨਾਂ ਲੋਕਾਂ ਦੇ ਜੀਵਨ ਨੂੰ ਰੋਜ਼ੀ ਪਿਆ ਦਿੰਦਾ ਹੈ, ਇਕ ਕ੍ਰਿਪਾ ਕਰੀਂ ਕਿ ਉਸ ਪ੍ਰਮਾਤਮਾ ਦੀ ਯਾਦ ਮੇਰੇ ਹਿਰਦੇ ਵਿਚੋਂ ਵਿਸਰੇ ਨਾ। ਅਸੀਂ ਬਚਨ ਪੜ੍ਹਦੇ ਹਾਂ-

*ਜੇ ਹਉ ਜਾਣਾ*

ਜੇ ਮੈਂ ਪ੍ਰਮਾਤਮਾ ਨੂੰ ਜਾਣ ਲਵਾਂ।

SIKHBOOKCLUB.COM

*ਆਖਾ ਨਾਹੀ*

ਜਾਣਨ ਤੋਂ ਬਾਅਦ ਵੀ ਮੈਂ ਮੁਕੰਮਲ ਤੌਰ 'ਤੇ ਕਹਿ ਨਹੀਂ ਸਕਾਂਗਾ।

*ਕਹਣਾ ਕਥਨ ਨ ਜਾਈ॥*

*ਗੁਰਾ ਇਕ ਦੇਹ ਬੁਝਾਈ॥*

ਹੇ ਸਤਿਗੁਰੂ ! ਇਹ ਗੱਲ ਮੈਨੂੰ ਚੰਗੀ ਤਰ੍ਹਾਂ ਸਮਝਾ ਦਿਉ। ਕੀ ?-

*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥*

(ਜਪੁਜੀ ਸਾਹਿਬ)

ਜਿਹੜਾ ਸਾਰੇ ਜੀਵਾਂ ਨੂੰ ਰਿਜ਼ਕ ਦਿੰਦਾ ਹੈ, ਉਹ ਪ੍ਰਮਾਤਮਾ ਮੇਰੇ ਹਿਰਦੇ ਵਿਚੋਂ ਵਿਸਰੇ ਨਾ। ਦੇਖੋ, ਇਨਸਾਨ ਨੂੰ ਬਹੁਤ ਕੁਝ ਚੇਤੇ ਰਹਿੰਦਾ ਹੈ ਤੇ ਕੁਝ ਗੱਲਾਂ ਇਹੋ ਜਿਹੀਆਂ ਹਨ ਜਿਹੜੀਆਂ ਚੇਤੇ ਵੀ ਨਹੀਂ ਕਰਾਈਆਂ ਜਾਂਦੀਆਂ, ਪਰ ਸਾਰੀ ਜ਼ਿੰਦਗੀ ਭੁੱਲਦੀਆਂ ਨਹੀਂ। ਗੁਰਮਤਿ, ਸ਼ਬਦ, ਰਹਿਤ, ਮਰਿਯਾਦਾ ਤੇ ਜੀਵਨ ਇਹ ਰੋਜ਼ ਚੇਤੇ ਕਰਾਇਆ ਜਾਂਦਾ ਹੈ। ਜਿਹੜਾ ਰੋਜ਼ ਚੇਤੇ ਕਰਾਇਆ ਜਾਂਦਾ ਹੈ, ਉਹ ਬੰਦੇ ਨੂੰ ਚੇਤੇ ਨਹੀਂ ਤੇ ਜਿਹੜਾ ਕਦੀ ਚੇਤੇ ਨਹੀਂ ਕਰਾਇਆ ਜਾਂਦਾ, ਉਹ ਬੰਦੇ ਨੂੰ ਮਰਦੇ ਦੱਮ ਤੱਕ ਭੁੱਲਦਾ ਨਹੀਂ।

ਚਾਰ ਅਜਿਹੀਆਂ ਗੱਲਾਂ ਸਾਡੇ ਜੀਵਨ ਨਾਲ ਸਬੰਧਿਤ ਹਨ, ਕਿਉਂਕਿ ਚਾਰ ਹੀ ਸਾਡੇ ਕਰਮ ਹਨ ਅਤੇ ਉਹ ਸਾਨੂੰ ਕਦੀ ਨਹੀਂ ਭੁੱਲੇ। ਭਾਵੇਂ ਕੋਈ ਵਿਦਵਾਨ ਹੈ ਤੇ ਭਾਵੇਂ ਕੋਈ ਅਗਿਆਨੀ ਹੈ। ਚਾਹੇ ਕੋਈ ਬਹੁਤ ਉੱਚਾ ਅਮੀਰ ਹੈ ਤੇ ਭਾਵੇਂ ਕੋਈ ਚੁਰੱਸਤੇ 'ਤੇ ਖਲੋਤਾ ਭਿਖਾਰੀ ਹੈ, ਭਾਵੇਂ ਇਸਤਰੀ ਹੈ ਤੇ ਭਾਵੇਂ ਮਰਦ ਹੈ, ਇਹ ਚਾਰ ਕੰਮ ਸਾਨੂੰ ਕਦੀ ਨਹੀਂ ਭੁੱਲਦੇ ਤੇ ਯਾਦ ਰੱਖੇ, ਕਿਸੇ ਨੇ ਚੇਤੇ ਵੀ ਨਹੀਂ ਕਰਾਏ, ਆਪਣੇ ਆਪ ਹੀ ਇਹਨਾਂ ਦੀ ਯਾਦ ਆਈ ਜਾਂਦੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮੁਤਾਬਿਕ ਪਹਿਲੀ ਗੱਲ ਹਰ ਬੰਦੇ ਨੂੰ, ਜਿਸ ਦੀ ਤੰਦਰੁਸਤ ਦੇਹੀ ਹੈ, ਉਸ ਨੂੰ ਖਾਣ ਦਾ ਸਮਾਂ ਨਹੀਂ ਭੁੱਲਦਾ। ਉਹ ਸਗੋਂ ਖ਼ੁੱਦ ਆਵਾਜ਼ ਮਾਰ ਕੇ ਕਹਿੰਦਾ ਹੈ ਕਿ ਮੈਨੂੰ ਭੁੱਖ ਲੱਗ ਗਈ ਹੈ ਤੇ ਪ੍ਰਸ਼ਾਦੇ ਦਾ ਪ੍ਰਬੰਧ ਅਜੇ ਹੋਇਆ ਨਹੀਂ।

ਦੂਜੀ ਗੱਲ, ਖ਼ੁਰਾਕ ਦੇ ਨਾਲ ਨਾਲ ਇਨਸਾਨ ਨੂੰ ਪੀਣਾ ਵੀ ਚੇਤੇ ਹੈ। ਇਥੋਂ ਤੱਕ ਕਿ ਸਾਨੂੰ ਇਕ ਦੂਜੇ ਨੂੰ ਮਜ਼ਾਕ ਕਰਨਾ, ਮਨੋਰੰਜਨ ਕਰਨਾ ਵੀ ਭੁੱਲਦਾ ਨਹੀਂ। ਅਸੀਂ ਕਹਿੰਦੇ ਹਾਂ ਕਿ ਹੱਸਣਾ ਸਿਹਤ ਲਈ ਬੜਾ ਚੰਗਾ ਹੈ। ਖਾਣਾ ਵੀ ਚੰਗਾ ਹੈ, ਪੀਣਾ ਵੀ ਚੰਗਾ ਹੈ ਤੇ ਗੁਰਮੁਖੋ ! ਚੌਥੀ ਗੱਲ ਕਿ ਜਿੰਨਾ ਮਰਜ਼ੀ ਰੁਝੇਵਾਂ ਹੋਵੇ, ਬੰਦੇ ਨੂੰ ਸੌਣਾ ਕਦੀ ਨਹੀਂ ਭੁੱਲਦਾ। ਨੀਂਦ ਇਹੋ ਜਿਹੀ ਸ਼ੈਅ ਹੈ ਕਿ ਸੂਈ ਉੱਤੇ ਵੀ ਬੰਦੇ ਨੂੰ ਨੀਂਦ ਚੇਤੇ ਆ ਜਾਂਦੀ ਹੈ। ਚਾਰ ਗੱਲਾਂ ਸਾਨੂੰ ਚੇਤੇ ਹਨ, ਅਤੇ ਗੁਰਮੁਖੋ ! ਮਰਦੇ ਦੱਮ ਤੱਕ ਚੇਤੇ ਰਹਿੰਦੀਆਂ ਹਨ। ਬਾਬਾ ਜੀ ਨੇ ਕਿਹਾ ਹੈ-

SIKHBOOKCLUB.COM

*ਖਾਣਾ ਪੀਣਾ ਹਸਣਾ ਸਉਣਾ*

ਇਹ ਕਦੀ ਨਹੀਂ ਵਿਸਰਿਆ-

*ਵਿਸਰਿ ਗਇਆ ਹੈ ਮਰਣਾ॥*

ਮੌਤ ਭੁੱਲ ਗਈ। ਦੂਸਰਾ ਕੀ ਭੁੱਲਿਆ ? ਬਾਬਾ ਜੀ ਨੇ ਕਿਹਾ-

*ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥ ੧ ॥*

(ਅੰਗ ੧੨੫੪)

ਇਕ ਪ੍ਰਮਾਤਮਾ ਵਿਸਰ ਗਿਆ ਤੇ ਗੁਰਮੁਖੋ ! ਦੂਜੀ ਮੌਤ ਵਿਸਰ ਗਈ। ਇਹ ਦੋ ਗੱਲਾਂ ਚੇਤੇ ਨਹੀਂ ਹਨ ਤੇ ਚਾਰ ਗੱਲਾਂ ਜ਼ਿੰਦਗੀ ਵਿਚ ਕਦੋਂ ਭੁੱਲਦੀਆਂ ਹਨ ? ਜਦੋਂ ਪ੍ਰਮਾਤਮਾ ਵਿਸਰਿਆ। ਕਿਵੇਂ ਵਿਸਰਦਾ ਹੈ ਪ੍ਰਮਾਤਮਾ? ਕਿਹੜੀਆਂ-ਕਿਹੜੀਆਂ ਚੀਜ਼ਾਂ ਹਨ ਜਿਹੜੀਆਂ ਪ੍ਰਮਾਤਮਾ ਸਾਨੂੰ ਵਿਸਾਰ ਦਿੰਦੀਆਂ ਹਨ ?

ਗੁਰੂ ਨਾਨਕ ਸਾਹਿਬ ਦੇ ਅਮੋਲਕ ਬਚਨ ਹਨ। ਗੁਰੂ ਸਾਹਿਬ ਦਾ ਇਹ ਅਮੋਲਕ ਬਚਨ ਅਸੀਂ ਪਹਿਰਿਆਂ ਦੇ ਰੂਪ ਵਿਚ ਪੜ੍ਹਦੇ ਹਾਂ। ਬਾਣੀ ਦੇ ਮੁਤਾਬਿਕ ਜਨਮ ਵੇਲੇ ਹਰ ਇਨਸਾਨ ਕੋਲ ਪ੍ਰਮਾਤਮਾ ਦੀ ਯਾਦ ਹੈ। ਮਾਂ ਦੇ ਉਦਰ ਵਿਚ ਵੀ ਯਾਦ ਹੈ ਤੇ ਜਨਮ ਤੋਂ ਬਾਅਦ ਵੀ ਉਸ ਦੇ ਕੋਲ ਪ੍ਰਮਾਤਮਾ ਦੀ ਯਾਦ ਹੈ। ਪਰ ਜਨਮ ਤੋਂ ਬਾਅਦ ਜਦੋਂ ਮਾਂ ਨੇ ਬੱਚੇ

ਨੂੰ ਚੁੱਕਿਆ ਅਤੇ ਉਸ ਨੂੰ ਆਪਣੇ ਸੀਨੇ ਨਾਲ ਲਾਇਆ ਤਾਂ ਬਸ ਉਸ ਦੇ ਕੰਨ ਵਿਚ 'ਮੇਰੇ' ਸ਼ਬਦ ਦੀ ਫੂਕ ਅਜਿਹੀ ਮਾਰੀ ਕਿ ਮਾਂ ਨੇ ਮੇਰਾ ਪੁੱਤਰ, ਮੇਰੀ ਸੰਤਾਨ, ਇਸ ਮੇਰੇ ਦੀ ਆਵਾਜ਼ ਧੁਨੀ ਇਹੋ ਜਿਹੀ ਪੈ ਗਈ ਕਿ ਜਿਹੜਾ ਮਾਂ ਦੀ ਕੁੱਖ ਵਿਚ ਰੱਬ ਨਾਲ ਜੁੜਿਆ ਸੀ, ਜਨਮ ਤੋਂ ਬਾਅਦ ਮਾਂ ਵੱਲ ਹੀ ਧਿਆਨ ਖਚਤ ਹੋ ਗਿਆ ਤੇ ਪ੍ਰਮਾਤਮਾ ਵੱਲੋਂ ਧਿਆਨ ਵਿਸਰ ਗਿਆ। ਗੁਰੂ ਜੀ ਨੇ ਬਾਣੀ ਵਿਚ ਕਿਹਾ ਹੈ-

*ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥*

ਉਹ ਇਸ ਕਰਕੇ ਵਿਸਰ ਗਿਆ-

*ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥*
*ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥*
*ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥*

(ਅੰਗ ੭੫)

ਪਿਆਰਿਆ ! ਉਸ ਪ੍ਰਮਾਤਮਾ ਨੂੰ ਚੇਤੇ ਕਰ, ਜਿਸ ਨੇ ਭੇਜਿਆ ਹੈ। ਮਾਂ ਨੇ ਮੇਰਾ ਪੁੱਤਰ ਕਿਹਾ, ਉਸ ਨੇ ਇਹੋ ਜਿਹੀ ਮੇਰੇ ਦੀ ਧੁਨੀ ਅਲਾਪੀ ਕਿ ਪ੍ਰਮਾਤਮਾ ਵੱਲੋਂ ਧਿਆਨ ਟੁੱਟਾ ਤੇ ਸੰਸਾਰ ਵਿਚ ਖਚਤ ਹੋ ਗਿਆ। ਇਥੋਂ ਫਿਰ ਵਿਸਰਨ ਦੀ ਖੇਡ ਸ਼ੁਰੂ ਹੋ ਗਈ। ਇਹ ਦੁਨੀਆਂ ਦੀਆਂ ਖੇਡਾਂ ਵਿਚ ਖਚਿਤ ਹੋ ਗਿਆ। ਦਿਨ ਰਾਤ ਜਿਉਂ-ਜਿਉਂ ਇਸ ਦੇ ਕੋਲ ਸੰਸਾਰ ਦੀਆਂ ਦਾਤਾਂ ਆਈਆਂ, ਤਿਉਂ-ਤਿਉਂ ਟੁੱਟੇ ਹੋਏ ਬੰਦੇ ਪ੍ਰਮਾਤਮਾ ਤੋਂ ਦਿਨ-ਪਰ-ਦਿਨ ਦੂਰ ਹੁੰਦੇ ਗਏ।

ਪ੍ਰਮਾਤਮਾ ਦਾਤ ਦੇਵੇ, ਪਰ ਨਾਲ ਆਪਣੀ ਯਾਦ ਵੀ ਜ਼ਰੂਰ ਦੇ ਦੇਵੇ। ਜੇ ਦਾਤ ਮਿਲ ਜਾਏ ਤੇ ਯਾਦ ਵਿਸਰ ਜਾਏ ਤਾਂ ਗੁਰਮੁਖੋ ! ਉਹ ਦਾਤ ਮਾਇਆ ਬਣ ਜਾਂਦੀ ਹੈ। ਜੇ ਦਾਤ ਕੋਲ ਹੋਵੇ ਤੇ ਨਾਲ ਪ੍ਰਮਾਤਮਾ ਦੀ ਯਾਦ ਹੋਵੇ ਤਾਂ ਇਹ ਦਾਤ ਉਸ ਦਾ ਨਿਸ਼ਾਨ ਬਣ ਜਾਂਦੀ ਹੈ।

ਧੰਨ ਗੁਰੂ ਨਾਨਕ ਸਾਹਿਬ ਜੀ ਦਾ ਇਕ ਹੋਰ ਬਚਨ ਹੈ। ਸ੍ਰੀਰਾਗੁ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਰਾਗ ਹੈ। ਇਸ ਪਹਿਲੇ ਰਾਗ ਵਿਚ ਜੋ ਹਜ਼ੂਰ ਨੇ ਸ਼ਬਦ ਦਰਜ ਕੀਤਾ ਹੈ, ਇਸ ਸ਼ਬਦ ਦੇ ਚਾਰ ਪਦੇ ਹਨ। ਚਾਰਾਂ ਪਦਿਆਂ ਦੀ ਜਿਹੜੀ ਸੰਪੰਨਤਾ ਹੈ, ਉਹ ਵਿਸਰਨ ਦੇ ਉੱਤੇ ਹੈ। ਪ੍ਰਮਾਤਮਾ ! ਕਿਤੇ ਇਹ ਚੀਜ਼ ਮੈਨੂੰ ਤੇਰੀ ਯਾਦ ਨਾ ਵਿਸਾਰ ਦੇਵੇ। ਉਸ ਦੇ ਵਿਚ ਪਹਿਲਾ ਬਚਨ ਗੁਰੂ ਨਾਨਕ ਸਾਹਿਬ ਨੇ ਕੀਤਾ ਹੈ ਕਿ ਸੰਸਾਰ ਦੇ ਪਦਾਰਥਾਂ ਦੀ ਤ੍ਰਿਸ਼ਨਾ ਇਹ ਵੀ ਕਈ ਵਾਰੀ ਪ੍ਰਮਾਤਮਾ ਨੂੰ ਵਿਸਾਰ ਦਿੰਦੀ ਹੈ। ਭੋਗਾਂ ਦੀ ਭੁੱਖ ਤੇ ਤ੍ਰਿਸ਼ਨਾ ਇਹ ਵੀ ਪ੍ਰਮਾਤਮਾ ਨੂੰ ਵਿਸਾਰ ਦਿੰਦੀ ਹੈ। ਪ੍ਰਭੁਤਾ ਦੀ ਭੁੱਖ ਵੀ ਪ੍ਰਮਾਤਮਾ ਵਿਸਾਰ ਦਿੰਦੀ ਹੈ। ਕਈ ਵਾਰੀ ਥੋੜੀ ਜਿਹੀ ਸ਼ਕਤੀ ਤੇ ਰਾਜ ਭਾਗ ਆਉਣ ਦੀ ਦੇਰ ਹੈ ਕਿ ਪਿਆਰਿਓ ! ਲੋਕ ਦੁਨੀਆਂ ਦੀਆਂ ਕੁਰਸੀਆਂ 'ਤੇ ਬੈਠਦਿਆਂ ਹੋਇਆਂ ਉਸ ਪਰੀਪੂਰਨ ਪ੍ਰਮਾਤਮਾ ਦੇ ਸਿੰਘਾਸਣ ਨੂੰ ਵਿਸਾਰ ਦਿੰਦੇ ਹਨ।

ਸਤਿਗੁਰੂ ਨੇ ਚਾਰ ਬਚਨ ਕਹੇ ਹਨ। ਧੰਨ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਮੁਤਾਬਿਕ ਕਹਿੰਦੇ ਹਨ ਕਿ ਜੇਕਰ ਪ੍ਰਮਾਤਮਾ ਕਿਸੇ ਨੂੰ ਸੋਹਣਾ ਘਰ ਦੇ ਦੇਵੇ, ਪਦਾਰਥ ਦੇ ਦੇਵੇ ਤੇ ਉਸ ਪਦਾਰਥ ਵਿਚ ਇੰਨਾ ਕੁ ਖਚਤ ਹੋ ਜਾਏ ਕਿ ਉਸ ਨੂੰ ਨਿਤਨੇਮ ਹੀ ਭੁੱਲ ਜਾਏ ਅਤੇ ਸਤਿਗੁਰੂ ਦੀ ਸੰਗਤ ਅੰਦਰੋਂ ਚਲੀ ਜਾਏ। ਇਕ ਅਰਬਾਂਪਤੀ ਗੱਲ ਯਾਦ ਰੱਖੇ ਕਿ ਦੁਨਿਆਵੀ ਤੌਰ 'ਤੇ ਹੋ ਸਕਦਾ ਹੈ ਕਿ ਜੇਕਰ ਰੱਬ ਭੁੱਲ ਜਾਏ ਤਾਂ ਫਿਰ ਦੁਨੀਆਂ ਤੋਂ ਦਿਵਾਲੀਆ ਹੋ ਕੇ ਕੂਚ ਕਰੇਗਾ। ਗੁਰੂ ਜੀ ਨੇ ਪਹਿਲਾ ਬਚਨ ਕਿਹਾ ਹੈ ਕਿ ਲੋਕ ਪਦਾਰਥ ਦੇਖ ਕੇ ਪ੍ਰਮਾਤਮਾ ਕਿਵੇਂ ਭੁੱਲਦੇ ਹਨ ਤੇ ਨਾਲ ਉਹਨਾਂ ਬੇਨਤੀ ਵੀ ਕੀਤੀ ਕਿ ਜੇਕਰ ਪ੍ਰਮਾਤਮਾ ਦੇਣ ਲੱਗਾ ਹੈ ਤਾਂ ਦੇਖੀਂ ਕਿਤੇ ਪ੍ਰਮਾਤਮਾ ਦੀ ਯਾਦ ਹੀ ਨਾ ਭੁੱਲ ਜਾਏ। ਗੁਰੂ ਜੀ ਦਾ ਬਚਨ ਅਸੀਂ ਪੜ੍ਹਦੇ ਹਾਂ-

*ਮੋਤੀ ਤ ਮੰਦਰ ਊਸਰਹਿ*

ਮੰਦਿਰ ਦਾ ਅਰਥ ਇਥੇ ਘਰ ਜਾਂ ਮਕਾਨ ਹੈ। ਜੇ ਘਰ ਦੀਆਂ ਦੀਵਾਰਾਂ ਮੋਤੀਆਂ ਨਾਲ ਬਣੀਆਂ ਹੋਣ, ਮੋਤੀਆਂ ਦੇ ਮਕਾਨ ਬਣ ਜਾਣ ਤੇ ਉਸ ਦੇ ਵਿਚ ਕੀਮਤੀ ਰਤਨ ਜੜ੍ਹੇ ਹੋਣ, ਉਸ ਦੇ ਵਿਚ ਕੀਮਤੀ ਲਾਲ ਲੱਗੇ ਹੋਣ, ਤਾਂ ਪ੍ਰਮਾਤਮਾ ! ਮੈਂ ਉਸ ਘਰ ਵਿਚ ਪ੍ਰਵੇਸ਼ ਕਰਾਂ ਤੇ ਇਕੋ ਦੱਮ ਤੇਰੀ ਯਾਦ ਆ ਜਾਏ। ਪ੍ਰਮਾਤਮਾ ! ਤੂੰ ਕਿੰਨਾ ਦਇਆਲੂ ਹੈਂ। ਮੈਂ ਸਿਰਫ਼ ਜ਼ਿੰਦਗੀ ਦਾ ਰਹਿਣ ਬਸੇਰਾ ਕਰਨਾ ਹੈ। ਤੂੰ ਇਕ ਰਾਤ ਜ਼ਿੰਦਗੀ ਬਤੀਤ ਕਰਨ ਲਈ ਮੈਨੂੰ ਉਹ ਘਰ ਦੇ ਦਿੱਤਾ ਹੈ, ਜਿਸ ਨੇ ਕਈ ਸਦੀਆਂ ਤੱਕ ਖਲੋਤੇ ਰਹਿਣਾ ਹੈ। ਸੱਚ ਜਾਣੋ ਕਿ ਉਹ ਘਰ ਵੀ ਪ੍ਰਮਾਤਮਾ ਦੀ ਦਾਤ ਬਣਦਾ ਹੈ। ਜੇ ਘਰ ਵਿਚ ਬੈਠ ਕੇ ਰੱਬ ਦਾ ਘਰ ਭੁੱਲ ਜਾਏ ਤਾਂ ਮਹਾਰਾਜ ਕਹਿੰਦੇ ਹਨ ਕਿ ਉਹ ਘਰ ਫਿਰ ਮਾਇਆ ਦਾ ਰੂਪ ਧਾਰਨ ਕਰ ਲੈਂਦਾ ਹੈ।

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥*

ਹੇ ਵਾਹਿਗੁਰੂ ! ਇਕ ਕ੍ਰਿਪਾ ਕਰੀਂ-

*ਮਤ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੧॥*

ਮਤਾਂ ਉਸ ਨੂੰ ਦੇਖ ਕੇ ਤੈਨੂੰ ਨਾ ਭੁੱਲ ਜਾਵਾਂ। ਗ੍ਰਹਿਸਤ ਨੂੰ ਨਿਭਾਉਣ ਲਈ ਜੀਵਨ ਸਾਥੀ ਚੁਣਿਆ ਜਾਂਦਾ ਹੈ। ਅੱਜ ਲੋਕ ਆਮ ਤੌਰ 'ਤੇ ਸੂਰਤਾਂ ਦੇਖ ਕੇ ਪ੍ਰਭਾਵਿਤ ਹੁੰਦੇ ਹਨ, ਪਰ ਸੀਰਤ ਕਿਸੇ ਨੂੰ ਵੀ ਚੇਤੇ ਨਹੀਂ ਰਹਿੰਦੀ। ਅਸੀਂ ਚਮੜੀ ਦੇਖ ਕੇ ਰਿਸ਼ਤੇ ਕਾਇਮ ਕਰਦੇ ਹਾਂ, ਪਰ ਚਮੜੀ ਦੇ ਅੰਦਰ ਦਾ ਜੀਵਨ ਸ਼ਾਇਦ ਕਿਸੇ ਨੂੰ ਵੀ ਪਤਾ ਨਹੀਂ।

ਹੁਣ ਕਿਸੇ ਨੂੰ ਪ੍ਰਮਾਤਮਾ ਨੇ ਸੁਹੱਪਣ ਦੇ ਦਿੱਤਾ। ਜੀਵਨ ਸਾਥੀ ਅੱਤ ਦਾ ਸੁੰਦਰ ਹੈ। ਉਸ ਦੇ ਕੋਲ ਧਨ ਦਾ ਸਾਜ਼ੋ ਸਾਮਾਨ ਵੀ ਚੰਗਾ ਹੈ। ਇਸ ਗੱਲ ਨੂੰ ਵਾਸ਼ਨਾ ਵੱਲ ਨਾ ਲੈ ਕੇ ਜਾਣਾ। ਜਿਸ ਪਲੰਘ 'ਤੇ, ਜਿਸ ਸੇਜ 'ਤੇ ਨਿਵਾਸ ਕਰਦਾ ਹੈ, ਉਹ ਪਲੰਘ ਵੀ ਸੋਨੇ ਨਾਲ ਮੜ੍ਹਿਆ ਹੋਇਆ ਹੈ। ਸੱਚੇ ਪਾਤਿਸ਼ਾਹ ਕਹਿੰਦੇ ਹਨ-

*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥੧॥ਰਹਾਉ॥*

ਦੇਖੀਂ ਤੂੰ ਗ੍ਰਹਿਸਤੀ ਜ਼ਰੂਰ ਹੈਂ, ਮਤਾਂ ਉਸ ਸੇਜ ਨੂੰ ਦੇਖ ਕੇ ਸਵੇਰੇ ਤੈਨੂੰ ਨਿਤਨੇਮ ਦਾ ਚੌਂਕੜਾ ਭੁੱਲ ਜਾਏ। ਜੇ ਸੇਜ ਦੇਖ ਕੇ ਅੰਮ੍ਰਿਤ ਵੇਲੇ ਦੀ ਯਾਦ ਵੀ ਭੁੱਲ ਗਈ ਤਾਂ ਉਹ ਸੇਜ ਵੀ ਅੱਗ ਵਰਗੀ ਹੈ ਜਿਹੜੀ ਪ੍ਰਮਾਤਮਾ ਨੂੰ ਵਿਸਾਰੇਗੀ। ਅੰਮ੍ਰਿਤ ਬਾਣੀ ਵਿਚ ਹਜ਼ੂਰ ਨੇ ਫ਼ੁਰਮਾਇਆ ਹੈ–

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*

ਗੁਰਮਤਿ ਵਿਚ ਇਕ ਸਿੱਖ ਹੋਏ ਹਨ ਭਾਈ ਚੂਹੜ ਜੀ। ਉਹਨਾਂ ਦੀ ਕਵਿਤਾ ਬਹੁਤ ਪਿਆਰੀ ਹੈ। ਇਹ ਗੁਰਸਿੱਖ ਲਖਨਊ ਦੇ ਰਹਿਣ ਵਾਲੇ ਸਨ। ਬਹੁਤ ਪਸਾਰ ਇਹਨਾਂ ਨੇ ਕੀਤਾ। ਉਹਨਾਂ ਦੀ ਰਚਨਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਛਾਪੀ ਹੈ। ਉਹ ਕਹਿੰਦੇ ਹਨ ਕਿ ਇਕ ਵਾਰੀ ਇਕ ਬਾਦਸ਼ਾਹ ਜਿਸ ਦੇ ਕੋਲ ਧਨ-ਦੌਲਤ ਬਹੁਤ ਹੈ। ਉਹ ਸ਼ਰੀਫ਼ ਹੈ। ਇਨਸਾਫ਼ ਪਸੰਦ ਹੈ। ਕਦੀ ਵੀ ਉਸ ਨੇ ਕਿਸੇ ਨਾਲ ਜ਼ੋਰ ਜਬਰ ਨਹੀਂ ਕੀਤਾ, ਪਰ ਪ੍ਰਮਾਤਮਾ ਦੀ ਇਕ ਖੇਡ ਹੈ ਕਿ ਉਸ ਰਾਜੇ ਦੇ ਘਰ ਵਿਚ ਸੰਤਾਨ ਨਹੀਂ। ਉਸ ਦੀ ਰਾਣੀ ਪਤੀ ਦੀ ਆਗਿਆ ਨੂੰ ਪਾਲਣ ਵਾਲੀ ਹੈ। ਉਹ ਰਾਣੀ ਬੜੀ ਭਾਗਾਂ ਵਾਲੀ ਹੈ। ਉਸ ਨੇ ਇਕ ਦਿਨ ਮਹਿਲ ਵਿਚ ਆਏ ਰਾਜੇ ਨੂੰ ਕਿਹਾ, ਰਾਜਨ ! ਤੂੰ ਮੇਰਾ ਸਾਈਂ ਹੈਂ। ਔਰਤ ਨਹੀਂ ਚਾਹੁੰਦੀ ਕਿ ਉਸ ਦੇ ਬਰਾਬਰ ਕੋਈ ਹੋਵੇ, ਪਰ ਜਦੋਂ ਮੈਂ ਤੇਰਾ ਜੀਵਨ ਦੇਖਦੀ ਹਾਂ, ਮੈਂ ਤੇਰੇ ਰਾਜ ਭਾਗ ਨੂੰ ਦੇਖਦੀ ਹਾਂ ਤੇ ਮਨ ਵਿਚ ਇਕ ਹੂਕ ਨਿਕਲਦੀ ਹੈ ਕਿ ਮੇਰੀ ਕੁੱਖ ਨੂੰ ਪ੍ਰਮਾਤਮਾ ਨੇ ਭਾਗ ਨਹੀਂ ਲਾਇਆ। ਤੂੰ ਦੂਸਰਾ ਵਿਆਹ ਰਚਾ ਲੈ। ਮੈਂ ਖ਼ੁਦ ਮਦਦ ਕਰਾਂਗੀ ਤੇ ਹੋ ਸਕਦਾ ਹੈ ਕਿ ਪ੍ਰਮਾਤਮਾ ਉਸ ਕੁੱਖ ਨੂੰ ਭਾਗ ਲਾ ਦੇਵੇ।

ਰਾਜੇ ਨੇ ਇਹ ਸੁਣ ਕੇ ਕਿਹਾ ਕਿ ਰਾਣੀਏ, ਦੇਖ ਮੈਂ ਸੰਤੁਸ਼ਟ ਹਾਂ। ਕਹਿਣ ਲੱਗੀ ਕਿ ਮੈਨੂੰ ਪਤਾ ਹੈ ਕਿ ਤੇਰੇ ਅੰਦਰ ਸੰਤੋਖ ਹੈ, ਪਰ ਇਹ ਜਿਹੜੀ ਪਰਜਾ ਤੈਨੂੰ ਪਿਤਾ ਜਾਣ ਕੇ ਸਤਿਕਾਰ ਦਿੰਦੀ ਹੈ, ਕੱਲ ਇਸ ਪਰਜਾ ਦੀ ਰੱਖਵਾਲੀ ਕੌਣ ਕਰੇਗਾ ? ਰਾਜਾ ਮੰਨ ਗਿਆ। ਵਿਆਹ ਹੋਇਆ। ਰਾਣੀ ਆਪਣੇ ਹੱਥੀਂ ਵਿਆਹ ਕਰਕੇ ਡੋਲੀ ਲਿਆਈ ਤੇ ਜਦੋਂ ਛੋਟੀ ਘਰ ਵਿਚ ਆਈ ਤੇ ਉਸ ਨੇ ਆਉਂਦਿਆਂ ਸਾਰ ਕਿਹਾ ਕਿ ਇਸ ਮਹਿਲ ਵਿਚ ਮੈਂ ਤਾਂ ਰਹਾਂਗੀ ਜੇ ਵੱਡੀ ਨੂੰ ਇਸ ਮਹਿਲ ਵਿਚੋਂ ਬਾਹਰ ਕੱਢਿਆ ਜਾਵੇ।

ਵੱਡੀ ਰਾਣੀ ਨੇ ਇਹ ਸੁਣਿਆ ਤੇ ਉਸ ਨੇ ਕਿਹਾ, ਭੈਣੇ ! ਜੀ ਸਦਕੇ, ਤੂੰ ਇਸ ਮਹਿਲ ਵਿਚ ਰਹਿ। ਪ੍ਰਮਾਤਮਾ ਤੈਨੂੰ ਭਾਗ ਲਾਏ। ਤੇਰੀ ਸੰਤਾਨ ਰਹੇ। ਬਸ ਇਕ ਕੰਮ ਕਰੀਂ ਕਿ ਮੈਨੂੰ

ਇਸ ਸ਼ਹਿਰ ਤੋਂ ਨਿਕਾਲਾ ਨਾ ਦਿਵਾ ਦੇਵੀਂ। ਮੈਂ ਮਹਿਲ ਵਿਚ ਨਹੀਂ ਰਹਾਂਗੀ, ਬਾਹਰ ਰਹਾਂਗੀ। ਇਕ ਮੈਂ ਤੇਰੇ ਤੋਂ ਦਾਤ ਮੰਗਣਾ ਚਾਹੁੰਦੀ ਹਾਂ ਕਿ ਮੈਂ ਆਪਣੇ ਪਤੀ ਦੇ ਬਸਤਰ ਕਦੀ ਨੌਕਰਾਂ ਨੂੰ ਧੋਣ ਨਹੀਂ ਦਿੱਤੇ। ਭਾਵੇਂ ਹਜ਼ਾਰਾਂ ਮੇਰੇ ਘਰ ਵਿਚ ਸੇਵਾਦਾਰ ਹਨ, ਪਰ ਆਪਣੇ ਸਾਈਂ ਦੇ ਕੱਪੜੇ ਮੈਂ ਆਪ ਹੀ ਧੋਂਦੀ ਸਾਂ। ਮੈਂ ਮਹਿਲ ਤੋਂ ਬਾਹਰ ਤਾਂ ਰਹਿ ਜਾਵਾਂਗੀ ਪਰ ਮੇਰੇ ਸਾਈਂ ਦੇ ਕੱਪੜੇ ਧੋਣ ਦੀ ਸੇਵਾ ਮੇਰੇ ਕੋਲੋਂ ਨਾ ਖੋਹੀਂ।

ਉਸ ਅਕਲ ਦੀ ਥੋੜੀ ਨੇ ਕਹਿ ਦਿੱਤਾ ਕਿ ਇਹ ਕਿਹੜੀ ਗੱਲ ਹੈ। ਤੂੰ ਭਾਵੇਂ ਮੇਰੇ ਵੀ ਬਸਤਰ ਧੋ। ਉਸ ਨੇ ਕਿਹਾ, ਤੇਰੇ ਨਹੀਂ, ਕੇਵਲ ਆਪਣੇ ਸਾਈਂ ਦੇ। ਮਾਲਕ ਨੇ ਰੋਜ਼ ਬਸਤਰ ਪਾਉਣੇ। ਮਿਲਣ 'ਤੇ ਪਾਬੰਦੀ ਹੈ। ਮਹਿਲ ਵਿਚ ਆਉਣ ਤੋਂ ਮਨਾਹੀ ਹੈ। ਭਾਈ ਚੂਹੜ ਲਿਖਦੇ ਹਨ ਕਿ ਪਤੀ ਦਾ ਰੋਜ਼ ਚੋਲਾ ਜਾਣਾ ਤੇ ਉਸ ਨੇ ਉਸ ਦੀ ਯਾਦ ਵਿਚ ਮਸਤ ਹੋ ਕੇ ਕੱਪੜੇ ਨੂੰ ਧੋਣਾ ਤੇ ਉਸ ਕੱਪੜੇ ਵਿਚੋਂ ਆਪਣੇ ਪਤੀ ਦੀ ਯਾਦ ਆਉਣੀ। ਉਸ ਕੱਪੜੇ ਵਿਚੋਂ ਆਪਣੇ ਪਤੀ ਨੂੰ ਦੇਖਣਾ ਤੇ ਕੱਪੜੇ ਧੋਣ ਤੋਂ ਬਾਅਦ ਸੁਕਣੇ ਪਾ ਕੇ ਕਿੰਨੀ ਦੇਰ ਉਹਨਾਂ ਕੱਪੜਿਆਂ ਦੇ ਕੋਲ ਖਲੋਤੀ ਰਹਿਣਾ। ਦਿਨ ਰਾਤ ਉਸ ਦੇ ਚਿਹਰੇ 'ਤੇ ਵੱਖਰਾ ਜਿਹਾ ਨੂਰ ਆ ਗਿਆ। ਯਾਦ ਰੱਖਿਉ, ਇਹ ਵੀ ਇਕ ਪ੍ਰਮਾਤਮਾ ਦੀ ਬੜੀ ਵੱਡੀ ਭਗਤੀ ਹੈ।

ਛੋਟੀ ਨੇ ਇਕ ਦਿਨ ਦੇਖਿਆ ਕਿ ਉਸ ਦੇ ਚਿਹਰੇ 'ਤੇ ਖੇੜਾ ਹੈ ਤੇ ਕੋਈ ਵੀ ਮਾਯੂਸੀ ਨਹੀਂ, ਕੋਈ ਵੀ ਤਰਕ ਨਹੀਂ। ਉਸ ਨੇ ਦਾਸੀ ਨੂੰ ਪੁੱਛ ਲਿਆ ਕਿ ਮੈਂ ਇਸ ਨੂੰ ਘਰੋਂ ਵੀ ਬਾਹਰ ਕੱਢ ਦਿੱਤਾ ਹੈ, ਰਾਜਾ ਵੀ ਇਸ ਨੂੰ ਨਹੀਂ ਮਿਲਦਾ, ਪਰ ਇਸ ਦੇ ਚਿਹਰੇ 'ਤੇ ਖੇੜਾ ਕਿਉਂ ਹੈ ?

ਦਾਸੀ ਦੀ ਅਕਲ ਥੋੜੀ ਸੀ। ਕਹਿਣ ਲੱਗੀ ਕਿ ਵੱਡੀ ਰਾਣੀ ਕੋਲ ਇਕ ਨੌਂ-ਲੱਖਾ ਹਾਰ ਹੈ। ਜਿਸ ਕੋਲ ਇੰਨਾ ਕੀਮਤੀ ਹਾਰ ਹੋਵੇ, ਉਹ ਖ਼ੁਸ਼ ਨਹੀਂ ਹੋਵੇਗੀ ਤਾਂ ਹੋਰ ਕੀ ਹੋਵੇਗਾ। ਛੋਟੀ ਨੇ ਕਿਹਾ ਕਿ ਇਕ ਕੰਮ ਕਰ ਕਿ ਇਸ ਦਾ ਨੌਂ-ਲੱਖਾ ਹਾਰ ਖ਼ਰੀਦ ਲੈ। ਜੇ ਹਾਰ ਖ਼ਰੀਦ ਲਿਆ ਤੇ ਫਿਰ ਤਾਂ ਪ੍ਰੇਸ਼ਾਨ ਹੋਵੇਗੀ। ਦਾਸੀ ਨੇ ਜਾ ਕੇ ਗੱਲ ਕੀਤੀ ਕਿ ਛੋਟੀ ਰਾਣੀ ਤੇਰਾ ਹਾਰ ਖ਼ਰੀਦਣਾ ਚਾਹੁੰਦੀ ਹੈ। ਉਹ ਕਹਿਣ ਲੱਗੀ ਜੀ ਸੱਦਕੇ ਖ਼ਰੀਦ ਲਵੇ। ਪਰ ਇਹ ਨੌਂ-ਲੱਖਾ ਹਾਰ ਮੇਰੀ ਮਾਂ ਨੇ ਪਾਇਆ ਸੀ ਅਤੇ ਇਸ ਕਰਕੇ ਮਾਂ ਨੇ ਪਾਇਆ ਸੀ ਕਿ ਧੀਏ, ਇਹ ਗਲੇ ਵਿਚ ਪਾਏਂਗੀ ਤਾਂ ਤੇਰਾ ਪਤੀ ਪ੍ਰਸੰਨ ਹੋ ਜਾਏਗਾ। ਮੈਂ ਨੌਂ-ਲੱਖਾ ਹਾਰ ਵੇਚਣ ਲਈ ਤਿਆਰ ਹਾਂ। ਦਾਸੀ ਨੇ ਪੁੱਛਿਆ ਕਿ ਕਿੰਨੇ ਪੈਸੇ ਲਵੇਂਗੀ ? ਕਹਿਣ ਲੱਗੀ ਕਿ ਮਾਂ ਨੇ ਹਾਰ ਇਸ ਲਈ ਦਿੱਤਾ ਸੀ ਕਿ ਪਤੀ ਦੀ ਪ੍ਰਸੰਨਤਾ ਮਿਲੇਗੀ। ਛੋਟੀ ਨੂੰ ਇਕ ਗੱਲ ਕਹਿ ਦਿਉ ਕਿ ਮੈਨੂੰ ਪੈਸੇ ਨਹੀਂ ਚਾਹੀਦੇ। ਮੈਨੂੰ ਕੇਵਲ ਆਪਣੇ ਪਤੀ ਦੇ ਦਰਸ਼ਨ ਕਰਨ ਦਾ ਮੌਕਾ ਇਕ ਵਾਰੀ ਦੇ ਦਿਆ ਕਰੇ ਤੇ ਮੈਂ ਇਕ ਵਾਰੀ ਆਪਣੇ ਹੱਥਾਂ ਨਾਲ ਉਸ ਦੇ ਚਰਨਾਂ ਨੂੰ ਧੋ ਲਿਆ ਕਰਾਂ। ਦਾਸੀ ਨੇ ਜਾ ਕੇ ਦੱਸਿਆ ਤੇ ਛੋਟੀ ਨੇ ਕਿਹਾ ਕਿ ਇਹ ਤਾਂ ਕੰਮ ਹੀ ਬੜਾ ਸੌਖਾ ਹੈ। ਉਸ ਨੇ ਨੌਂ ਲੱਖਾ ਹਾਰ ਖ਼ਰੀਦ ਲਿਆ।

ਅੱਜ ਵੱਡੀ ਰਾਣੀ ਨੇ ਕਈ ਮਹੀਨਿਆਂ ਤੋਂ ਬਾਅਦ ਆਪਣੇ ਪਤੀ ਦੇ ਮਹਿਲ ਵਿਚ ਪ੍ਰਵੇਸ਼

ਕੀਤਾ। ਰਾਜਾ ਪਲੰਘ 'ਤੇ ਬੈਠਾ ਸੀ। ਵੱਡੀ ਰਾਣੀ ਨੇ ਝੁੱਕ ਕੇ ਨਮਸਕਾਰ ਕੀਤੀ। ਪਤੀ ਦੇ ਚਰਨ ਸਪਰਸ਼ ਕੀਤੇ ਤੇ ਚਰਨ ਧੋਣ ਲੱਗੀ ਤਾਂ ਅੱਖਾਂ ਭਰ ਆਈਆਂ। ਕਈ ਦਿਨਾਂ ਤੋਂ ਬਾਅਦ ਪਤੀ ਦੇ ਚਿਹਰੇ ਨੂੰ ਦੇਖਿਆ। ਜਦੋਂ ਅੱਖਾਂ ਭਿੱਜੀਆਂ ਤੇ ਨਾਲ ਕਹਿਣ ਲੱਗੀ ਕਿ ਆਪ ਜੀ ਦਾ ਕੋਟਾਨ ਕੋਟ ਸ਼ੁਕਰ ਹੈ ਤਾਂ ਰਾਜੇ ਨੇ ਕਿਹਾ ਕਿ ਸ਼ੁਕਰ ਮੇਰਾ ਨਹੀਂ, ਸ਼ੁਕਰ ਉਸ ਦਾ ਕਰ ਜਿਸ ਨੇ ਤੈਨੂੰ ਮੌਕਾ ਦੇ ਦਿੱਤਾ ਹੈ ਮਹਿਲ ਵਿਚ ਆਉਣ ਦਾ। ਜਿਹੜੀ ਕਦੀ ਉੱਚੀ ਨਹੀਂ ਸੀ ਬੋਲੀ, ਉਹ ਰਾਣੀ ਸਖ਼ਤ ਅਵਾਜ਼ ਵਿਚ ਉੱਚੀ ਬੋਲੀ ਤੇ ਕਹਿਣ ਲੱਗੀ ਕਿ ਇਹਦਾ ਸ਼ੁਕਰ ਮੈਂ ਕਦੀ ਨਹੀਂ ਕਰਾਂਗੀ। ਪੁੱਛਿਆ ਕਿਉਂ ? ਕਹਿਣ ਲੱਗੀ ਕਿ ਜਿਹੜੀ ਪਤੀ ਦਾ ਦਰਸ਼ਨ ਤੇ ਪਤੀ ਦੇ ਚਰਨਾਂ ਦੀ ਛੋਹ, ਇਕ ਨੌਂ ਲੱਖੇ ਹਾਰ ਦੇ ਬਦਲੇ ਵੇਚਣ ਨੂੰ ਤਿਆਰ ਹੈ ਤਾਂ ਇਹਦਾ ਪਤੀ ਨਾਲ ਪਿਆਰ ਕੀ ਹੋਇਆ। ਇਹਨੂੰ ਸਮਝ ਹੀ ਨਹੀਂ ਕਿ ਪਤੀ ਦੀ ਕਦਰ ਕੀ ਹੈ ? ਪਤੀ ਦੀ ਹੋਂਦ ਕੀ ਹੈ ? ਇਹਨੇ ਤਾਂ ਦਰਸ਼ਨ ਵੇਚੇ ਹਨ ਅਤੇ ਮੈਂ ਸੱਚ ਜਾਣਨਾ ਕਿ ਮੈਂ ਤਾਂ ਮਾਂ ਦਾ ਸ਼ੁਕਰ ਕਰਦੀ ਹਾਂ ਜਿਸ ਨੇ ਮੈਨੂੰ ਹਾਰ ਦਿੱਤਾ ਸੀ। ਉਸ ਹਾਰ ਦੇ ਬਦਲੇ ਤੁਹਾਡੇ ਦੀਦਾਰ ਹੋ ਗਏ।

ਰਾਜੇ ਨੇ ਸੁਣਿਆ ਤਾਂ ਇਕੋ ਦਮ ਮਨ ਵਿਚ ਆਇਆ ਕਿ ਵੱਡੀ ਦੇ ਅੰਦਰ ਇਹ ਅਦਬ ਤੇ ਛੋਟੀ ਦੇ ਅੰਦਰ ਏਨੀ ਬੇਵਫ਼ਾਈ ਤਾਂ ਉਸ ਨੇ ਇਕੋ ਦਮ ਹੁਕਮ ਕੀਤਾ ਕਿ ਛੋਟੀ ਨੂੰ ਮਹਿਲ ਵਿਚੋਂ ਬਾਹਰ ਕੱਢਿਆ ਜਾਵੇ। ਨਾਲ ਹੀ ਇਕ ਸ਼ਬਦ ਕਹਿ ਦਿੱਤਾ ਕਿ ਤੈਨੂੰ ਤੇਰਾ ਹਾਰ ਮੁਬਾਰਿਕ ਤੇ ਵੱਡੀ ਨੂੰ ਕਹਿ ਦਿੱਤਾ ਕਿ ਤੈਨੂੰ ਤੇਰੇ ਆਪਣੇ ਅੰਦਰ ਦੇ ਸਨੇਹ ਤੇ ਪਤੀ ਦਾ ਪਿਆਰ ਮੁਬਾਰਿਕ।

SIKHBOOKCLUB.COM

ਭਾਈ ਚੂਹੜ ਲਿਖਦੇ ਹਨ ਕਿ ਜਦੋਂ ਛੋਟੀ ਨੂੰ ਬਾਹਰ ਕੱਢਿਆ ਤਾਂ ਨੌ-ਲੱਖਾ ਹਾਰ ਵੱਡੀ ਨੇ ਉਹਦੇ ਗਲ੍ਹ ਵਿਚ ਪਾ ਦਿੱਤਾ। ਕਹਿਣ ਲੱਗੀ ਕਿ ਹਾਰ ਨਾਲ ਲੈ ਜਾਵੀਂ ਤਾਂਕਿ ਤੈਨੂੰ ਯਾਦ ਆਉਂਦੀ ਰਹੇ ਕਿ ਇਸ ਹਾਰ ਦੇ ਬਦਲੇ ਪਤੀ ਦੀ ਯਾਦ ਭੁੱਲ ਗਈ ਤੇ ਇਸ ਹਾਰ ਦੇ ਬਦਲੇ ਪਤੀ ਨੇ ਤੈਨੂੰ ਘਰੋਂ ਕੱਢ ਦਿੱਤਾ। ਜਦੋਂ ਛੋਟੀ ਰਾਣੀ ਬਾਹਰ ਨਿਕਲੀ ਤਾਂ ਉਸ ਨੇ ਹਾਰ ਨੂੰ ਤੋੜਿਆ। ਮੋਤੀ ਜ਼ਮੀਨ 'ਤੇ ਡਿੱਗੇ ਤੇ ਮੋਤੀਆਂ ਨੂੰ ਉਹ ਪੈਰਾਂ ਨਾਲ ਮਸਲਦੀ ਹੈ। ਉਥੇ ਭਾਈ ਚੂਹੜ ਜੀ ਨੇ ਚਾਰ ਸਤਰਾਂ ਕਵਿਤਾ ਦੀਆਂ ਲਿਖੀਆਂ ਹਨ। ਨਾਲੇ ਉਹ ਰਾਣੀ ਗਲੀ ਵਿਚ ਜਾ ਰਹੀ ਹੈ ਤੇ ਦੁਨੀਆਂ ਨੂੰ ਕਹਿੰਦੀ ਹੈ ਕਿ ਲੋਕੋ !

*ਸ਼ਾਲਾ ਹਾਰ ਟੁੱਟੇ ਅੱਧ ਵਿਚੋਂ ਤੇ ਤੇਰੇ ਥੀਵਨ ਲਾਲ ਅਜਾਈਂ।*

ਦੇਖੋ, ਅੱਜ ਉਹ ਹਾਰ ਇਹਦੇ ਲਈ ਪ੍ਰਮਾਤਮਾ ਨੂੰ, ਸਾਈਂ ਨੂੰ, ਆਪਣੇ ਪਤੀ ਨੂੰ ਵਿਸਰਣ ਦਾ ਕਾਰਜ ਬਣ ਗਿਆ। ਉਹ ਕਹਿ ਰਹੀ ਹੈ-

*ਸ਼ਾਲਾ ਹਾਰ ਟੁੱਟੇ ਅੱਧ ਵਿਚੋਂ ਤੇ ਤੇਰੇ ਥੀਵਨ ਲਾਲ ਅਜਾਈਂ।*<br>
*ਜੇ ਜਾਣਾਂ ਹਾਰੀ ਨੂੰ ਹਾਰ ਹਰਦਾ ਤੇ ਹਾਰ ਨੂੰ ਹੱਥ ਨਾ ਪਾਈਂ।*

ਕਹਿਣ ਲੱਗੀ ਕਿ ਚੰਦਰੇ ਹਾਰ ਨੇ ਮੇਰੇ ਤੋਂ ਪਤੀ ਦਾ ਘਰ ਤੇ ਪਤੀ ਦਾ ਪਿਆਰ ਖੋਹ ਲਿਆ। ਇਹ ਇਕੱਲੀ ਇਕ ਰਾਣੀ ਦੀ ਕਹਾਣੀ ਨਹੀਂ, ਇਹ ਕਹਾਣੀ ਹਰ ਇਕ ਜੀਵ ਦੀ

ਕਹਾਣੀ ਹੈ, ਜਿਹੜਾ ਚਮਕਦੇ ਹੋਏ ਹੀਰਿਆਂ ਨੂੰ ਦੇਖ ਕੇ ਗੁਰੂ ਤੇ ਪ੍ਰਮਾਤਮਾ ਨੂੰ ਭੁੱਲ ਜਾਂਦਾ ਸੀ। ਕਦੀ ਆਉ ਬਾਣੀ ਵਿਚ ਪੜ੍ਹੀਏ। ਮਹਾਰਾਜ ਜੀ ਨੇ ਕਿਹਾ ਹੈ ਕਿ ਸੋਨਾ, ਰੁਪਾ, ਕੰਗੁਲਾ, ਮੋਤੀ ਤੇ ਮਾਣਕ ਜੀਉ।

*ਸੋ ਕਿਉ ਵਿਸਰੈ ਮੇਰੀ ਮਾਇ॥*

ਸੋਨਾ ਰੂਪਾ ਦਾ ਅਰਥ ਹੈ ਚਾਂਦੀ, ਕੀਮਤੀ ਲਾਲ-

*ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ॥*
*ਸੇ ਵਸਤੂ ਸਹਿ ਦਿਤੀਆ*

ਇਹ ਵਸਤੂਆਂ ਪ੍ਰਮਾਤਮਾ ਨੇ ਦਿੱਤੀਆਂ ਹਨ। ਤੇ-

*ਮੈ ਤਿਨ੍ ਸਿਉ ਲਾਇਆ ਚਿਤੁ ਜੀਉ॥*

(ਅੰਗ ੭੬੨)

ਜਦੋਂ ਉਹਨਾਂ ਨਾਲ ਚਿੱਤ ਲੱਗਾ, ਤਾਂ ਦੇਣ ਵਾਲਾ ਪ੍ਰਮਾਤਮਾ ਵਿਸਰ ਗਿਆ।

*ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥*
*ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ॥*

ਐਹ ਮਿੱਟੀ ਦੇ ਮੰਦਰ, ਚੂਨੇ ਦੀਆਂ ਇਮਾਰਤਾਂ, ਦੁਨੀਆਂ ਦੀ ਧਨ ਦੌਲਤ ਨੇ ਮੈਨੂੰ ਪ੍ਰਮਾਤਮਾ ਭੁਲਾ ਦਿੱਤਾ ਹੈ। ਗੁਰਮੁਖੋ ! ਧੰਨ ਗੁਰੂ ਨਾਨਕ ਸਾਹਿਬ ਜੀ ਦੇ ਬਚਨਾਂ ਨੂੰ ਪੜ੍ਹੀਏ ਤੇ ਉਨ੍ਹਾਂ ਨੂੰ ਪੱਲੇ ਬੰਨ੍ਹੀਏ ਤਾਂ ਮੇਰਾ ਖ਼ਿਆਲ ਹੈ ਕਿ ਹਰ ਗ੍ਰਹਿਸਥੀ ਸਿੱਖ ਨੂੰ, ਹਰ ਇਕ ਗੁਰਮੁਖ ਨੂੰ, ਜਿਹੜਾ ਬਾਣੀ ਪੜ੍ਹਦਾ ਹੈ, ਇਹ ਨਾ ਕਹਿਉ ਕਿ ਕਥਾ ਕਰਦੇ ਸ਼ਬਦ ਦੇ ਗਏ। ਮੈਂ ਤਾਂ ਕਹਿੰਦਾ ਹਾਂ ਕਿ ਨਿਤਨੇਮ ਸ਼ਬਦ ਨੂੰ ਜ਼ਰੂਰ ਇਕ ਵਾਰ ਪੜ੍ਹੀਏ, ਘੱਟੋ ਘੱਟ ਯਾਦ ਰਹੇ ਕਿ ਮੇਰੇ ਗੁਰੂ ਨੇ ਪਹਿਲੇ ਰਾਗ ਵਿਚ ਜਿਹੜਾ ਸ਼ਬਦ ਦਿੱਤਾ ਹੈ, ਉਹਦੇ ਚਾਰ ਪਦਿਆਂ ਵਿਚ ਵਾਰ ਵਾਰ ਇਕੋ ਗੱਲ ਦ੍ਰਿੜ੍ਹ ਕਰਾਈ ਹੈ। ਇਸ ਲਈ ਪ੍ਰਮਾਤਮਾ ਤੈਨੂੰ ਐਹੋ ਜਿਹਾ ਕੁਝ ਦੇਵੇ ਕਿ ਤੂੰ ਉਹਦੀ ਯਾਦ ਨਾ ਭੁੱਲ ਜਾਈਂ। ਗੁਰੂ ਜੀ ਦਾ ਬਚਨ ਹੈ-

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੨॥*

ਹੁਣ ਤੀਸਰੀ ਜਿਹੜੀ ਗੱਲ ਕਹੀ ਬਾਬਾ ਜੀ ਨੇ, ਉਹ ਹੈ ਰੂਹਾਨੀਅਤ ਨਾਲ ਸੰਬੰਧਤ। ਉਹ ਹੈ ਸਾਧਨਾ ਨਾਲ ਸੰਬੰਧਤ, ਪਰ ਕਈ ਵਾਰੀ ਰੂਹਾਨੀਅਤ ਤੇ ਸਾਧਨਾ ਕਮਾਉਂਦਿਆਂ ਵੀ ਪ੍ਰਮਾਤਮਾ ਦੀ ਯਾਦ ਭੁੱਲ ਜਾਂਦੀ ਹੈ। ਕਿਸੇ ਨੇ ਧਿਆਨ ਤੇ ਇਕਾਗਰਤਾ ਵਿਚ ਬੈਠ ਕੇ ਕਿਸੇ ਮੰਤਰ ਨੂੰ ਜਪਿਆ, ਤੇ ਉਸ ਮੰਤਰ ਨੇ, ਉਸ ਧਿਆਨ ਨੇ, ਤੇ ਉਸ ਇਕਾਗਰਤਾ ਨੇ,

ਅੰਦਰ ਨੂੰ ਸ਼ਕਤੀ ਦਿੱਤੀ। ਉਹਦੇ ਬੋਲਣ ਵਿਚ ਤਾਕਤ ਆ ਗਈ। ਉਹਦੇ ਕੋਲ ਏਨੀ ਸ਼ਕਤੀ ਆ ਗਈ ਕਿ ਆਪਣੇ ਸਰੀਰ ਵਿਚੋਂ ਵੇਖਦਿਆਂ ਵੇਖਦਿਆਂ ਉਹ ਨਿਕਲ ਜਾਂਦਾ, ਗੁਪਤ ਹੋ ਜਾਂਦਾ ਤੇ ਲੋੜ ਪੈਂਦੀ ਤਾਂ ਪ੍ਰਗਟ ਵੀ ਹੋ ਜਾਂਦਾ। ਬਾਬਾ ਜੀ ਨੇ ਬਚਨ ਕਹੇ-

*ਸਿਧੁ ਹੋਵਾ ਸਿਧਿ ਲਾਈ*

ਸਿਧ ਦਾ ਅਰਥ ਹੈ ਪਹੁੰਚਿਆ ਹੋਇਆ। ਸਾਧਨਾ ਕਰ ਲਈ-

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥*

ਗੁਪਤ ਵੀ ਹੋ ਜਾਵਾਂ, ਪ੍ਰਗਟ ਵੀ ਹੋ ਜਾਵਾਂ ਤੇ ਲੋਕ ਬੜੀ ਭਾਵਨਾ ਨਾਲ ਮੈਨੂੰ ਪਿਆਰ ਕਰਨ। ਗੁਰਮੁਖੋ ! ਇਹ ਤਾਕਤ ਵੀ ਗੁਰੂ ਨੂੰ ਪ੍ਰਵਾਨ ਨਹੀਂ, ਕਿਉਂਕਿ-

*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾਰ ਆਵੈ ਨਾਉ॥ ੩॥*
*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੪॥ ੧॥*

ਹੇ ਪ੍ਰਮਾਤਮਾ ! ਇਹਨਾਂ ਸ਼ਕਤੀਆਂ ਨੂੰ ਦੇਖ ਕੇ ਮੈਨੂੰ ਤੇਰੀ ਯਾਦ ਨਾ ਵਿਸਰ ਜਾਏ। ਗੁਰਮੁਖੋ ! ਚੌਥਾ ਬਚਨ ਜੋ ਗੁਰੂ ਨਾਨਕ ਸਾਹਿਬ ਨੇ ਕ੍ਰਿਪਾ ਕੀਤੀ। ਕਹਿੰਦੇ ਹਨ ਕਿ ਅੱਜ ਕਿਸੇ ਬੰਦੇ ਕੋਲ ਪੱਦਵੀ ਹੁੰਦੀ ਹੈ। ਬਹੁਤ ਘੱਟ ਹਨ, ਜਿਹੜੇ ਪੱਦਵੀ ਨੂੰ ਪ੍ਰਮਾਤਮਾ ਦੀ ਦਾਤ ਸਮਝਦੇ ਹਨ। ਭਾਵੇਂ ਦੁਨੀਆਵੀ ਪੱਦਵੀ ਹੋਵੇ, ਭਾਵੇਂ ਧਾਰਮਿਕ ਹੋਵੇ, ਜੀਵਨ ਵਿਚ ਵਿਚਰਦਿਆਂ ਪੱਦਵੀ ਹੋਵੇ, ਜਿਸ ਦਾਤੇ ਨੇ ਦਿੱਤੀ ਹੈ ਉਸ ਦਾਤੇ ਨੂੰ ਬੰਦਾ ਭੁੱਲ ਜਾਵੇ। ਖਿਮਾ ਕਰਿਉ, ਧਰਮ ਦੀ ਪਦਵੀ ਵੀ ਮਾਇਆ ਦੀ ਪਦਵੀ ਬਣ ਕੇ ਰਹਿ ਜਾਂਦੀ ਹੈ। ਧੰਨ ਗੁਰੂ ਨਾਨਕ ਸਾਹਿਬ ਜੀ ਨੇ ਕਿਹਾ ਹੈ ਕਿ ਜੇਕਰ ਮੈਂ ਬਾਦਸ਼ਾਹ ਬਣ ਜਾਵਾਂ, ਮੇਰੇ ਕੋਲ ਆਪਣੀ ਫ਼ੌਜ, ਆਪਣਾ ਲਾਮ ਲਸ਼ਕਰ ਹੋਵੇ, ਲੋਕ ਮੇਰੇ ਸਾਹਮਣੇ ਆ ਕੇ ਝੁਕਣ। ਇਕ ਸ਼ਬਦ ਮੈਂ ਜ਼ੁਬਾਨ ਤੋਂ ਕਹਾਂ, ਤੇ ਹਜ਼ਾਰਾਂ ਬੰਦੇ ਉਸ ਨੂੰ ਮੰਨਣ ਵਾਸਤੇ ਤਿਆਰ ਹੋਣ, ਤਾਂ ਪ੍ਰਮਾਤਮਾ ! ਕ੍ਰਿਪਾ ਕਰੀਂ, ਇਹ ਰਾਜ ਭਾਗ, ਇਹ ਪਦਵੀਆਂ, ਇਹ ਹਕੂਮਤਾਂ, ਇਹ ਫ਼ੌਜਾਂ ਹਵਾ ਦੇ ਬੁੱਲੇ ਦੀ ਤਰ੍ਹਾਂ ਹਨ, ਜਿਵੇਂ ਹਵਾ ਦਾ ਬੁੱਲਾ ਆਇਆ ਤੇ ਚਲਾ ਗਿਆ, ਜੇ ਤੇਰੀ ਯਾਦ ਵਿਸਰ ਜਾਏ, ਤਾਂ ਕਈ ਵਾਰੀ ਇਹ ਰਾਜ ਭਾਗ ਵੀ ਬੰਦੇ ਦੇ ਅੰਤ ਦਾ ਕਾਰਣ ਬਣ ਜਾਂਦਾ ਹੈ। ਇਸ ਲਈ ਗੁਰੂ ਜੀ ਕਹਿੰਦੇ ਹਨ, ਕਿ ਬੰਦੇ ਨੂੰ ਪ੍ਰਮਾਤਮਾ ਦੀ ਯਾਦ ਨਹੀਂ ਭੁੱਲਣੀ ਚਾਹੀਦੀ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨਾ। ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

# ਸੂਰਬੀਰ ਬਚਨ ਕੇ ਬਲੀ

ਪਰਮ ਸਨਮਾਨ ਯੋਗ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਅੱਜ ਰਾਤਰੀ ਦੇ ਵਿਸ਼ੇਸ਼ ਦੀਵਾਨ ਵਿਚ ਜੂਨ 1984 ਦਾ ਜੋ ਘਲੂਘਾਰਾ ਪੰਜਾਬ ਦੇ ਵਿਚ ਵਾਪਰਿਆ ਸੀ, ਜਿਸ ਵਿਚ ਜੁਝਾਰੂ ਸਿੰਘਾਂ ਨੇ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਅਗਵਾਈ ਵਿਚ, ਹਿੰਦੋਸਤਾਨੀ ਫ਼ੌਜ ਦਾ ਮੁਕਾਬਲਾ ਕਰਦੇ ਹੋਏ, ਅਖ਼ੀਰਲੇ ਦਮ ਤੱਕ ਅੰਤਲੇ ਸਵਾਸਾਂ ਤੱਕ ਜੂਝ ਕੇ ਆਪਣੇ ਤਨ ਦੇ ਠੀਕਰੇ ਤਾਂ ਕੁਰਬਾਨ ਕਰ ਦਿੱਤੇ, ਪਰ ਆਪਣੇ ਅੰਦਰ ਦੀ ਆਤਮਾ ਨੂੰ ਅਤੇ ਆਪਣੇ ਅੰਦਰ ਦੀ ਦ੍ਰਿੜ੍ਹਤਾ ਨੂੰ ਉਹਨਾਂ ਜ਼ਾਲਮਾਂ ਦੇ ਸਾਹਮਣੇ ਗਿਰਵੀ ਨਹੀਂ ਰੱਖਿਆ। ਇਸ ਤੋਂ ਇਲਾਵਾ ਬਿਅੰਤ ਸੰਗਤਾਂ ਧੰਨ ਗੁਰੂ ਅਰਜਨ ਦੇਵ ਜੀ ਦਾ ਸ਼ਹਾਦਤ ਪੁਰਬ ਮਨਾਉਣ ਲਈ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਇਕੱਤਰ ਹੋਈਆਂ ਸਨ, ਜਿਨ੍ਹਾਂ ਦੇ ਹੱਥ ਵਿਚ ਨਾ ਕੋਈ ਸ਼ਸਤਰ ਸੀ, ਨਾ ਕੋਈ ਬੰਦੂਕ, ਨਾ ਕੋਈ ਗੋਲਾ, ਨਾ ਕੋਈ ਨੇਜ਼ਾ ਸੀ। ਉਹ ਕੇਵਲ ਦਰਸ਼ਨ ਕਰਨ ਆਈਆਂ ਸਨ। ਗੁਰਪੁਰਬ ਮਨਾਉਣ ਆਈਆਂ ਸੰਗਤਾਂ ਨੂੰ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ।

ਆਉ, ਅੱਜ ਧੰਨ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਰੌਸ਼ਨੀ ਵਿਚ ਆਪ ਨਾਲ ਵਿਚਾਰ ਸਾਂਝੇ ਕਰ ਲਈਏ। ਇਕ ਬੇਨਤੀ ਮੈਂ ਜ਼ਰੂਰ ਕਰਨੀ ਹੈ। ਦਾਸ ਖ਼ਾਸ ਕਰਕੇ ਇਸ ਦੀਵਾਨ ਦੀ ਹਾਜ਼ਰੀ ਭਰ ਰਿਹਾ ਹੈ। ਪਿਛਲੇ ਸਾਲ ਵੀ ਇਸ ਅਸਥਾਨ 'ਤੇ ਅਰਦਾਸ ਕੀਤੀ ਸੀ ਤੇ ਇਸ ਸਾਲ ਵੀ ਹੁਣ ਦੀਵਾਨ ਦੀ ਸਮਾਪਤੀ ਤੋਂ ਬਾਅਦ ਆਪਾਂ ਨੇ ਸ਼ਹੀਦਾਂ ਦੇ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਕਰਨੀ ਹੈ। ਸਭ ਤੋਂ ਸੱਚੀ ਸੁੱਚੀ ਸ਼ਰਧਾਂਜਲੀ ਹੀ ਦੇ ਕੇ, ਉਹਨਾਂ ਨੂੰ ਯਾਦ ਕਰਕੇ ਅਤੇ ਗੁਰੂ ਚਰਨਾਂ ਵਿਚ ਅਰਦਾਸ ਕਰਕੇ, ਆਪਣੀ ਜ਼ਿੰਦਗੀ ਨੂੰ ਗੁਰਮਤਿ ਵੱਲ ਢਾਲ ਸਕੀਏ। ਆਪ ਜਿੰਨੇ ਵੀ ਗੁਰੂ ਚਰਨਾਂ ਵਿਚ ਇਕੱਤਰ ਹੋਏ ਹੋ, ਵਿਚਾਰ ਦੀ ਅਰੰਭਤਾ ਤੋਂ ਪਹਿਲਾਂ ਗੁਰੂ ਬਖ਼ਸ਼ੀ ਫ਼ਤਹਿ ਪ੍ਰਵਾਨ ਕਰੋ ਜੀ-

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਭਾਈ ਬਲਦੇਵ ਸਿੰਘ ਜੀ ਵਡਾਲਾ ਦਾ ਦੋ ਕੁ ਦਿਨ ਪਹਿਲਾਂ ਫ਼ੋਨ ਆਇਆ ਸੀ ਕਿ ਅੱਜ ਦੇ ਇਸ ਸਾਲ ਦੇ ਘਲੂਘਾਰੇ ਦੇ ਜਿਹੜੇ ਦਿਨ ਹਨ, ਉਹ ਸ਼ਬਦ ਸੰਗਤ ਨੂੰ ਕੀਰਤਨ ਰੂਪ ਵਿਚ ਸਰਵਨ ਕਰਾਏ ਜਾਣ। ਅਸੀਂ ਸਾਰੇ ਪੜ੍ਹਦੇ ਹਾਂ-

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*

(ਅੰਗ ੧੪੧੨)

ਧੰਨ ਗੁਰੂ ਗ੍ਰੰਥ ਸਾਹਿਬ ਇਕ ਉਹ ਖ਼ਜ਼ਾਨਾ ਹਨ, ਜਿਹੜੇ ਕਿ ਸਾਨੂੰ ਜ਼ਿੰਦਗੀ ਜੀਊਣ ਦੀ ਜਾਚ ਵੀ ਸ਼ਬਦਾਂ ਰਾਹੀਂ ਦੇਂਦੇ ਹਨ ਅਤੇ ਨਾਲ ਹੀ ਸਾਨੂੰ ਮਰਨ ਦੀ ਜਾਚ ਵੀ ਸ਼ਬਦਾਂ ਦੀ ਰੋਸ਼ਨੀ ਰਾਹੀਂ ਦੇਂਦੇ ਹਨ। ਸਿੱਖ ਨੇ ਜੀਊਣਾ ਕਿਵੇਂ ਹੈ ? ਮਨੁੱਖ ਨੇ ਜੀਊਣਾ ਕਿਵੇਂ ਹੈ ? ਅਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਬਖ਼ਸ਼ਿਸ਼ ਕਰਦੇ ਹਨ, ਕਿ ਜੀਊਣ ਦੇ ਨਾਲ ਸ਼ਬਦ ਦੀ ਕਮਾਈ ਕਰਨ ਵਾਲਿਆਂ ਨੇ ਮਰਨਾ ਕਿਵੇਂ ਹੈ।

ਜਿਸ ਮਨੁੱਖ ਨੂੰ ਜੀਵਨ ਜੀਊਣਾ ਆ ਗਿਆ, ਤਾਂ ਮਰਨਾ ਵੀ ਉਸੇ ਨੂੰ ਆਵੇਗਾ। ਯਾਦ ਰੱਖੋ, ਜਿਸ ਨੂੰ ਜੀਵਨ ਜੀਊਣਾ ਹੀ ਨਹੀਂ ਆਇਆ ਤਾਂ ਉਸ ਬੰਦੇ ਨੂੰ ਮਰਨਾ ਵੀ ਕਦੀ ਨਹੀਂ ਆਵੇਗਾ। ਜੀਵਨ ਕੀ ਦੱਸੇਗਾ ਤੇ ਮਰਨਾ ਕੀ ਹੈ ? ਭਾਈ ਸਾਹਿਬ ਨੇ ਜਦੋਂ ਸ਼ਬਦ ਪੜ੍ਹੇ ਤੇ ਨਾਲ ਹੀ ਉਹਨਾਂ ਨੇ ਦੱਸਿਆ-

*ਕਬੀਰ ਮੁਹਿ ਮਰਨੇ ਕਾ ਚਾਉ ਹੈ*

(ਅੰਗ ੧੩੬੭)

SIKHBOOKCLUB.COM

ਹੁਣ ਮਰਨ ਦਾ ਚਾਅ ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦਾ ਸ਼ਬਦ-

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*

(ਅੰਗ ੧੪੧੨)

ਮਰਨ ਦੇ ਨਾਲ ਅਤੇ ਜੀਊਣ ਦੇ ਨਾਲ ਚਾਉ ਸ਼ਬਦ ਜੁੜਿਆ ਹੈ। ਮੇਰਾ ਜੀਉਣ ਨੂੰ ਦਿਲ ਕਰਦਾ ਹੈ। ਮੈਂ ਚਾਰ ਦਿਨ ਜੀਵਾਂ। ਖਾਣ ਨਾਲ ਵੀ ਚਾਉ ਸ਼ਬਦ ਜੁੜਿਆ ਹੈ ਕਿ ਫਲਾਨੀ ਵਸਤੂ ਚੱਖਣ ਵਾਸਤੇ ਮੇਰਾ ਚਾਉ ਹੈ। ਪਾਉਣ ਨਾਲ ਚਾਉ ਜੁੜਿਆ ਹੈ ਕਿ ਫਲਾਨਾ ਕੀਮਤੀ ਬਸਤਰ ਮੈਂ ਪਹਿਨਾਂ, ਇਹ ਮੇਰਾ ਚਾਉ ਹੈ। ਸੈਰ ਕਰਨ ਨਾਲ ਵੀ ਚਾਉ ਸ਼ਬਦ ਜੁੜਿਆ ਹੈ, ਕਿ ਮੈਂ ਇਸ ਅਸਥਾਨ ਤੇ ਕੁਝ ਦਿਨ ਬਤੀਤ ਕਰਨੇ ਚਾਹੁੰਦਾ ਹਾਂ। ਖਾਣ ਦਾ ਚਾਉ ਹੈ, ਪਾਉਣ ਦਾ ਚਾਉ ਹੈ, ਰਹਿਣ ਦਾ ਚਾਉ ਹੈ, ਸੈਰ ਕਰਨ ਦਾ ਚਾਉ ਹੈ। ਐਸੀ ਅਦੁੱਤੀ ਖੇਡ ਹੈ, ਕਿ ਇਕ ਸ਼ਬਦ ਦੀ ਜ਼ਿੰਦਗੀ ਜਿਊਣ ਵਾਲਾ ਕਹਿੰਦਾ ਹੈ ਕਿ ਮੈਨੂੰ ਮਰਨ ਦਾ ਇਕ ਚਾਅ ਹੈ। ਚਾਅ ਇਸ ਚੀਜ਼ ਦਾ ਹੈ ਕਿ ਜਿਸ ਦਿਨ ਮੈਂ ਮਰਾਂ, ਮੇਰਾ ਅੰਤਲਾ ਸੁਆਸ ਤੇਰੇ ਦਰਬਾਰ ਦੀ ਦਹਿਲੀਜ਼ ਵਿਚ ਹੋਵੇ। ਅਸੀਂ ਬਾਣੀ ਵਿਚ ਪੜ੍ਹਿਆ ਹੈ-

*ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥*

(ਅੰਗ ੧੩੬੭)

ਮਰਨਾ ਸਭ ਨੇ ਹੈ। ਮੇਰੇ ਮਨ ਵਿਚ ਚਾਅ ਹੈ ਕਿ ਮਾਲਕ ਦੇ ਦਰ 'ਤੇ ਹੀ ਮਰਾਂ।

ਜਦੋਂ ਮੈਂ ਇਹ ਸ਼ਬਦ ਪੜ੍ਹੇ ਤਾਂ ਮਨ ਵਿਚ ਖ਼ਿਆਲ ਆਇਆ ਕਿ ਮੌਤ ਵੀ ਸਿੱਖ ਲਈ ਇਕ ਚਾਅ ਹੈ। ਪਰ ਇਹ ਚਾਅ ਕਿੰਨ੍ਹਾਂ ਵਾਸਤੇ ਹੈ ? ਆਪਾਂ ਬੈਠੇ ਹਾਂ ਤੇ ਮੈਂ ਜ਼ਰੂਰ ਗੁਰਬਾਣੀ ਦੀ ਗੱਲ ਕਰਾਂਗਾ। ਸ਼ਾਇਦ ਇਹਦੇ ਅਰਥ ਕਰਨ ਪਿੱਛੇ ਮੇਰਾ ਆਪਣਾ ਜੀਵਨ ਏਨਾ ਉੱਚਾ ਨਹੀਂ। ਮੇਰੇ ਮਨ ਵਿਚ ਵੀ ਚਅ ਹੈ ਕਿ ਮੈਂ ਮਰਾਂ। ਬੰਦਾ ਜੀਊਣ ਲਈ ਚਾਅ ਪੈਦਾ ਕਰਦਾ ਹੈ। ਬੰਦਾ ਸੰਤਾਨ ਦੇ ਸੁੱਖ ਵੇਖਣ ਲਈ ਚਾਅ ਪੈਦਾ ਕਰਦਾ ਹੈ। ਕਰੋੜਾਂ ਵਿਚੋਂ ਕੋਈ ਇਕ ਅੱਧਾ ਹੀ ਐਸਾ ਜੰਮਦਾ ਹੈ ਜਿਹੜਾ ਆਪਣੇ ਘਰ ਨੂੰ ਅੱਗ ਲਾਉਣ ਲਈ ਤੇ ਆਪਣੇ ਅੰਦਰ ਨੂੰ ਮੌਤ ਦੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹੈ।

ਇਹ ਚਾਉ ਸ਼ਬਦ ਕਿਥੋਂ ਉਪਜਿਆ ? ਆਮ ਤੌਰ 'ਤੇ ਮੌਤ ਵੇਲੇ ਵੈਣ ਪਾਏ ਜਾਂਦੇ ਹਨ, ਕਿਉਂਕਿ ਅਸੀਂ ਸ਼ਹੀਦਾਂ ਨੂੰ ਯਾਦ ਕਰ ਰਹੇ ਹਾਂ। ਮੌਤ ਵੇਲੇ ਵੈਣ ਪਾਏ ਜਾਂਦੇ ਹਨ। ਮੌਤ ਵੇਲੇ ਲੋਕ ਅਕਸਰ ਕੰਬਦੇ ਹਨ। ਕੀ ਮੌਤ ਦਾ ਡਰ ਇਤਨਾ ਹੈ ? ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਉਸ ਦਰਦਨਾਕ ਹਾਲਤ ਨੂੰ ਸ਼ਬਦ ਦੇ ਵਿਚ ਬਿਆਨ ਕੀਤਾ ਹੈ। ਮਹਾਰਾਜ ਕਹਿੰਦੇ ਹਨ ਕਿ ਮੌਤ ਇਤਨੀ ਡਰਾਉਣੀ ਹੈ ਕਿ-

*ਹਥੁ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥*

(ਅੰਗ ੧੩੪)

ਮੌਤ ਨੇ ਹੱਥਾਂ ਨੂੰ ਮਰੋੜ ਦਿੱਤਾ, ਹੱਡੀਆਂ ਤੋੜ ਦਿੱਤੀਆਂ, ਸਰੀਰ ਜਿਹੜਾ ਸੀ, ਉਹ ਕਾਲੇ ਤੋਂ ਚਿੱਟਾ ਹੋ ਗਿਆ। ਖ਼ੂਨ ਦਾ ਰੰਗ ਬਦਲ ਗਿਆ। ਮਹਾਰਾਜ ਜੀ ਨੇ ਬਾਣੀ ਵਿਚ ਕਿਹਾ ਹੈ-

*ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥*

(ਅੰਗ ੧੩੭੭)

ਕਿੰਨਾ ਡਰ ਹੈ ਕਿ ਜਦੋਂ ਜਿੰਦ ਕੱਢੀ ਜਾਏਗੀ ਤਾਂ ਹੱਡੀਆਂ ਕਾੜ-ਕਾੜ ਕਰਕੇ ਟੁੱਟਦੀਆਂ ਹਨ। ਇਹਦਾ ਮਤਲਬ ਹੈ ਕਿ ਮੌਤ ਵਿਚ ਬੜਾ ਭੈਅ ਹੈ। ਜਿੰਦ ਨੂੰ ਕੱਢਣ ਲੱਗਿਆਂ ਏਨਾ ਦੁੱਖ ? ਹੱਥ ਪੈਰ ਮਰੋੜੇ ਗਏ। ਇਸੇ ਲਈ ਕਿਹਾ ਜਾ ਰਿਹਾ ਹੈ-

*ਮੁਹਿ ਮਰਨੇ ਕਾ ਚਾਉ ਹੈ*

ਪਰ ਗੁਰੂ ਕੇ ਸਿੱਖੋ ! ਸਿੱਖ ਰੋਜ਼ ਇਕ ਬਾਣੀ ਪੜ੍ਹਦਾ ਹੈ। ਉਸ ਬਾਣੀ ਨੂੰ ਅਸੀਂ ਸੌਣ ਲੱਗਿਆਂ ਪੜ੍ਹਦੇ ਹਾਂ। ਉਸ ਬਾਣੀ ਦਾ ਨਾਮ ਤੁਸੀਂ ਸਾਰੇ ਜਾਣਦੇ ਹੋ ਕਿ ਸੋਹਿਲਾ ਸਾਹਿਬ ਹੈ। ਸੋਹਿਲੇ ਦਾ ਅਰਥ ਹੈ ਖ਼ੁਸ਼ੀ ਦਾ ਦਿਨ।

ਹੋਰ ਅਰਥ ਅਸੀਂ ਡੂੰਘਾਈ ਵਿਚ ਦੇਖੀਏ। ਉਹ ਗੀਤ ਜਿਹੜਾ ਵਿਆਹ ਵੇਲੇ ਗਾਇਆ ਜਾਂਦਾ ਹੈ ਉਸ ਦਾ ਮੰਗਲਮਈ ਚਾਉ ਕੀ ਹੈ। ਉਹ ਗੀਤ ਜਿਹੜਾ ਵਿਆਹ ਵੇਲੇ ਪੜ੍ਹਿਆ ਜਾਂਦਾ ਹੈ। ਉਹ ਗੀਤ ਜੋ ਖ਼ੁਸ਼ੀ ਵੇਲੇ ਗਾਇਆ ਜਾਂਦਾ ਹੈ। ਲੋਕ ਮੌਤ ਨੂੰ ਢਾਹਾਂ ਮਾਰਨਾ ਤੇ

ਰੋਣਾ ਹੀ ਸਮਝਦੇ ਹਨ, ਪਰ ਧੰਨ ਗੁਰੂ ਨਾਨਕ ਸਾਹਿਬ ਨੇ ਪਹਿਲੀ ਬਖ਼ਸ਼ਿਸ਼ ਇਹ ਕੀਤੀ ਹੈ ਕਿ ਜਿਸ ਮੌਤ ਨੂੰ ਲੋਕੀਂ ਡਰ ਸਮਝਦੇ ਹਨ, ਤੂੰ ਰਾਤ ਨੂੰ ਸੌਣ ਲੱਗਿਆਂ ਸੋਹਿਲਾ ਸਾਹਿਬ ਪੜ੍ਹੀਂ। ਸੱਚ ਜਾਣੀ, ਮੌਤ ਇਕ ਦਿਨ ਤੇਰੇ ਲਈ ਖ਼ੁਸ਼ੀ ਦਾ ਦਿਨ ਬਣ ਜਾਵੇਗੀ। ਇਹ ਸੋਹਿਲਾ ਹੈ ਤਾਂ ਤੇ ਚਾਉ ਹੈ—

*ਸੰਬਤਿ ਸਾਹਾ ਲਿਖਿਆ*

ਇਹ ਚਾਅ ਹੈ ਜੋ ਜੀਉਂਦੇ ਜੀਅ ਸਮਝ ਪੈ ਜਾਵੇ-

*ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥*
*ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥ ੩ ॥*
*ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥*
*ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥ ੪ ॥*

(ਕੀਰਤਨ ਸੋਹਿਲਾ)

ਸੱਦਣ ਵਾਲੇ ਨੂੰ ਜਿਸ ਨੇ ਵੀ ਚੇਤੇ ਕੀਤਾ, ਯਾਦ ਰੱਖੇ, ਮੌਤ ਦੇ ਸੱਦੇ ਤੋਂ ਪਹਿਲਾਂ, ਰੱਬ ਉਹਨੂੰ ਅੱਵਸ਼ ਮਿਲਦਾ ਹੈ। ਜਿਸ ਨੂੰ ਮੌਤ ਤੋਂ ਪਹਿਲੇ ਰੱਬ ਮਿਲ ਜਾਏ, ਉਹਦੇ ਲਈ ਮੌਤ ਚਾਉ ਬਣ ਜਾਂਦੀ ਹੈ। ਮੌਤ ਭੈਅ ਨਹੀਂ। ਸ਼ਹੀਦਾਂ ਨੂੰ ਅਸੀਂ ਯਾਦ ਪਏ ਕਰਦੇ ਹਾਂ। ਅੱਜ ਦੋ ਸਲੋਕ ਮੇਰੇ ਮਨ ਵਿਚ ਹਨ-

*ਣਾਣਾ ਰਣਿ ਰੂਤਉ ਨਰ ਨੇਹੀ ਕਰੈ॥*

ਭਾਈ ਸਾਹਿਬ ਪੜ੍ਹ ਕੇ ਗਏ ਹਨ। ਤੇ ਜੇ ਸਹੀ ਅਰਥਾਂ ਵਿਚ ਬਾਬਾ ਜਰਨੈਲ ਸਿੰਘ ਦੇ ਜੀਵਨ ਦੀ ਵਿਆਖਿਆ ਕਰਨੀ ਹੈ ਤਾਂ ਇਕੱਲੀ ਮੌਤ ਨਹੀਂ, ਇਹ ਦੋ ਸਲੋਕਾਂ ਦੇ ਮੈਂ ਅੱਖਰੀ ਅਰਥ ਕਰ ਦੇਂਦਾ ਹਾਂ। ਸ਼ਾਇਦ ਮੇਰਾ ਖ਼ਿਆਲ ਹੈ ਕਿ ਬਾਕੀ ਕੁਝ ਕਹਿਣ ਦੀ ਲੋੜ ਹੀ ਨਾ ਪਵੇ।

*ਣਾਣਾ ਰਣਿ ਰੂਤਉ ਨਰ. ਨੇਹੀ ਕਰੈ॥*

ਇਹਦਾ ਅਰਥ ਜਦੋਂ ਕੋਈ ਮਰਦ ਅਗੰਮੜਾ ਭਾਵੇਂ ਅੰਦਰ ਦੇ ਜੰਗ ਵਿਚ, ਭਾਵੇਂ ਬਾਹਰ ਦੇ ਜੰਗ ਵਿਚ ਕਰੇ-

*ਣਾਣਾ ਰਣਿ ਰੂਤਉ ਨਰ ਨੇਹੀ ਕਰੈ॥*

ਰੂਤਉ ਦਾ ਅਰਥ ਹੈ ਰੁਝਿਆ ਹੋਇਆ। ਜਿਹੜਾ ਲੜਾਈ ਵਿਚ ਰੁਝਿਆ ਹੋਇਆ ਹੈ, ਲੜਾਈ ਵਿਚ ਮਸਤ ਹੈ।

*ਨਰ ਨੇਹੀ ਕਰੈ॥*

ਨੇਹੀ ਦਾ ਅਰਥ ਹੁੰਦਾ ਹੈ ਵੱਸ ਕਰਨਾ, ਦ੍ਰਿੜ੍ਹਤਾ ਨਾਲ ਪਕੜਨਾ। ਕਹਿੰਦੇ ਹਨ

ਲੜਾਈ ਲੜਨ ਵਾਲੇ ਨੇ ਸਭ ਤੋਂ ਪਹਿਲੀ ਗੱਲ, ਕਬੀਰ ਸਾਹਿਬ ਕਹਿੰਦੇ ਹਨ, ਉਸ ਨੇ ਆਪਣੇ ਅੰਦਰ ਨੂੰ ਕਾਬੂ ਕੀਤਾ। ਰਣ ਤੱਤੇ ਵਿਚ ਤਾਂ ਹੀ ਉਤਰਿਆ, ਕਿਉਂਕਿ ਉਸ ਨੂੰ ਦ੍ਰਿੜ੍ਹਤਾ ਹੈ ਕਿ ਮੈਂ ਮਰ ਵੀ ਗਿਆ ਤਾਂ ਮੇਰੀ ਮੌਤ ਵੀ ਜਿੱਤ ਬਣੇਗੀ। ਸ਼ਬਦ ਵੱਲ ਧਿਆਨ ਦੇਣਾ-

*ਣਾਣਾ ਰਣਿ ਰੂਤਉ ਨਰ ਨੇਹੀ ਕਰੈ॥*

ਅੱਗੇ ਬਚਨ ਹੈ-

*ਨਾ ਨਿਵੈ ਨਾ ਫੁਨਿ ਸੰਚਰੈ॥*

ਇਹਦੇ ਅਰਥ ਕੀ ਹਨ ? ਸ਼ਬਦ ਪੜ੍ਹ ਕੇ ਗਏ ਹਨ ਭਾਈ ਸਾਹਿਬ। ਨਿਵੈ ਦਾ ਅਰਥ ਹੈ ਕਦੀ ਵੀ ਉਹ ਲਾਲਚ ਦੇ ਅਧੀਨ ਹੋ ਕੇ ਕਿਸੇ ਵੀ ਸਾਹਮਣੇ ਝੁਕਦਾ ਨਹੀਂ। ਸੰਚਰੈ ਦਾ ਅਰਥ ਹੈ ਨਾਲ ਚਲਣਾ। ਜਿਹੜਾ ਮੌਤ ਨੂੰ ਵਿਆਹੁਣ ਚੱਲਿਆ ਹੈ, ਨਾ ਤਾਂ ਉਹ ਲੋਕਾਂ ਦੇ ਕਾਫ਼ਲੇ ਵਿਚ ਚੱਲਦਾ ਹੈ ਤੇ ਨਾ ਕਿਸੇ ਦੇ ਸਾਹਮਣੇ ਆਪਣਾ ਸਿਰ ਝੁਕਾਉਂਦਾ ਹੈ। ਸੱਚ ਮੁੱਚ ਇਹ ਗੱਲ ਠੀਕ ਹੈ। ਉਹ ਕਾਫ਼ਲੇ ਨਾਲ ਨਹੀਂ ਸੀ ਜੁੜੇ ਜਿਨ੍ਹਾਂ ਨੇ ਕਿਹਾ ਸੀ ਕਿ ਗੋਲੀਆਂ ਚਲਾਉ ਪਰ ਫ਼ੌਜ ਸਾਡੀਆਂ ਲਾਸ਼ਾਂ ਤੋਂ ਲੰਘ ਕੇ ਹੀ ਅੰਦਰ ਜਾਵੇਗੀ। ਚੇਤੇ ਰੱਖੋ, ਲਾਸ਼ਾਂ ਉਹਨਾਂ ਦੀਆਂ ਉਠੀਆਂ, ਪਰ ਜਿਸ ਸ਼ਾਨ ਨਾਲ ਬਾਬਾ ਜਰਨੈਲ ਸਿੰਘ ਜੀ ਦੀ ਲਾਸ਼ ਉਠੀ, ਸ਼ਾਇਦ ਓਨੀ ਸ਼ਾਨ ਨਾਲ ਕਿਸੇ ਦੀ ਵੀ ਲਾਸ਼ ਨਾ ਉਠੀ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਯਾਦ ਕਰਦਾ ਹੈ। ਮਹਾਰਾਜ ਜੀ ਅੱਗੇ ਬਚਨ ਕਰਦੇ ਹਨ-

*ਧੰਨਿ ਜਨਮੁ ਤਾਹੀ ਕੋ ਗਣੈ॥*

(ਅੰਗ ੩੪੧)

ਉਹਦੇ ਜਨਮ ਨੂੰ ਧੰਨ ਕਹੋ ਜਿਹੜਾ ਝੁਕਿਆ ਵੀ ਨਾ ਅਤੇ ਕਾਫ਼ਲੇ ਨਾਲ ਤੁਰਿਆ ਵੀ ਨਾ। ਜਿਸ ਨੇ ਮੌਤ ਨੂੰ ਤਾਂ ਸਵੀਕਾਰ ਕਰ ਲਿਆ, ਪਰ ਕਿਸੇ ਨਾਲ ਵੀ ਅੰਤਰ ਆਤਮੇ ਸਮਝੌਤਾ ਨਹੀਂ ਕੀਤਾ। ਜਾਂਦੇ ਹੋਏ ਨੂੰ ਬਹੁਤ ਕੁਝ ਇਸ ਸਮਾਜ ਨੇ ਕਿਹਾ, ਸਿੱਖਾਂ ਨੇ ਕਿਹਾ, ਕਿਉਂਕਿ ਅੱਜ ਵੀ ਦੂਰ ਦੂਰ ਨੈੱਟ 'ਤੇ ਜਾਉ, ਉਹਨਾਂ ਦੇ ਲੈਕਚਰ ਹਨ। ਪਿਛਲੇ ਦਿਨੀਂ ਮੈਂ ਸੁਣਿਆ, ਉਹ ਕਹਿ ਰਹੇ ਸਨ ਕਿ ਸਭ ਤੋਂ ਵੱਡਾ ਮੈਨੂੰ ਇਹ ਦੁੱਖ ਲੱਗਾ ਕਿ ਮੈਂ ਅੰਮ੍ਰਿਤ ਸੰਚਾਰ ਕੀਤੇ ਤੇ ਸਭ ਕੁਝ ਕੁਰਬਾਨ ਵੀ ਕੀਤਾ, ਪਰ ਸਭ ਕੁਝ ਕੁਰਬਾਨ ਕਰਨ ਵਾਲਿਆਂ ਨੂੰ ਅਖੌਤੀ ਆਗੂ, ਜੋ ਰਾਜ ਭਾਗ ਭੋਗਦੇ ਪਏ ਹਨ, ਉਹ ਕਹਿੰਦੇ ਹੁੰਦੇ ਸਨ ਕਿ ਇਹ ਕਾਂਗਰਸ ਦਾ ਏਜੰਟ ਹੈ। ਪਰ ਸ਼ਹਾਦਤ ਨੇ ਸੱਚ ਕਰ ਦਿੱਤਾ ਹੈ।

ਮੈਂ ਸੰਖੇਪ ਜਿਹਾ ਅਰਜ਼ ਕਰ ਦੇਵਾਂ ਕਿ ਉਹ ਕਿਸੇ ਦੇ ਅੱਗੇ ਝੁਕਦਾ ਨਹੀਂ। ਉਹ ਕਿਸੇ ਦੇ ਨਾਲ ਕਾਫ਼ਲੇ ਵਿਚ ਚੱਲਦਾ ਨਹੀਂ। ਬਾਬਾ ਜਰਨੈਲ ਸਿੰਘ ਕੋਲ ਕਿਹੜੀ ਤਾਕਤ ਸੀ ? ਪੰਜ ਜਮਾਤਾਂ ਸਿਰਫ਼ ਉਹ ਪੜ੍ਹੇ। ਤੁਹਾਡੀ ਗਿਆਤ ਲਈ ਮੈਂ ਉਹਨਾਂ ਦੀ ਕਮਾਈ ਦੀ ਝਲਕ

ਕਦੀ ਵਕਤ ਆਵੇਗਾ ਤਾਂ ਤੁਹਾਡੇ ਨਾਲ ਸਾਂਝੀ ਕਰਨੀ ਚਾਹਵਾਂਗਾ। ਤੇ ਮੈਂ ਯਤਨ ਕਰ ਰਿਹਾ ਹਾਂ ਕਿ ਪੂਰੇ ਸਮਾਚਾਰ ਮਿਲ ਜਾਣ, ਇਹ ਮੇਰੇ ਜ਼ਿਹਨ ਵਿਚ ਅਤੇ ਮੇਰੇ ਸੀਨੇ ਵਿਚ ਵੀ ਹੈ। ਜੇ ਰੱਬ ਨੇ ਮੈਨੂੰ ਦਿਨ ਦਿੱਤੇ ਤਾਂ ਇਕ ਇਕ ਸ਼ਹੀਦ ਦੀ ਜਾਣਕਾਰੀ ਸੰਗਤ ਦੇ ਸਾਹਮਣੇ ਜ਼ਰੂਰ ਲਿਆਂਦੀ ਜਾਵੇਗੀ।

ਬਾਬਾ ਜਰਨੈਲ ਸਿੰਘ ਪੰਜ ਜਮਾਤਾਂ ਸਿਰਫ਼ ਪੜ੍ਹੇ ਸਨ। ਇਹ ਦਮਦਮੀ ਇਤਿਹਾਸ ਵਿਚ ਹੈ, ਕਿ ਪੌਣੇ ਪੰਜ ਸਾਲ ਦੀ ਉਮਰ ਵਿਚ ਬਾਬਾ ਜਰਨੈਲ ਸਿੰਘ ਜੀ ਨੇ ਅੰਮ੍ਰਿਤ ਪਾਨ ਕੀਤਾ ਸੀ। ਅਸੀਂ ਇਕ ਜੁਝਾਰੂ ਦੇ ਰੂਪ ਵਿਚ ਦੇਖ ਰਹੇ ਹਾਂ। ਉਹਨਾਂ ਦੇ ਬਾਰੇ ਮੈਂ ਪੜ੍ਹਿਆ ਹੈ ਕਿ ਉਹਨਾਂ ਨੇ ਹੱਲ ਵੀ ਵਾਹਿਆ। ਇਕ ਸੌ ਦੱਸ ਜਪੁਜੀ ਸਾਹਿਬ ਜੀ ਦੇ ਪਾਠ ਬਾਬਾ ਜਰਨੈਲ ਸਿੰਘ ਜੀ ਰੋਜ਼ ਖੇਤਾਂ ਵਿਚ ਕਰਦੇ ਸਨ। ਜਦੋਂ ਕਮਾਈ ਕਰਦੇ ਰਹੇ ਤਾਂ ਇਕ ਸੌ ਦੱਸ ਜਪੁਜੀ ਸਾਹਿਬ ਜੀ ਦੇ ਪਾਠਾਂ ਤੋਂ ਇਲਾਵਾ ਪੰਜ ਗ੍ਰੰਥੀ ਦਾ ਪਾਠ ਹੱਲ ਵਾਹੁੰਦਿਆਂ ਖੇਤਾਂ ਵਿਚ ਕਰਦੇ।

ਇਤਨੀ ਵੱਡੀ ਸ਼ਹਾਦਤ ਗੱਲਾਂ ਨਾਲ ਨਹੀਂ ਮਿਲਦੀ। ਪਿਆਰਿਉ ! ਸ਼ਹਾਦਤ ਵੀ ਉਹਨਾਂ ਦੇ ਪੱਲੇ ਪੈਂਦੀ ਹੈ ਜਿਨ੍ਹਾਂ ਕੋਲ ਇਬਾਦਤ ਹੈ। ਜਿਨ੍ਹਾਂ ਕੋਲ ਇਬਾਦਤ ਨਹੀਂ, ਉਹਨਾਂ ਬਦਕਿਸਮਤਾਂ ਨੂੰ ਸ਼ਹਾਦਤ ਵੀ ਨਹੀਂ ਮਿਲਦੀ ਹੁੰਦੀ। ਇਬਾਦਤ ਹੀ ਸ਼ਹਾਦਤ ਤੱਕ ਲਿਜਾਂਦੀ ਹੈ। ਇਕ ਸੌ ਦੱਸ ਜਪੁਜੀ ਸਾਹਿਬ ਜੀ ਦੇ ਪਾਠ ਜੋ ਲਿਖਤ ਹੈ, ਮੈਂ ਉਹੀ ਬਿਆਨ ਕਰ ਰਿਹਾ ਹਾਂ। ਪੰਜ ਗ੍ਰੰਥੀ ਦਾ ਪਾਠ ਹੱਲ ਵਾਹੁੰਦਿਆਂ ਕਰਦੇ ਸਨ। ਹੈਰਾਨਗੀ ਦੀ ਗੱਲ ਹੈ ਕਿ ਯਾਦ ਸ਼ਕਤੀ ਉਹਨਾਂ ਦੀ ਕਾਫ਼ੀ ਤੇਜ਼ ਸੀ। ਦੁਨੀਆਵੀ ਵਿਦਿਆ ਨਹੀਂ ਸੀ, ਪਰ ਦੁਨੀਆਂ ਦਾ ਹਰ ਵਿਦਵਾਨ ਕਿੰਨੀ ਮਰਜ਼ੀ ਤਾਕਤ ਤੇ ਜ਼ੋਰ ਰੱਖਦਾ ਹੋਵੇ, ਬਾਬਾ ਜਰਨੈਲ ਸਿੰਘ ਜੀ ਦੇ ਸਾਹਮਣੇ ਉਹਦੀ ਜ਼ਬਾਨ 'ਤੇ ਤਾਲਾ ਲੱਗ ਜਾਂਦਾ ਸੀ। ਉਹਨਾਂ ਨੇ ਦੱਖਣੀ ਓਅੰਕਾਰ ਦੀ ਬਾਣੀ ਤੇ ਸਿਧ ਗੋਸ਼ਟ ਦੀ ਬਾਣੀ, ਇਕ ਇਕ ਦਿਨ ਵਿਚ ਚੇਤੇ ਕੀਤੀ। ਉਹਨਾਂ 13 ਦਿਨਾਂ ਵਿਚ ਸੁਖਮਨੀ ਸਾਹਿਬ ਜ਼ਬਾਨੀ ਕੰਠ ਕੀਤਾ। ਤੇ ਗੁਰਮੁਖੋ ! ਅੱਠਾਂ ਘੰਟਿਆਂ ਵਿਚ ਮਹਾਂ ਪੁਰਸ਼ ਨੇ ਆਸਾ ਦੀ ਵਾਰ ਚੇਤੇ ਕਰ ਲਈ। ਇਹ ਵੀ ਇੰਨੀ ਵੱਡੀ ਕਮਾਈ ਹੈ। ਕਮਾਈ ਤੋਂ ਬਿਨਾਂ ਸ਼ਹਾਦਤ ਕਿਸ ਨੂੰ ਮਿਲ ਸਕਦੀ ਹੈ। ਉਹਨਾਂ ਦਾ ਬਾਣੀ ਦਾ ਅਭਿਆਸ, ਉਹਨਾਂ ਦਾ ਬਾਣੀ ਨਾਲ ਪਿਆਰ, ਤੇ ਬਾਣੀ ਨਾਲ ਆਪ ਅੰਤਰ ਆਤਮੇ ਇਤਨੇ ਜੁੜੇ ਕਿ ਇਹਨਾਂ ਦੀ ਮਿਸਾਲ ਰਹਿੰਦੀ ਦੁਨੀਆਂ ਤਕ ਨਹੀਂ ਮਿਲਣੀ। ਯਾਦ ਰੱਖਣਾ, ਦੁਨੀਆਂ ਦੇ ਲੋਕ ਸ਼ਬਦਾਂ ਦੇ ਪਿੱਛੇ ਆਣ ਕੇ ਆਪਣੇ ਈਮਾਨ ਤੋਂ ਫਿਰ ਸਕਦੇ ਹਨ।

ਦੁਨੀਆਂ ਤਾਂ ਵਾਜਾ ਹੈ। ਜਿਹੋ ਜਿਹੀ ਲੋਕ ਸੁਰ 'ਤੇ ਹੱਥ ਰੱਖਦੇ ਨੇ, ਉਹੋ ਜਿਹੀ ਸੁਰ 'ਤੇ ਲੋਕ ਵਜਣ ਲੱਗ ਪੈਂਦੇ ਹਨ। ਪਰ ਕਰਨੀ ਵਾਲਾ ਮਹਾਂਪੁਰਸ਼ ਉਹ ਹੈ, ਜਿਸ ਦੇ ਸਿਰ 'ਤੇ ਗੁਰੂ ਗੋਬਿੰਦ ਸਿੰਘ ਜੀ ਦਾ ਹੱਥ ਹੋਵੇ। ਸਾਰੀ ਦੁਨੀਆਂ ਤਾਂ ਵਜਾਇਆਂ ਵੱਜੇਗੀ, ਪਰ ਮਹਾਂਪੁਰਸ਼ ਕਿਸੇ ਦੇ ਵਜਾਇਆਂ ਵੱਜਦਾ ਨਹੀਂ।

ਸ਼ਹੀਦ ਕੀ ਹੈ ? ਇਥੇ ਮੈਂ ਫਿਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਤਾਂ ਉਹਨਾਂ ਦੀ ਕਮਾਈ ਸੀ। ਜਿਨ੍ਹਾਂ ਨੇ ਉਹਨਾਂ ਦੀ ਸੰਗਤ ਮਾਣੀ, ਉਹ ਹੀ ਦੱਸ ਰਹੇ ਸਨ। ਉਹਨਾਂ ਦੇ ਸ਼ਬਦ ਦੀ ਕਮਾਈ, ਉਹਨਾਂ ਦੇ ਬੋਲਾਂ ਵਿਚ ਕਹਿਰਾਂ ਦਾ ਦਰਦ ਤੇ ਚੀਕਾਂ ਦੇ ਪ੍ਰਤੀ ਉਹਨਾਂ ਦੇ ਸ਼ਬਦਾਂ ਵਿਚ ਇਕ ਇਕ ਚੰਗਿਆੜੀ ਸੀ। ਚੇਤੇ ਰੱਖੋ, ਇਕ ਇਕ ਚੰਗਿਆੜੀ ਨੇ ਵੱਡੇ-ਵੱਡੇ ਭਾਂਬੜ ਪੈਦਾ ਕਰ ਦਿੱਤੇ।

ਸ਼ਹੀਦ ਕੀ ਹੈ ? ਸ਼ਹੀਦ ਮਾਵਾਂ ਦੀ ਕੁੱਖ ਤੋਂ ਜਨਮ ਲੈਂਦੇ ਹਨ। ਜਿਤਨੇ ਵੀ ਅੱਜ ਤੱਕ ਸੱਚ ਦੇ ਰਸਤੇ 'ਤੇ ਚੱਲਣ ਵਾਲੇ ਹੋਏ ਹਨ, ਕਿਸੇ ਕੌਮ ਦੇ ਵੀ ਹੋਏ ਹੋਣ। ਵਕਤੀ ਤੌਰ 'ਤੇ ਹਰ ਜੀਊਂਦਾ ਹੋਇਆ ਬੰਦਾ ਸ਼ਹੀਦ ਹੁੰਦਾ ਹੈ ਤੇ ਹਕੂਮਤਾਂ ਹਮੇਸ਼ਾਂ ਸ਼ਹੀਦਾਂ ਨੂੰ ਮੁਜਰਿਮ, ਬਾਗ਼ੀ ਆਖਦੀਆਂ ਆਈਆਂ ਹਨ। ਸ਼ਹੀਦ ਵਕਤ ਦੀ ਹਕੂਮਤ ਵਿਚ ਮੁਜਰਿਮ ਬਣ ਕੇ ਰਿਹਾ। ਸ਼ਹੀਦ ਮਾਵਾਂ ਦੀ ਗੋਦ ਵਿਚੋਂ ਪੈਦਾ ਨਹੀਂ ਹੁੰਦੇ। ਸ਼ਾਇਦ ਜੇ ਮਾਵਾਂ ਦੀ ਗੋਦ ਵਿਚੋਂ ਪੈਦਾ ਹੁੰਦੇ ਤਾਂ ਜਿਸ ਦਿਨ ਦੀ ਸਿੱਖ ਕੌਮ ਹੈ, ਮਾਵਾਂ ਦੀਆਂ ਗੋਦਾਂ ਤੋਂ ਬੱਚੇ ਖੋਹ-ਖੋਹ ਕੇ ਸ਼ਹੀਦ ਕੀਤੇ ਜਾਂਦੇ। ਸ਼ਹੀਦ ਮਾਂ ਦੀ ਗੋਦ ਵਿਚੋਂ ਨਹੀਂ, ਸ਼ਹੀਦ ਕੌਮ ਦੀ ਗੋਦ ਵਿਚੋਂ ਪੈਦਾ ਹੁੰਦੇ ਹਨ। ਕੌਮ ਦੀ ਗੋਦ ਨਾ ਗੋਲੀਆਂ ਨਾਲ ਖ਼ਾਲੀ ਹੁੰਦੀ ਹੈ, ਨਾ ਟੈਂਕਾਂ ਨਾਲ ਖ਼ਾਲੀ ਹੁੰਦੀ ਹੈ ਤੇ ਨਾ ਹੀ ਬੰਦੂਕਾਂ ਨਾਲ ਖ਼ਾਲੀ ਹੁੰਦੀ ਹੈ।

ਜਿਹੜਾ ਸ਼ਹੀਦ ਕੌਮ ਦੀ ਗੋਦ ਵਿਚੋਂ ਨਿਕਲਦਾ ਹੈ, ਯਾਦ ਰੱਖੋ, ਉਹ ਡਿੱਗਦਾ ਜ਼ਰੂਰ ਹੈ ਇਕ ਦਿਨ, ਪਰ ਉਸ ਦੇ ਡਿੱਗਣ ਨਾਲ ਇਕ ਦਿਨ ਕੌਮ ਖੜੀ ਹੋ ਜਾਂਦੀ ਹੈ। ਉਹਦਾ ਡਿੱਗਣਾ ਢਹਿੰਦੀ ਕਲਾ ਨਹੀਂ। ਉਹ ਦੁਨੀਆਂ ਦੀ ਨਜ਼ਰ ਵਿਚ ਕਈ ਵਾਰ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਹਾਰ ਗਿਆ, ਪਰ ਚਾਰ ਦਿਨਾਂ ਤੋਂ ਬਾਅਦ ਜਿਹੜੇ ਹਰਾਉਣ ਵਾਲੇ ਸਨ, ਉਹ ਵੀ ਕਹਿਣ ਲੱਗ ਪੈਂਦੇ ਹਨ ਕਿ ਜਿਸ ਤਰ੍ਹਾਂ ਬਹਾਦਰੀ ਨਾਲ ਜੂਝ ਕੇ ਮਰਿਆ ਹੈ, ਸੱਚ ਜਾਣੋ, ਅਸੀਂ ਇਹੋ ਜਿਹੀ ਲੜਾਈ ਕਦੀ ਦੇਖੀ ਨਹੀਂ। ਜਦੋਂ ਦੁਸ਼ਮਣ ਦੀ ਜ਼ਬਾਨ ਤੋਂ ਇਹ ਸ਼ਬਦ ਨਿਕਲੇ ਕਿ ਇਕ ਤਰ੍ਹਾਂ ਨਾਲ ਜੂਝ ਕੇ ਮਰਿਆ ਹੈ, ਤਾਂ ਸੱਚ ਜਾਣੋ, ਉਸ ਦਿਨ ਸ਼ਹੀਦ ਹੋਇਆ ਜਿੱਤ ਜਾਂਦਾ ਹੈ ਤੇ ਮਾਰਨ ਵਾਲਾ ਹਾਰ ਜਾਂਦਾ ਹੈ ਤੇ ਉਹਨਾਂ ਦਾ ਅੰਦਰ ਸਵੀਕਾਰ ਕਰ ਜਾਂਦਾ ਹੈ।

ਸ਼ਹੀਦ ਕੌਮ ਦੀ ਗੋਦ ਵਿਚੋਂ ਪੈਦਾ ਹੁੰਦੇ ਹਨ। ਸ਼ਹੀਦਾਂ ਨੂੰ ਗੋਲੀਆਂ, ਸ਼ਹੀਦਾਂ ਨੂੰ ਤੋਪਾਂ, ਸ਼ਹੀਦਾਂ ਨੂੰ ਜਿੰਨਾ ਮਰਜ਼ੀ ਕੋਈ ਤਸੀਹਾ ਦੇਵੇ, ਉਹ ਕਦੀ ਖ਼ਤਮ ਨਹੀਂ ਹੁੰਦੇ। ਮੇਰੇ ਮਨ ਵਿਚ ਇਕ ਖ਼ਿਆਲ ਆਇਆ ਹੈ ਕਿ ਸਿੱਖਾਂ ਵਿਚ ਸ਼ਹੀਦ ਦੀ ਰੂਹ ਹਰ ਵੇਲੇ ਵਾਪਰਦੀ ਹੈ। ਸ਼ਬਦ ਵੱਲ ਧਿਆਨ ਦੇਣਾ ਜੀ ਕਿ ਉਹ ਹਰ ਇਕ ਸਿੱਖ ਕੋਲ ਤੁਰੀ ਫਿਰਦੀ ਹੈ। ਜਿਹੜਾ ਹਿਰਦਾ ਗੁਰੂ ਨਾਨਕ ਸਾਹਿਬ ਨੂੰ ਚੰਗਾ ਲੱਗਦਾ, ਭਾਵੇਂ ਉਹ ਕਿਸ ਰੂਹ ਵਿਚ ਹੋਵੇ, ਉਹ ਰੂਹ ਪ੍ਰਵੇਸ਼ ਹੋ ਕੇ ਇਕੋ ਦਿਨ ਇਹੋ ਜਿਹਾ ਕਾਰਨਾਮਾ ਕਰ ਜਾਂਦੀ ਹੈ ਕਿ ਲੋਕ ਮੂੰਹ ਵਿਚ ਉਂਗਲੀਆਂ ਪਾ ਕੇ ਕਹਿਣ ਲੱਗ ਪੈਂਦੇ ਹਨ ਕਿ ਬੰਦਾ ਇਹ ਵੀ ਕੰਮ ਕਰ ਸਕਦਾ ਸੀ।

ਸ਼ਹੀਦ ਦੀ ਰੂਹ ਕਦੀ ਮਰਦੀ ਨਹੀਂ, ਕਦੀ ਖ਼ਤਮ ਨਹੀਂ ਹੁੰਦੀ। ਯਾਦ ਰੱਖੋ, ਉਸ ਰੂਹ ਦੀ ਸ਼ੁਰੂਆਤ ਲਾਹੌਰ ਦੀ ਤੱਤੀ ਤੱਵੀ ਤੋਂ ਹੋਈ ਸੀ। ਉਹ ਰੂਹ ਵਰਤੀ ਗੁਰੂ ਤੇਗ਼ ਬਹਾਦਰ ਜੀ ਦੇ ਅੰਦਰ। ਉਹ ਰੂਹ ਵਰਤੀ ਸ਼ਹੀਦ ਸਿੱਖਾਂ ਦੇ ਅੰਦਰ। ਉਹ ਰੂਹ ਵਰਤੀ ਬਾਬਾ ਦੀਪ ਸਿੰਘ ਜੀ ਦੇ ਅੰਦਰ। ਉਹ ਰੂਹ ਵਰਤੀ ਭਾਈ ਮਨੀ ਸਿੰਘ ਜੀ ਦੇ ਅੰਦਰ। ਉਹ ਰੂਹ ਵਰਤੀ ਭਾਈ ਤਾਰੂ ਸਿੰਘ ਜੀ ਦੇ ਅੰਦਰ। ਉਹ ਰੂਹ ਵਰਤੀ ਭਾਈ ਸੁਬੇਗ ਸਿੰਘ ਦੇ ਅੰਦਰ, ਭਾਈ ਸ਼ਾਹਬਾਜ਼ ਸਿੰਘ ਦੇ ਅੰਦਰ। ਹਕੀਕਤ ਹੈ ਕਿ ਉਹ ਰੂਹ ਬਾਬਾ ਜਰਨੈਲ ਸਿੰਘ ਜੀ ਦੇ ਅੰਦਰ ਬਾਰ-ਬਾਰ ਸ਼ਹਾਦਤ ਪ੍ਰਾਪਤ ਕਰਨ ਵਾਸਤੇ ਉਤਸ਼ਾਹ ਨਾਲ ਅੱਗੇ ਵੱਧਦੀ ਪਈ ਸੀ। ਮੈਂ ਤਾਂ ਬੇਨਤੀ ਕਰਾਂਗਾ ਕਿ ਜਿਹੋ ਜਿਹੀ ਲੜੀ ਅੱਗੇ ਸ਼ਹਾਦਤ ਦੀ ਤੁਰੀ ਹੈ, ਜਿੰਨੀ ਦੇਰ ਤੱਕ ਇਹ ਧਰਤੀ ਰਹੇਗੀ, ਸਿੱਖ ਦੇ ਅੰਦਰ ਉਹ ਸ਼ਹਾਦਤ ਦੀ ਰੂਹ ਕਿਸੇ ਨਾ ਕਿਸੇ ਰੂਹ ਵਿਚ ਜ਼ਰੂਰ ਪ੍ਰਗਟ ਹੋਵੇਗੀ। ਉਹ ਉਤਾਵਲੇ ਸਨ ਸ਼ਹਾਦਤ ਪਾਉਣ ਨੂੰ। ਉਹ ਸਿਰ ਦੇ ਉਪਰ ਕਫ਼ਨ ਪਾ ਕੇ ਤੁਰੇ। ਉਹਨਾਂ ਨੇ ਜੋ ਸ਼ਬਦ ਆਪਣੀ ਜ਼ੁਬਾਨ ਤੋਂ ਕਹੇ, ਗੁਰਮੁਖੋ ! ਉਹ ਮੁਕੰਮਲ ਕਰਕੇ ਦਿਖਾਏ। ਮੈਂ ਸ਼ਬਦ ਬੇਨਤੀ ਕਰ ਰਿਹਾ ਸੀ-

*ਣਾਣਾ ਰਣਿ ਰੂਤਉ ਨਰ ਨੇਹੀ ਕਰੈ॥*

ਸੂਰਮਾ ਉਹ ਹੈ ਜਿਹੜਾ ਦ੍ਰਿੜ੍ਹਤਾ ਨੂੰ ਆਪਣੇ ਨਾਲ ਲੈ ਕੇ ਤੁਰੇ। ਨਾ ਨਿਵੇ ਤੇ ਨਾ ਜੀਉਂਦੇ ਜੀਅ ਝੁਕੇ।

SIKHBOOKCLUB.COM

*ਨਾ ਨਿਵੈ ਨਾ ਫੁਨਿ ਸੰਚਰੈ॥*

ਨਾ ਉਹ ਕਾਫ਼ਲਾ ਬਣਾ ਕੇ ਕਿਸੇ ਹੋਰ ਟੋਲੇ ਵਾਲੇ ਪਾਸੇ ਤੁਰੇ।

*ਧੰਨਿ ਜਨਮੁ ਤਾਹੀ ਕੋ ਗਣੈ॥*

ਸਤਿਗੁਰੂ ਨੇ ਉਹਨਾਂ ਸ਼ਹੀਦਾਂ ਨੂੰ ਬਾਣੀ ਵਿਚ ਕਰਮਖੰਡ ਦੇ ਵਾਸੀ ਦੱਸਿਆ ਹੈ। ਉਹਨਾਂ ਸ਼ਹੀਦਾਂ ਨੂੰ ਪ੍ਰਮਾਤਮਾ ਦੀ ਦਰਗਾਹ ਵਿਚ ਪ੍ਰਵਾਨ ਹੋਇਆ ਦੱਸਿਆ ਹੈ।

ਅੱਜ ਮੈਂ ਸਵੇਰੇ ਅਖ਼ਬਾਰ ਵਿਚ ਪੜ੍ਹਿਆ ਕਿ ਇਕ 20 ਦਿਨਾਂ ਦਾ ਬੱਚਾ ਜਿਸ ਨੂੰ ਧਰਤੀ 'ਤੇ ਪਟਕਾ ਕੇ ਮਾਰਿਆ, ਸ਼ਹੀਦ ਕੀਤਾ ਗਿਆ। ਪੜ੍ਹਿਆ ਸੀ ਕਿ ਇਕ ਨੌਜਵਾਨ ਸ਼ਹੀਦ ਹੋਇਆ। ਘਰਵਾਲੀ ਉਹਦੀ ਕੋਲ ਹੈ। ਉਹਦਾ ਦੁੱਧ ਚੁੰਘਦਾ ਬੱਚਾ ਵੀ ਸ਼ਹੀਦ ਹੋਇਆ ਤੇ ਉਹ ਵੇਖਣ ਵਾਲਾ ਦੱਸ ਰਿਹਾ ਸੀ ਕਿ ਉਹ ਬੱਚੇ ਨੂੰ ਆਪਣੇ ਪਤੀ ਦੀ ਲਾਸ਼ ਦੀ ਹਿਕ 'ਤੇ ਪਾ ਕੇ, ਆਪ ਗੁਰੂ ਰਾਮਦਾਸ ਜੀ ਦੀ ਸਰਾਂ ਵਿਚ ਬੈਠੀ ਵਾਹਿਗੁਰੂ ਵਾਹਿਗੁਰੂ ਜੱਪਦੀ ਸੀ। ਇਕ ਬੱਚਾ ਸ਼ਹੀਦ ਹੋਇਆ ਤਾਂ ਫ਼ੌਜੀਆਂ ਨੇ ਧੂਹ ਕੇ ਉਹਦੀ ਲਾਸ਼ ਨੂੰ ਇੰਝ ਸੁੱਟਿਆ ਜਿਵੇਂ ਕੂੜੇ ਦੇ ਢੇਰ 'ਤੇ ਕੋਈ ਕੂੜਾ ਸੁੱਟਦਾ ਹੋਵੇ। ਇਥੇ ਹੀ ਬੱਸ ਨਹੀਂ, ਕਿ ਸ਼ਹੀਦ ਤੜਫਦਾ ਪਿਆ ਹੈ, ਮਾਂ ਮੂੰਹ ਵਿਚ ਪਾਣੀ ਪਾਉਣ ਲੱਗੀ ਹੈ ਤੇ ਫ਼ੌਜ ਨੇ ਬੱਟ ਮਾਰ ਕੇ ਮਾਈ ਨੂੰ ਪਰੇ ਸੁੱਟਿਆ। ਉਸ ਨੇ ਸ਼ਬਦ ਏਨੇ ਭੈੜੇ ਵਰਤੇ ਕਿ ਮੈਂ ਸੰਗਤ ਵਿਚ ਨਹੀਂ ਵਰਤ ਸਕਦਾ। ਯੇਹ ਤੋ ਹਰਿਆਨੇ

ਕੋ ਪਾਨੀ ਨਹੀਂ ਦੇਤੇ ਥੇ, ਯੇਹ ਰਾਜਸਥਾਨ ਕੋ ਪਾਨੀ ਨਹੀਂ ਦੇਤੇ ਥੇ, ਅਬ ਪਤਾ ਚੱਲੇਗਾ ਜਬ ਯੇਹ ਪਾਨੀ ਕੇ ਬਗੈਰ ਕੈਸੇ ਤੜਪ ਤੜਪ ਕੇ ਮਰੇਗਾ।

ਮੈਂ ਸੋਚਦਾ ਹਾਂ ਕਿ ਇਹ ਤਾਂ ਸਿਰਫ਼ ਕੁਝ ਗਿਣਤੀ ਦੀਆਂ ਘਟਨਾਵਾਂ ਹਨ। ਕਿਹੋ ਜਿਹਾ ਦੁਖਾਂਤ ਵਾਪਰਿਆ ? ਪਰ ਜਿਨ੍ਹਾਂ ਸ਼ਹੀਦਾਂ ਨੂੰ ਅੱਜ ਤੁਸੀਂ ਯਾਦ ਕਰਨ ਵਾਸਤੇ ਇਥੇ ਇਕੱਠੇ ਹੋਏ ਹੋ, ਬਾਬਾ ਜਰਨੈਲ ਸਿੰਘ ਜੀ ਉਹਨਾਂ ਵਿਚੋਂ ਇਕ ਉਹ ਮਹਾਨ ਸ਼ਹੀਦ ਹਨ। ਇਹ ਵੱਖਰੀ ਗੱਲ ਹੈ ਕਿ ਅੱਜ ਦਾ ਆਗੂ ਉਹਨਾਂ ਦਾ ਨਾਮ ਲੈਣ ਤੋਂ ਕੰਨੀ ਕਤਰਾਉਂਦਾ ਹੈ, ਕਿਉਂਕਿ ਅੱਜ ਉਹ ਸਰੀਰ ਵਿਚ ਜਿਉਂਦਾ ਨਹੀਂ ਹੈ। ਇਹਨਾਂ ਨੂੰ ਪਤਾ ਹੈ ਕਿ ਨਾਮ ਲਿਆ ਕਿ ਮੇਰੇ ਵੀ ਪਾਜ ਉਗੜਨਗੇ, ਪਰ ਜਦੋਂ ਵਕਤ ਦੀ ਹਨੇਰੀ ਤੇ ਤੂਫ਼ਾਨ ਇਹਨਾਂ ਸਾਰਿਆਂ ਨੂੰ ਚੁੱਕ ਕੇ ਲੈ ਜਾਵੇਗਾ ਤਾਂ ਚੇਤੇ ਰੱਖਿਉ, ਇਹਨਾਂ ਅਸਥਾਨਾਂ ਤੇ ਉਹਨਾਂ ਘਰਾਂ ਵਿਚ ਬਾਬਾ ਜਰਨੈਲ ਸਿੰਘ ਦੇ ਨਾਮ ਦੇ ਪਰਿਚਮ ਜ਼ਰੂਰ ਝੂਲਣਗੇ।

ਜਿਸ ਦਿਨ ਚਾਂਦਨੀ ਚੌਂਕ ਵਿਚ ਗੁਰੂ ਤੇਗ਼ ਬਹਾਦਰ ਜੀ ਸ਼ਹੀਦ ਕੀਤੇ ਗਏ, ਉਸ ਦਿਨ ਤਾਂ ਸੀਸ ਚੁੱਕਣ ਵਾਲਾ ਵੀ ਭੀੜ ਵਿਚ ਲੁੱਕ ਕੇ ਖਲੋਤਾ ਸੀ। ਜਿਸ ਦਿਨ ਉਹ ਸੀਸ ਚੁੱਕ ਕੇ ਲੈ ਗਿਆ, ਜਿਥੇ ਸ਼ਹੀਦ ਦੇ ਖ਼ੂਨ ਦਾ ਸੱਚਾ ਸੁੱਚਾ ਇਕ ਕਤਰਾ ਡਿੱਗ ਪਿਆ ਸੀ, ਪਿਆਰਿਉ ! ਅੱਜ ਲੱਖਾਂ ਉਸ ਥਾਂ 'ਤੇ ਆ ਕੇ ਨਮਸਕਾਰਾਂ ਪਏ ਕਰਦੇ ਹਨ। ਆਉ, ਮੈਂ ਇਕ ਸੰਖੇਪ ਬੇਨਤੀ ਹੋਰ ਕਰਨੀ ਸੀ। ਬੀਬੀਉ ਭੈਣੋ ! ਜਿਥੇ ਤੁਸੀਂ ਹਰ ਸਾਲ ਪਾਠ ਕਰਦੀਆਂ ਹੋ, ਉਥੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ 'ਤੇ ਘਟੋ ਘੱਟ ਇਕ ਪਾਠ ਆਪਾਂ ਜ਼ਰੂਰ ਕਰੀਏ। ਜਦੋਂ ਘਲੂਘਾਰੇ ਦੇ ਦਿਨ ਆਉਂਦੇ ਹਨ, ਤਾਂ ਆਪਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕਰੀਏ, ਉਹਨਾਂ ਸ਼ਹੀਦਾਂ ਨੂੰ ਯਾਦ ਕਰੀਏ ਤੇ ਸਭ ਤੋਂ ਸੱਚੀ ਸੁੱਚੀ ਸ਼ਰਧਾਂਜਲੀ ਇਹ ਹੈ ਕਿ ਅਸੀਂ ਅੰਮ੍ਰਿਤਧਾਰੀ ਹੋ ਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਬਣ ਕੇ ਬਾਣੀ ਦਾ ਅਭਿਆਸ ਕਰੀਏ। ਕੋਈ ਪਤਾ ਨਹੀਂ ਕਿ ਆਉਣ ਵਾਲੇ ਸਮੇਂ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਦੀ ਝੋਲੀ ਵਿਚ ਰਹਿਮਤ ਪਾ ਕੇ ਬੜੀ ਵੱਡੀ ਸੇਵਾ ਲੈ ਲੈਣੀ ਹੈ। ਅਸੀਂ ਕੇਵਲ ਇੰਤਜ਼ਾਰ ਕਰੀਏ ਕਿ ਕਿਸ ਘੜੀ ਉਸ ਮਾਲਕ ਦੀ ਮਿਹਰ ਵਾਪਰਦੀ ਹੈ। ਉਹਨਾਂ ਮਹਾਨ ਸ਼ਹੀਦਾਂ ਨੂੰ ਆਪ ਨੱਤ ਮਸਤਕ ਹੋਏ ਹੋ, ਜਿਨ੍ਹਾਂ ਨੇ ਇਹ ਬਾਣੀ ਦੇ ਅਰਥ ਕੀਤੇ। ਹਰਿਮੰਦਰ ਸਾਹਿਬ ਦੀ ਪ੍ਰਕਰਮਾਂ ਵਿਚ ਇਹ ਸ਼ਬਦ–

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥*

(ਅੰਗ ੧੧੦੫)

ਜਿਹੜਾ ਸੂਰਮਾ ਹੈ, ਉਹ ਰਣ ਤੱਤੇ ਵਿਚੋਂ ਭੱਜਿਆ ਨਹੀਂ, ਉਸ ਨੇ ਰਣ ਤੱਤੇ ਵਿਚ ਆਪਣੇ ਆਪ ਨੂੰ ਕੁਰਬਾਨ ਕੀਤਾ।

ਭਾਈ ਸੁਬੇਗ ਸਿੰਘ ਬਾਰੇ ਦੱਸਿਆ ਹੈ ਕਿ ਉਹਨਾਂ ਨੇ ਇਕੋ ਗੱਲ ਕਹੀ ਸੀ, ਕਿ ਬਹੁਤ

ਲੜਾਈਆਂ ਲੜੀਆਂ ਇਸ ਦੇਸ਼ ਦੀ ਖ਼ਾਤਰ, ਪਰ ਮੇਰੀ ਅੰਤਲੀ ਇੱਛਾ ਇਹ ਹੈ, ਕਿ ਧੰਨ ਗੁਰੂ ਰਾਮਦਾਸ ਜੀ ! ਮੇਰੇ ਅੰਤਲੇ ਸੁਵਾਸ ਤੇਰੇ ਦਰਬਾਰ ਵਿਚ ਨਿਕਲਣ। ਮੇਰੀ ਇਕ ਬੇਨਤੀ ਹੋਰ ਹੈ ਕਿ ਹਰ ਜਨਮ ਮੈਨੂੰ ਸਿੱਖ ਦੇ ਘਰ ਜਨਮ ਦੇਵੀਂ। ਹਰ ਜਨਮ ਮੈਂ ਤੇਰੀ ਪ੍ਰਕਰਮਾਂ ਵਿਚ ਆ ਕੇ ਸ਼ਹੀਦ ਹੋਵਾਂ। ਉਸ ਮਹਾਨ ਜਰਨੈਲ ਨੂੰ ਆਪਾਂ ਯਾਦ ਕਰੀਏ। ਵਕਤੀ ਤੌਰ 'ਤੇ ਡਰਾਵੇ ਕਰਕੇ ਅਸੀਂ ਭੁੱਲੀਏ ਨਾ, ਪਰ ਇਕ ਗੱਲ ਪੰਜਾਬੀ ਦੀਆਂ ਇਹ ਦੋ ਸਤਰਾਂ ਸਭ ਨੂੰ ਯਾਦ ਹਨ। ਉਹ ਲਿਖਦੇ ਹਨ ਕਿ ਉਹ ਹੀ ਕੌਮਾਂ ਜ਼ਿੰਦਗੀ ਵਿਚ ਜਿਊਂਦੀਆਂ ਰਹਿਣਗੀਆਂ, ਜਿਸ ਕੌਮ ਵਿਚ ਇਹੋ ਜਿਹੇ ਮਰਜੀਵੜੇ ਪੈਦਾ ਹੁੰਦੇ ਹਨ—

ਜਿਊਂਦੀਆਂ ਹਨ ਜੱਗ 'ਤੇ ਸਦਾ ਹੀ ਉਹ ਕੌਮਾਂ
ਜਿਨ੍ਹਾਂ ਕੌਮਾਂ ਨੂੰ ਮਰਨ ਦਾ ਝੱਲ ਪੈ ਜਾਵੇ।
ਮੁੱਲ ਪਵੇਗਾ ਕਦੀ ਕੁਰਬਾਨੀਆਂ ਦਾ,
ਭਾਵੇਂ ਅੱਜ ਪੈ ਜਾਵੇ ਤੇ ਭਾਵੇਂ ਕੱਲ ਪੈ ਜਾਵੇ।
ਇਹ ਸ਼ਹੀਦੀ ਵਿਅਰਥ ਨਹੀਂ ਜਾਵੇਗੀ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕ੍ਰਿਪਾ ਕਰਨ। ਮੈਂ ਸਿਰਫ਼ ਸੰਖੇਪ ਜਿਹੇ ਕੁਝ ਅੱਖਰ ਲੈਣੇ ਸਨ। ਮੈਂ ਬੇਨਤੀ ਕਰਨੀ ਹੈ ਮਹਾਂਪੁਰਖਾਂ ਦੀ ਕਮਾਈ ਬਾਰੇ ਅਤੇ ਉਹਨਾਂ ਦਾ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਪਿਆਰ ਬਾਰੇ। ਉਹ ਕੈਸਿਟ ਜਿਸ ਦਿਨ ਗ੍ਰਿਫ਼ਤਾਰੀ ਦਿੱਤੀ। ਵੈਸੇ ਚਾਹੀਦਾ ਹੈ ਕਿ ਸੰਗਤ ਤੱਕ ਉਹ ਹਰ ਚੀਜ਼ ਆਵੇ, ਜਿਸ ਦਿਨ ਮਹਿਤਾ ਚੌਂਕ ਗ੍ਰਿਫ਼ਤਾਰੀ ਦਿੱਤੀ। ਚੰਦੋਕਲਾਂ ਦੀ ਉਹ ਸਾਰੀ ਘਟਨਾ, ਜਿਸ ਵਿਚ ਪੋਥੀਆਂ ਸਣੇ ਅਗਨ ਭੇਟ ਕੀਤਾ। ਉਹ ਸ਼ਬਦ ਮਹਾਂਪੁਰਖਾਂ ਦੇ ਸੁਨਣ ਵਾਲੇ ਸਨ। ਪਰ ਦੇਖੋ ਉਹਨਾਂ ਨੇ ਸ਼ਬਦ ਕੀ ਕਹੇ ਕਿ ਮੈਂ ਜੇਲ੍ਹ ਵਿਚ ਜਾਵਾਂ ਤਾਂ ਮੈਨੂੰ ਇਹ ਖ਼ਬਰ ਮਿਲੇ ਕਿ ਸਮੁੱਚੀ ਸਿੱਖ ਕੌਮ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਨਿਸ਼ਾਨ ਸਾਹਿਬ ਦੇ ਥੱਲੇ ਇਕ ਹੋ ਗਈ ਹੈ। ਉਹਨਾਂ ਨੂੰ ਮਾਣ ਸੀ ਕੌਮ ਦੇ ਪ੍ਰਤੀ, ਗੁਰੂ ਗ੍ਰੰਥ ਸਾਹਿਬ ਜੀ ਦੀ ਭਾਵਨਾ ਪ੍ਰਤੀ ਤੇ ਅੱਜ ਜਦੋਂ ਮੈਂ ਉਹਨਾਂ ਦੀ ਕਮਾਈ ਪੜ੍ਹੀ ਤਾਂ ਫਿਰ ਯਾਦ ਕਰਾ ਦੇਵਾਂ ਕਿ ਇਕ ਸੌ ਦੱਸ ਜਪੁਜੀ ਸਾਹਿਬ ਜੀ ਦੇ ਪਾਠ ਰੋਜ਼ਾਨਾ ਕਰਨੇ, ਪੰਜ ਗ੍ਰੰਥੀ ਹੱਲ ਵਾਹੁੰਦਿਆਂ ਪੂਰੀ ਕਰ ਜਾਣੀ, ਇਕ ਦਿਨ ਵਿਚ ਸਿਧ ਗੋਸ਼ਟ, ਇਕ ਦਿਨ ਵਿਚ ਦੱਖਣੀ ਓਅੰਕਾਰ, ਤੇਰ੍ਹਾਂ ਦਿਨਾਂ ਵਿਚ ਸੁਖਮਨੀ ਸਾਹਿਬ ਤੇ ਅੱਠਾਂ ਘੰਟਿਆਂ ਵਿਚ ਆਸਾ ਦੀ ਵਾਰ ਚੇਤੇ ਕਰ ਜਾਣੀ। ਅਸਲ ਵਿਚ ਇਹ ਇਹੋ ਜਿਹਾ ਰਾਹੀ ਸੀ, ਜਿਹੜਾ ਆਪਣਾ ਪੰਥ ਬੜੀ ਜਲਦੀ ਮੁਕਾਉਣਾ ਚਾਹੁੰਦਾ ਸੀ, ਕਿਉਂਕਿ ਉਹਨੇ ਉਸ ਮੁਕਾਮ 'ਤੇ ਪਹੁੰਚਣਾ ਸੀ, ਜਿਸ ਮੁਕਾਮ 'ਤੇ ਬਾਬਾ ਅਜੀਤ ਸਿੰਘ ਜੀ ਪਹੁੰਚੇ ਸਨ।

ਆਪ ਸਭ ਦਾ ਧੰਨਵਾਦ ਇਸ ਕਰਕੇ ਮੈਂ ਕੀਤਾ ਹੈ ਕਿਉਂਕਿ ਅੱਜ ਤੁਸੀਂ ਉਹਨਾਂ ਸ਼ਹੀਦਾਂ ਦੇ ਬਾਰੇ ਜਾਨਣ ਲਈ ਇਕੱਤਰ ਹੋਏ ਹੋ। ਅਰਦਾਸ ਦਿਵਸ ਕਈ ਗੁਰਦੁਆਰੇ ਅਜੇ

ਨਹੀਂ ਮਨਾ ਰਹੇ ਹਨ ਕਿਉਂਕਿ ਉਹਨਾਂ ਨੂੰ ਡਰ ਹੈ। ਡਰੋ ਨਾ, ਘਬਰਾਉ ਨਾ, ਅੱਜ ਵੀ ਮਰਨਾ ਹੈ, ਚਾਰ ਮਣ ਅੰਨ ਹੋਰ ਖਾ ਕੇ ਵੀ ਮਰ ਜਾਵਾਂਗੇ, ਪਰ ਮਰਨਾ ਤਾਂ ਅਖ਼ੀਰ ਨੂੰ ਹੈ ਹੀ।

ਦੇਖੋ, ਘਰਾਂ ਵਿਚ ਸਾਡੇ ਬੱਚਿਆਂ ਨੇ ਤਾਂ ਬਾਬਾ ਜਰਨੈਲ ਸਿੰਘ ਨੂੰ ਵੇਖਿਆ ਵੀ ਨਹੀਂ। ਉਹ ਜਦੋਂ ਕਿਸੇ ਪਾਸੋਂ ਸੁਣਦੇ ਹਨ ਤਾਂ ਕਹਿੰਦੇ ਹਨ ਕਿ ਬਾਬਾ ਜਰਨੈਲ ਸਿੰਘ ਜੀ ਸਭ ਸੁਣਦੇ ਪਏ ਹਨ। ਇਹ ਬੱਚੇ ਕੌਣ ਹਨ ? ਇਹਨਾਂ ਵਿਚੋਂ ਹੀ ਉਹ ਸ਼ਹੀਦ ਨਿਕਲਣੇ ਹਨ, ਜਿਨ੍ਹਾਂ ਨੇ ਪ੍ਰਕਰਮਾਂ ਵਿਚ ਸ਼ਹਾਦਤ ਦਾ ਜਾਮ ਪੀਤਾ ਸੀ। ਆਪ ਸਭ ਦਾ ਧੰਨਵਾਦ ! ਇਹਨਾਂ ਨੌਜਵਾਨ ਵੀਰਾਂ ਦਾ ਵੀ, ਜਿਨ੍ਹਾਂ ਨੇ ਬੜੀ ਸੁਹਿਰਦਤਾ ਨਾਲ, ਸਿਦਕ ਨਾਲ ਉਸ ਮਹਾਂ ਪੁਰਖ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਗੁਰਮੁਖੋ ! ਅਸੀਂ ਕਹਿੰਦੇ ਹਾਂ ਕਿ ਬਾਬਾ ਦੀਪ ਸਿੰਘ ਜੀ ਨੇ ਚਾਰ ਸਰੂਪ ਲਿਖੇ। 51 ਸਾਲ ਭੋਰੇ ਵਿਚ ਬੈਠ ਕੇ ਬੰਦਗੀ ਕੀਤੀ। ਉਨ੍ਹਾਂ 51 ਸਾਲਾਂ ਦੀ ਬੰਦਗੀ ਨੇ ਦੱਸਣਾ ਸੀ ਕਿ ਤੂੰ ਦੁਨੀਆਂ ਦਾ ਇਤਿਹਾਸ ਬਦਲਣਾ ਹੈ। ਲੋਕਾਂ ਦੇ ਸਿਰ ਲਹਿ ਜਾਣ ਤੇ ਲੋਕ ਮਰ ਜਾਂਦੇ ਹਨ ਪਰ ਤੂੰ ਇਤਿਹਾਸ ਸਿਰਜਣਾ ਹੈ ਤੇ ਸਿਰ ਲਹਿਣ ਤੋਂ ਬਾਅਦ ਹਰਿਮੰਦਰ ਸਾਹਿਬ ਤੱਕ ਪਹੁੰਚਣਾ ਹੈ ਉਸ ਬੰਦਗੀ ਦੇ ਨਾਲ।

ਤੁਹਾਡੇ ਚਰਨਾਂ ਵਿਚ ਫਿਰ ਬੇਨਤੀ ਹੈ ਕਿ ਤੁਸੀਂ ਜ਼ਰੂਰ ਉਹਨਾਂ ਸ਼ਹੀਦਾਂ ਲਈ ਇਕ ਪਾਠ ਜ਼ਰੂਰ ਕਰੋ। ਜਪੁਜੀ ਸਾਹਿਬ ਕਰੋ, ਚੌਪਈ ਸਾਹਿਬ ਕਰੋ। ਕਿੰਨਾ ਚੰਗਾ ਹੋਵੇ ਜੇਕਰ ਉਹਨਾਂ ਸ਼ਹੀਦਾਂ ਲਈ ਦੇਗ ਬਣਾ ਕੇ ਘਰ ਵਿਚ ਅਰਦਾਸ ਕਰੋ ਕਿ ਸੱਚੇ ਪਾਤਿਸ਼ਾਹ ! ਉਹਨਾਂ ਦੇ ਡੁੱਲੇ ਹੋਏ ਖ਼ੂਨ ਦੇ ਵਿਚੋਂ ਰੰਗ ਨਿਕਲੇ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਕ੍ਰਿਪਾ ਕਰਨ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨਾ। ਭੁੱਲਾਂ ਚੁੱਕਾਂ ਦੀ ਖਿਮਾ !

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

SIKHBOOKCLUB.COM